ਸੋਲਵਾਂ ਸਾਲ

PARDES TIMES

16th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 16 No. 401 July 6, 2022 E-mali : info@pardestimes.com Ph 510-938-7771, 510-516-3536


## ਇਸ ਸਾਲ ਹਰ ਹਫ਼ਤੇ ਵਾਪਰ ਰਹੀ ਹੈ ਅਮਰੀਕਾ 'ਚ ਗੋਲੀਬਾਰੀ ਦੀ ਘਟਨਾ

ਸ਼ਿਕਾਗੋ- ਅਮਰੀਕਾ ਦੇ ਆਜ਼ਾਦੀ ਦਿਹਾੜੇ ਮੌਕੇ ਸ਼ਿਕਾਗੋ ਨਜ਼ਦੀਕ ਇੱਕ ਪਰੇਡ ਵਿੱਚ ਹੋਈ ਗੋਲੀਬਾਰੀ ਦੌਰਾਨ ਛੇ ਲੋਕਾਂ ਦੀ ਮੌਤ ਹੋ ਗਈ ਹੈ।



ਹਾਈਲੈਂਡ ਪਾਰਕ ਵਿਖੇ ਹੋਈ ਇਸ ਸ਼ੂਟਿੰਗ ਵਿੱਚ 24 ਲੋਕ ਜ਼ਖ਼ਮੀ ਵੀ ਹੋਏ ਹਨ। ਪੁਲਿਸ ਮੁਤਾਬਕ ਇਸ ਘਟਨਾ ਦੇ ਮੁਲਜ਼ਮ ਰੌਬਰਟ ਈ ਕ੍ਰਾਈਮੋ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। 22 ਸਾਲਾ ਰੌਬਰਟ ਨੂੰ ਇੱਕ ਘੰਟੇ ਦੀ ਜੱਦੋਜਹਿਦ ਤੋਂ ਬਾਅਦ ਪੁਲਿਸ ਨੇ ਗ੍ਰਿਫਤਾਰ ਕੀਤਾ। ਸਾਲ 2022 ਵਿੱਚ ਤਕਰੀਬਨ ਹਰ ਹਫ਼ਤੇ ਅਮਰੀਕਾ ਵਿੱਚ ਸ਼ੂਟਿੰਗ ਦੀ ਘਟਨਾ ਵਾਪਰੀ ਹੈ। ਘਟਨਾ ਉੱਪਰ ਰਾਸ਼ਟਰਪਤੀ ਜੋਅ ਬਾਇਡਨ ਨੇ ਦੁੱਖ ਜ਼ਾਹਿਰ ਕੀਤਾ ਹੈ। ਸ਼ੱਕੀ ਸ਼ੂਟਰ ਨੇ ਪਰੇਡ ਦੀ ਸ਼ੁਰੂਆਤ ਤੋਂ ਕੁਝ ਮਿੰਟਾਂ ਬਾਅਦ ਹੀ ਲੋਕਾਂ ਉਪਰ ਗੋਲੀਆਂ ਚਲਾ ਦਿੱਤੀਆਂ। ਪਰੇਡ ਦੌਰਾਨ ਕਈ ਸਮਾਗਮ ਹੋਣੇ ਸੀ ਪਰ ਘਟਨਾ ਤੋਂ ਬਾਅਦ ਉਨ੍ਹਾਂ ਨੂੰ ਰੱਦ ਕਰ ਦਿੱਤਾ ਗਿਆ।

ਇਹ ਘਟਨਾ ਵਾਲੀ ਥਾਂ 'ਤੇ ਕੁਰਸੀਆਂ, ਲੋਕਾਂ ਦਾ ਸਾਮਾਨ ਤੇ ਹੋਰ ਕਈ ਕੁਝ ਉਧਰ ਪਿਆ ਨਜ਼ਰ ਆਇਆ। ਪੁਲਿਸ ਮੁਤਾਬਕ ਪਰੇਡ ਦੇ ਨਜ਼ਦੀਕ ਇੱਕ ਦੁਕਾਨ ਦੀ ਛੱਤ 'ਤੇ ਚੜ੍ਹ ਕੇ ਗੋਲੀਆਂ ਚਲਾਈਆਂ ਗਈਆਂ ਹਨ ਅਤੇ ਸ਼ੂਟਿੰਗ ਲਈ ਵਰਤੀ ਗਈ ਵੀ ਬੰਦੂਕ ਵੀ ਬਰਾਮਦ ਕਰ ਲਈ ਗਈ ਹੈ। ਪੰਜ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ ਇੱਕ ਦੀ ਮੌਤ ਸਥਾਨਕ ਹਸਪਤਾਲ ਵਿਖੇ ਹੋਈ ਹੈ।

## ਭਗਵੰਤ ਮਾਨ ਸਰਕਾਰ 'ਚ 5 ਨਵੇਂ ਮੰਤਰੀ ਹੋਏ ਸ਼ਾਮਲ

ਚੰਡੀਗੜ੍ਹ- ਭਗਵੰਤ ਮਾਨ ਸਰਕਾਰ ਕੈਬਨਿਟ ਦਾ ਵਿਸਥਾਰ ਹੋਇਆ ਹੈ। ਕੁੱਲ ਪੰਜ ਵਿਧਾਇਕਾਂ ਨੇ ਕੈਬਨਿਟ ਮੰਤਰੀ ਦੇ ਅਹੁਦੇ ਵਜੋਂ ਸਹੁੰ ਚੁੱਕੀ ਹੈ। ਅੰਮ੍ਰਿਤਸਰ ਦੱਖਣੀ ਤੋਂ ਵਿਧਾਇਕ ਡਾ ਇੰਦਰਬੀਰ ਸਿੰਘ ਨਿੱਜਰ, ਖਰੜ ਤੋਂ ਅਨਮੋਲ ਗਗਨ ਮਾਨ, ਸੁਨਾਮ ਤੋਂ ਅਮਨ ਅਰੋੜਾ, ਸਮਾਣਾ ਤੋਂ ਚੇਤਨ ਸਿੰਘ ਜੌੜਾ ਮਾਜਰਾ ਅਤੇ ਗੁਰੂ ਹਰਸਹਾਏ ਤੋਂ ਫੌਜਾ ਸਿੰਘ ਸਰਾਰੀ ਨੇ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕੀ ਹੈ।

### ਅਮਨ ਅਰੋੜਾ

48 ਸਾਲਾ ਅਮਨ ਅਰੋੜਾ ਦੂਜੀ ਵਾਰ ਸੁਨਾਮ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਬਣੇ ਹਨ। 2017 ਵਿੱਚ ਉਹ ਪਹਿਲੀ ਵਾਰ ਵਿਧਾਇਕ ਚੁਣੇ ਗਏ ਸਨ। ਅਮਨ ਅਰੋੜਾ ਦੇ ਪਿਤਾ ਭਗਵਾਨ ਦਾਸ ਅਰੋੜਾ ਕਾਂਗਰਸ ਦੇ ਵਿਧਾਇਕ ਸਨ, ਜਿਨ੍ਹਾਂ ਨੇ 1997 ਵਿੱਚ ਇਹ ਸੀਟ ਜਿੱਤੀ ਸੀ। ਆਪਣੇ ਪਿਤਾ ਦੀ ਮੌਤ ਤੋਂ 20 ਸਾਲ ਬਾਅਦ ਅਮਨ ਅਰੋੜਾ ਨੇ ਸੁਨਾਮ ਸੀਟ ਜਿੱਤੀ ਸੀ। ਸੁਨਾਮ ਇਲਾਕਾ ਅਕਾਲੀ ਦਲ ਦਾ ਗੜ੍ਹ ਮੰਨਿਆ ਜਾਂਦਾ ਹੈ ਜਿੱਥੋਂ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਤੇ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਵਿਧਾਇਕ ਚੁਣੇ ਜਾਂਦੇ ਰਹੇ ਸਨ।



ਅਮਨ ਅਰੋੜਾ ਦਾ ਜੱਦੀ ਪਿੰਡ ਬਡਰੁੱਖਾਂ ਹੈ, ਜੋ ਕਿ ਸੁਨਾਮ ਹਲਕੇ ਵਿੱਚ ਹੀ ਪੈਂਦਾ ਹੈ, ਉਨ੍ਹਾਂ ਨੇ ਬੀਏ ਤੱਕ ਦੀ ਪੜ੍ਹਾਈ ਕੀਤੀ ਹੈ। ਅਮਨ ਅਰੋੜਾ ਪੰਜਾਬ ਦੇ ਸਭ ਤੋਂ ਅਮੀਰ ਵਿਧਾਇਕਾਂ ਵਿੱਚੋਂ ਇੱਕ ਹਨ। 2022 ਵਿੱਚ ਉਨ੍ਹਾਂ ਵੱਲੋਂ ਚੋਣ ਕਮਿਸ਼ਨ ਨੂੰ ਦਾਇਰ ਹਲਫ਼ਨਾਮੇ ਮੁਤਾਬਕ ਉਨ੍ਹਾਂ ਦੀ ਕੁੱਲ ਜਾਇਦਾਦ 88 ਕਰੋੜ ਰੁਪਏ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਦੇ ਕਿਆਸ ਲਗਾਏ ਜਾ ਰਹੇ ਸਨ। 2022 ਦੀਆਂ ਚੋਣਾਂ ਵਿੱਚ 'ਆਪ' ਦੀ ਜਿੱਤ ਮਗਰੋਂ ਉਨ੍ਹਾਂ ਨੂੰ ਕੈਬਨਿਟ ਵਿੱਚ ਥਾਂ ਮਿਲਣ ਦੀ ਪੂਰੀ ਉਮੀਦ ਸੀ, ਜੋ ਕਿ ਨਹੀਂ ਹੋਇਆ।

### ਅਨਮੋਲ ਗਗਨ ਮਾਨ

ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਖਰੜ ਸੀਟ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਨਮੋਲ ਗਗਨ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਰਣਜੀਤ ਸਿੰਘ ਗਿੱਲ ਨੂੰ 37000 ਤੋਂ ਵੱਧ ਵੋਟਾਂ ਨਾਲ ਹਰਾਇਆ ਸੀ । 31 ਸਾਲਾ ਅਨਮੋਲ ਗਗਨ ਮਾਨ ਨੇ ਬਾਰ੍ਹਵੀਂ ਤੱਕ ਹੀ ਪੜ੍ਹਾਈ ਕੀਤੀ ਹੈ। ਉਹ ਪੇਸ਼ੇ ਤੋਂ ਇੱਕ ਪੰਜਾਬੀ ਗਾਇਕਾ ਹਨ। ਉਨ੍ਹਾਂ ਨੇ ਸਾਲ 2020 ਵਿਚ ਆਪਣੀ ਮਾਂ ਸਮੇਤ ਆਮ ਆਦਮੀ ਪਾਰਟੀ ਜੁਆਇਨ ਕੀਤੀ ਸੀ ਜਿਸ ਤੋਂ ਬਾਅਦ ਪਾਰਟੀ ਹਾਈਕਮਾਂਡ ਨੇ ਉਨ੍ਹਾਂ ਨੂੰ ਪੰਜਾਬ ਯੂਥ ਵਿੰਗ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਸੀ। ਅਨਮੋਲ ਗਗਨ ਮਾਨ ਨੇ ਇਸ ਵਾਰ ਪਹਿਲੀ ਵਾਰ ਚੋਣ ਲੜੀ ਤੇ ਜਿੱਤੀ ਹੈ। ਅਨਮੋਲ ਗਗਨ ਨੇ ਕਈ ਗਾਣੇ ਗਾਏ ਹਨ ਪਰ 'ਕਾਲਾ ਸ਼ੇਰ' ਗਾਣੇ ਨਾਲ ਉਨ੍ਹਾਂ ਨੂੰ ਕਾਫੀ ਪ੍ਰਸਿੱਧੀ ਮਿਲੀ ਸੀ। ਅਨਮੋਲ ਗਗਨ ਮਾਨ ਆਮ ਆਦਮੀ ਪਾਰਟੀ ਦੀਆਂ ਉਨ੍ਹਾਂ 11 ਮਹਿਲਾ ਵਿਧਾਇਕਾਂ ਵਿੱਚੋਂ ਨੌਂ ਵਿੱਚ ਸ਼ਾਮਲ ਹਨ ਜੋ ਪਹਿਲੀ ਵਾਰ ਵਿਧਾਨ ਸਭਾ ਵਿੱਚ ਬੈਠ ਰਹੀਆਂ ਹਨ।

### ਇੰਦਰਬੀਰ ਸਿੰਘ ਨਿੱਜਰ

ਅੰਮ੍ਰਿਤਸਰ ਦੱਖਣੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹਨ। ਉਹ ਚੀਫ਼ ਖਾਲਸਾ ਦੀਵਾਨ ਦੇ ਮੌਜੂਦਾ ਪ੍ਰਧਾਨ ਹਨ। ਉਨ੍ਹਾਂ ਨੂੰ 16ਵੀਂ ਪੰਜਾਬ ਵਿਧਾਨ ਸਭਾ ਦਾ ਪ੍ਰੋਟੈਮ ਸਪੀਕਰ ਨਿਯੁਕਤ ਕੀਤਾ ਗਿਆ ਸੀ। ਇੰਦਰਬੀਰ ਸਿੰਘ ਨਿੱਝਰ ਨੇ ਸ੍ਰੀਨਗਰ ਤੋਂ ਐੱਮਬੀਬੀਐੱਸ ਕੀਤੀ ਅਤੇ ਅੰਮ੍ਰਿਤਸਰ ਮੈਡੀਕਲ ਕਾਲਜ ਤੋਂ ਉਨ੍ਹਾਂ ਨੇ ਐੱਮਡੀ ਕੀਤੀ ਅਤੇ ਰੇਡਿਓਲੋਜਿਸਟ ਹਨ।

ਉਹ ਅੰਮ੍ਰਿਤਸਰ ਵਿਚ ਉਹ ਇੱਕ ਡਾਇਗਨਾਸਟਿਕ ਸੈਂਟਰ ਚਲਾਉਂਦੇ ਸਨ। ਡਾ ਇੰਦਰਬੀਰ ਨਿੱਝਰ ਦਾ ਪਿਛੋਕੜ ਅਜਨਾਲਾ ਤਹਿਸੀਲ ਤੋਂ ਹੈ। ਉਹ ਡਾਕਟਰੀ ਪੇਸ਼ੇ ਦੇ ਨਾਲ ਨਾਲ ਉਹ ਅਜਨਾਲਾ ਤਹਿਸੀਲ ਉਹਦੇ ਆਲੇ ਦੁਆਲੇ ਦੇ ਇਲਾਕੇ ਵਿੱਚ ਸਮਾਜ ਭਲਾਈ ਦੇ ਕੰਮ ਵੀ ਕਰਦੇ ਰਹੇ ਹਨ। ਪੰਜਾਬ ਵਿਧਾਨ ਸਭਾ 2017 ਵਿੱਚ ਉਹ ਅੰਮ੍ਰਿਤਸਰ ਦੱਖਣੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜੇ ਸਨ ਲੇਕਿਨ ਉਸ ਵੇਲੇ ਉਹ ਜਿੱਤ ਨਹੀਂ ਸਕੇ ਸਨ। 2022 ਪੰਜਾਬ ਵਿਧਾਨ ਸਭਾ ਦੇ ਚੋਣਾਂ ਵਿੱਚ ਅੰਮ੍ਰਿਤਸਰ ਦੱਖਣੀ ਤੋਂ ਜਿੱਤੇ। ਡਾ ਨਿੱਝਰ ਦੀਆਂ ਦੋ ਬੇਟੀਆਂ ਦੇ ਪਿਤਾ ਹਨ।

### ਚੇਤਨ ਸਿੰਘ

ਚੇਤਨ ਸਿੰਘ ਜੌੜੇ ਮਾਜਰਾ 2022 ਚੋਣਾਂ ਦੌਰਾਨ ਸਮਾਣਾ ਹਲਕੇ ਤੋਂ ਆਪ ਦੇ ਵਿਧਾਇਕ ਚੁਣੇ ਗਏ। ਉਨ੍ਹਾਂ ਨੇ 39,713 ਵੋਟਾਂ ਦੇ ਫ਼ਰਕ ਨਾਲ ਜਿੱਤ ਹਾਸਲ ਕੀਤੀ ਸੀ। ਉਹ ਪਾਰਟੀ ਦੇ ਪਟਿਆਲਾ ਪੇਂਡੂ ਦੇ ਜ਼ਿਲ੍ਹਾ ਪ੍ਰਧਾਨ ਰਹਿ ਚੁੱਕੇ ਹਨ। ਉਹ ਬਾਰ੍ਹਵੀਂ ਪਾਸ ਹਨ ਅਤੇ ਉਨ੍ਹਾਂ ਦਾ ਜਨਮ 1967 ਵਿੱਚ ਹੋਇਆ ਸੀ। ਉਹ ਖੇਤੀਬਾੜੀ ਅਤੇ ਬਿਜ਼ਨਸ ਦਾ ਕੰਮ ਕਰਦੇ ਹਨ। 2019 ਵਿੱਚ ਇੱਕ ਲੜਕੀ ਨੂੰ ਅਗਵਾ ਹੋਣ ਤੋਂ ਬਚਾਉਂਦਿਆਂ ਚੇਤਨ ਸਿੰਘ ਨੂੰ ਗੋਲੀ ਵੀ ਵੱਜੀ ਸੀ।

### ਫੌਜਾ ਸਿੰਘ

ਫੌਜਾ ਸਿੰਘ ਹਲਕਾ ਗੁਰੂਹਰਸਹਾਏ ਦੇ ਪਿੰਡ ਰਾਣਾ ਪੰਜਗਰਾਈਂ ਦੇ ਰਹਿਣ ਵਾਲੇ ਹਨ ਅਤੇ ਇਸ ਦੀ ਪਿੰਡ ਵਿੱਚ ਗਿਆਰਾਂ ਏਕੜ ਜ਼ਮੀਨ ਹੈ। ਉਨ੍ਹਾਂ

(ਬਾਕੀ ਸਫਾ 3 'ਤੇ)

ਕੋਰੋਨਾ ਮਹਾਂਮਾਰੀ ਦੇ ਕਾਰਨ ਅਸੀਂ 2 ਸਾਲ ਤੋਂ ਅਖਬਾਰ ਨਹੀਂ ਛਾਪ ਸਕੇ। ਹੁਣ ਜਲਦੀ ਹੀ ਅਸੀਂ ਅਖਬਾਰ ਛਾਪ ਕੇ ਤੁਹਾਡੇ ਤੱਕ ਪਹੁੰਚਾਉਣ ਜਾ ਰਹੇ ਹਾਂ। ਸਾਰੇ ਇਸ਼ਤਿਹਾਰਦਾਤਿਆਂ, ਸਪਾਂਸਰਾਂ ਦਾ ਹੁਣ ਤੱਕ ਸਾਡੇ ਸਾਥ ਦੇਣ ਲਈ ਧੰਨਵਾਦ। ਕਿਸੇ ਵੀ ਸੱਜਣ ਨੇ ਜੇਕਰ ਕੋਈ ਇਸ਼ਤਿਹਾਰ ਆਦਿ ਦੇਣਾ ਹੋਵੇ ਤਾਂ ਸੰਪਰਕ ਕਰੋ:

**– ਬਲਬੀਰ ਸਿੰਘ ਐਮ. ਏ. (ਸੰਪਾਦਕ)** 510-938-7771


MK
Driving School
Union City
Student Driver
Sukhi Kaur
sukhi@mkdrivingschool.net
www.mkdrivingschool.net
510-461-6541
ਡਰਾਈਵਿੰਗ ਸਿਖਾਉਣ ਦਾ ਲੰਮਾ ਤਜਰਬਾ, ਆਸਾਨ ਪੰਜਾਬੀ ਭਾਸ਼ਾ ਵਿਚ ਗੱਲਬਾਤ

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44808 S. Grimmer Blvd # 208 Fremont , CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

Allstate. You're in good hands.
Avninder Singh
Insurance Specialist, CA Lic. # 0822501
Auto • Home • Life • Health • Business • Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

Raj Budwal
(Investment and Fiancial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪਹਿਲਾ ਬਜਟ ਅਤੇ ਪੰਜਾਬ ਦਾ ਅਰਥਚਾਰਾ



**ਹਮੀਰ ਸਿੰਘ**

ਆਮ ਆਦਮੀ ਪਾਰਟੀ (ਆਪ) ਦਾ ਪਲੇਠਾ ਬਜਟ ਪੰਜਾਬ ਦੇ ਗੰਭੀਰ ਆਰਥਿਕ ਸੰਕਟ ਦਾ ਪ੍ਰਗਟਾਵਾ ਹੈ। ਇਸ ਵਿਚੋਂ ਇਹ ਸੁਭਾਵਿਕ ਸੰਕੇਤ ਮਿਲਦਾ ਹੈ ਕਿ ਸੂਬੇ ਦੀ ਲੀਹੋਂ ਲੱਥੀ ਆਰਥਿਕਤਾ ਦੀ ਗੱਡੀ ਪਟੜੀ ਉੱਤੇ ਚੜ੍ਹਨੀ ਕਾਫ਼ੀ ਮੁਸ਼ਕਿਲ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਰਥਿਕ ਹਾਲਤ ਬਿਆਨ ਕਰਦਿਆਂ ਜੋ ਤੱਥ ਦਿੱਤੇ ਹਨ, ਉਹ ਗ਼ੌਰ ਕਰਨ ਵਾਲੇ ਹਨ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਗਿਆਰਵੇਂ ਨੰਬਰ ਉੱਤੇ ਹੈ। ਸਰਕਾਰ ਸਿਰ ਕਰਜ਼ਾ 2.63 ਲੱਖ ਕਰੋੜ ਰੁਪਏ ਹੋ ਗਿਆ ਹੈ। ਸੂਬੇ ਦੇ ਬੋਰਡਾਂ ਤੇ ਕਾਰਪੋਰੇਸ਼ਨਾਂ ਸਿਰ ਕਰਜ਼ਾ 55000 ਕਰੋੜ ਰੁਪਏ ਅਤੇ ਕਰਜ਼ੇ ਵਾਸਤੇ ਪੰਜਾਬ ਸਰਕਾਰ ਦੀਆਂ ਗਾਰੰਟੀਆਂ 22500 ਕਰੋੜ ਰੁਪਏ ਹਨ। ਹੁਣ ਤੱਕ 'ਆਪ' ਸਰਕਾਰ ਨੇ 8000 ਕਰੋੜ ਰੁਪਏ ਕਰਜ਼ਾ ਲਿਆ ਹੈ। ਸਰਕਾਰੀ ਕਰਜ਼ਾ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦੇ 45.23 ਫ਼ੀਸਦੀ ਤੱਕ ਪਹੁੰਚ ਗਿਆ ਹੈ। ਪਿਛਲੇ ਦਿਨੀਂ ਰਿਜ਼ਰਵ ਬੈਂਕ ਨੇ ਅਜਿਹੀ ਨਾਜ਼ੁਕ ਹਾਲਤ ਕਾਰਨ ਚਿਤਾਵਨੀ ਵੀ ਦਿੱਤੀ ਹੈ। ਇਸੇ ਵਿੱਤੀ ਸਾਲ ਦੇ ਅੰਤ ਤੱਕ ਸਰਕਾਰੀ ਕਰਜ਼ਾ ਵਧ ਕੇ 2.82 ਲੱਖ ਕਰੋੜ ਤੱਕ ਪਹੁੰਚ ਜਾਣ ਦਾ ਅਨੁਮਾਨ ਹੈ। ਪਹਿਲੀ ਜੁਲਾਈ ਤੋਂ ਜੀਐੱਸਟੀ ਵਸੂਲੀ ਦੀ ਵਿਕਾਸ ਦਰ 14 ਫ਼ੀਸਦੀ ਤੋਂ ਘੱਟ ਰਹਿਣ ਕਾਰਨ ਜੋ ਅੰਤਰ ਹੁੰਦਾ ਹੈ, ਉਸ ਦੀ ਭਰਪਾਈ ਕੇਂਦਰ ਸਰਕਾਰ ਨੇ ਕਰਨੀ ਸੀ। ਪੰਜ ਸਾਲ ਪੂਰੇ ਹੋ ਜਾਣ ਕਾਰਨ ਇਸੇ ਪਹਿਲੀ ਜੁਲਾਈ ਤੋਂ ਸੂਬੇ ਨੂੰ 14 ਤੋਂ 15 ਹਜ਼ਾਰ ਕਰੋੜ ਰੁਪਏ ਮਿਲਣੇ ਬੰਦ ਹੋ ਜਾਣਗੇ।

ਇਨ੍ਹਾਂ ਆਰਥਿਕ ਹਾਲਾਤ ਵਿਚ ਵਿੱਤ ਮੰਤਰੀ ਨੇ 1.56 ਲੱਖ ਕਰੋੜ ਰੁਪਏ ਦਾ ਕੁੱਲ ਬਜਟ ਪੇਸ਼ ਕੀਤਾ ਹੈ। ਮਾਲੀ ਖਰਚ (ੜਵਵਨੁੲ ੲਣਪੲਨਦਟਿੁਰੲ) 1.07 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਸਰਕਾਰ ਨੂੰ 95,378 ਕਰੋੜ ਰੁਪਏ ਮਾਲੀਆ ਇਕੱਠਾ ਹੋਣਾ ਹੈ। 12,553 ਕਰੋੜ ਰੁਪਏ ਦਾ ਮਾਲੀ ਘਾਟਾ ਹੈ। ਪੰਜਾਬ ਦੇਸ਼ ਦੇ ਸਾਰੇ ਰਾਜਾਂ ਵਿਚੋਂ ਪੂੰਜੀਗਤ ਖਰਚ (Caiptal Expenidture) ਦੇ ਮਾਮਲੇ ਵਿਚ ਪਛੜਿਆ ਹੋਇਆ ਹੈ। ਇਸ ਵਾਰ 10981 ਕਰੋੜ ਰੁਪਏ ਪੂੰਜੀਗਤ ਖਰਚੇ ਲਈ ਰੱਖੇ ਹਨ ਜੋ ਪਿਛਲੇ ਸਾਲ ਨਾਲੋਂ 8.9 ਫ਼ੀਸਦੀ ਦਾ ਵਾਧਾ ਦਰਸਾਉਂਦੇ ਹਨ। ਇਸ ਤੋਂ ਵੀ ਅਸਲ ਗੱਲ ਸੋਧੇ ਬਜਟ ਅਨੁਮਾਨਾਂ ਤੱਕ ਇਹ ਖਰਚ ਹੋਣ ਨਾਲ ਜੁੜੀ ਹੋਈ ਹੈ। ਇਸ ਬਜਟ ਵਿਚ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਬਾਰੇ ਕਿਹਾ ਗਿਆ ਕਿ ਇਸ ਵਾਅਦੇ ਨੂੰ ਵਿੱਤੀ ਹਾਲਾਤ ਸੁਧਰਨ ਬਾਅਦ ਪੂਰਾ ਕੀਤਾ ਜਾਵੇਗਾ। ਇਸ ਉੱਤੇ ਵੀ 12 ਹਜ਼ਾਰ ਕਰੋੜ ਰੁਪਏ ਦਾ ਖਰਚਾ ਆਵੇਗਾ। ਹੁਣ ਤੱਕ ਸਰਕਾਰ ਦੇ ਕੁੱਲ ਮਾਲੀਏ ਦਾ ਲਗਭੱਗ 66 ਫ਼ੀਸਦੀ ਹਿੱਸਾ ਪ੍ਰਤੀਬੱਧ ਖਰਚੇ ਹਨ। ਇਹ 66440 ਕਰੋੜ ਰੁਪਏ ਬਣਦੇ ਹਨ। ਇਨ੍ਹਾਂ ਵਿਚ ਤਨਖਾਹਾਂ ਲਈ 31172 ਕਰੋੜ ਰੁਪਏ, ਪੈਨਸ਼ਨਾਂ ਲਈ 15,145 ਕਰੋੜ, ਕਰਜ਼ੇ ਦੇ ਵਿਆਜ ਦੀ ਕਿਸ਼ਤ 20,122 ਕਰੋੜ ਰੁਪਏ ਅਤੇ ਬਿਜਲੀ ਸਬਸਿਡੀ 15,845 ਕਰੋੜ ਰੁਪਏ ਸ਼ਾਮਿਲ ਹੈ। ਬਿਜਲੀ ਸਬਸਿਡੀ ਵਿਚ 2503 ਕਰੋੜ ਰੁਪਏ ਉਦਯੋਗਪਤੀਆਂ, 6947 ਕਰੋੜ ਖੇਤੀ ਟਿਊਬਵੈਲਾਂ ਅਤੇ 6395 ਕਰੋੜ ਰੁਪਏ ਪਹਿਲੀ ਜੁਲਾਈ ਤੋਂ ਸਾਰੇ ਪਰਿਵਾਰਾਂ ਨੂੰ 300 ਯੂਨਿਟ ਘਰੇਲੂ ਬਿਜਲੀ ਮੁਫ਼ਤ ਦੇਣ ਦੀ ਰਾਸ਼ੀ ਸ਼ਾਮਿਲ ਹੈ। ਬਜਟ ਭਾਸ਼ਨ ਵਿਚ ਵਿੱਤ ਮੰਤਰੀ ਨੇ 26,454 ਲੋਕਾਂ ਲਈ ਸਰਕਾਰੀ ਨੌਕਰੀ ਅਤੇ 36000 ਨੂੰ ਰੈਗੂਲਰ ਕਰਨ ਦਾ ਵਾਅਦਾ ਦੁਹਰਾਇਆ ਹੈ।

ਸੂਬੇ 'ਚ ਲਗਭੱਗ 74 ਲੱਖ ਕੁਨੈਕਸ਼ਨ ਹਨ। ਬਜਟ ਭਾਸ਼ਨ ਵਿਚ ਵਿੱਤ ਮੰਤਰੀ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ 300 ਯੂਨਿਟ ਬਿਜਲੀ ਲਈ ਕੋਈ ਵੱਧ ਤੋਂ ਵੱਧ ਲੋਡ ਦੀ ਹੱਦ ਹੈ ਜਾਂ ਨਹੀਂ। ਸਰਕਾਰੀ ਚਰਚਾ ਅਨੁਸਾਰ ਇਕ ਕਿਲੋਵਾਟ ਤੋਂ ਵੱਧ ਵਾਲੇ ਖ਼ਪਤਕਾਰ ਜੇ 300 ਯੂਨਿਟ ਤੋਂ ਵੱਧ ਬਿਜਲੀ ਖ਼ਪਤ ਕਰਦੇ ਹਨ ਤਾਂ ਪੂਰਾ ਬਿਲ ਭਰਨਾ ਪਵੇਗਾ। ਇਕ ਕਿਲੋਵਾਟ ਲੋਡ ਵਾਲੇ ਅਨੁਸੂਚਿਤ ਜਾਤੀ, ਪੱਛੜੀ ਸ਼੍ਰੇਣੀ ਅਤੇ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਕਾਰਡ ਵਾਲਿਆਂ ਦੀ ਖ਼ਪਤ ਜੇ 300 ਯੂਨਿਟ ਤੋਂ ਵਧਦੀ ਹੈ, ਉਨ੍ਹਾਂ ਨੂੰ ਫਿਰ ਵੀ 300 ਯੂਨਿਟ ਮੁਫ਼ਤ ਮਿਲੇਗੀ। ਹੁਣ ਤੱਕ ਦਾ ਤਜਰਬਾ ਇਹ ਹੈ ਕਿ ਇਕ ਕਿਲੋਵਾਟ ਵਾਲੇ ਖ਼ਪਤਕਾਰਾਂ ਦੀ ਖ਼ਪਤ ਡੇਢ ਸੌ ਯੂਨਿਟ ਤੋਂ ਉੱਪਰ ਜਾਣ ਦੀ ਸੰਭਾਵਨਾ ਨਹੀਂ



ਹੁੰਦੀ। ਵੱਧ ਲੋਡ ਵਾਲੇ ਤਿੰਨ ਸੌ ਯੂਨਿਟ ਤੱਕ ਖ਼ਪਤ ਜ਼ਰੂਰ ਵਧਾ ਸਕਦੇ ਹਨ। ਇਸ ਵਾਸਤੇ ਬਿਜਲੀ ਸਬਸਿਡੀ ਬਿਲ ਵਧ ਜਾਣ ਦੀ ਸੰਭਾਵਨਾ ਹੈ। ਪਾਵਰਕੌਮ ਦਾ ਪਿਛਲਾ ਸਬਸਿਡੀ ਦਾ 8500 ਕਰੋੜ ਰੁਪਏ ਦਾ ਬਿਲ ਖੜ੍ਹਾ ਹੈ।

ਖੇਤੀਬਾੜੀ ਪੰਜਾਬ ਦੀ ਜੀਵਨ ਰੇਖਾ ਹੈ। ਬਜਟ ਵਿਚ 11560 ਕਰੋੜ ਰੁਪਏ ਰੱਖੇ ਗਏ ਹਨ। ਇਸ ਵਿਚ ਲਗਭਗ ਸੱਤ ਹਜ਼ਾਰ ਕਰੋੜ ਰੁਪਏ ਬਿਜਲੀ ਸਬਸਿਡੀ, ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਸਟਾਫ਼ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਦਾ ਲਗਭਗ ਪੌਣੇ ਚਾਰ ਸੌ ਕਰੋੜ ਅਤੇ ਖੇਤੀ ਵਿਭਾਗ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਕਰੀਬ ਦੋ ਸੌ ਕਰੋੜ ਰੁਪਿਆ ਵੀ ਹੈ। ਅਸਲ ਵਿਚ ਖੇਤੀ ਲਈ 2632 ਕਰੋੜ ਰੁਪਏ ਬਣਦੇ ਹਨ। ਪਾਣੀ ਬਚਾਉਣ ਦੇ ਨਾਮ ਉੱਤੇ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਵਾਸਤੇ 1500 ਰੁਪਏ ਪ੍ਰਤੀ ਏਕੜ ਦੇਣ ਦਾ ਐਲਾਨ ਕੀਤਾ ਹੋਇਆ ਹੈ। ਮੂੰਗੀ ਦੀ ਖਰੀਦ ਲਈ 66 ਕਰੋੜ ਰੁਪਏ ਰੱਖੇ ਹਨ। ਸਿੱਧੀ ਬਿਜਾਈ ਦਾ ਟੀਚਾ ਪੂਰਾ ਨਹੀਂ ਹੋਇਆ ਅਤੇ ਮੂੰਗੀ ਦੀ ਖਰੀਦ ਲਈ ਧਰਨੇ ਲੱਗ ਰਹੇ ਹਨ। ਖੇਤੀ ਨਾਲ ਜੁੜਿਆ ਸਭ ਤੋਂ ਵੱਡਾ ਮੁੱਦਾ ਕਿਸਾਨ ਮਜ਼ਦੂਰ ਸਿਰ ਚੜ੍ਹੇ ਕਰਜ਼ੇ ਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ। 31 ਮਾਰਚ 2017 ਤੱਕ ਕਿਸਾਨਾਂ ਸਿਰ 73777 ਕਰੋੜ ਰੁਪਏ ਸੰਸਥਾਈ ਕਰਜ਼ਾ ਸੀ ਪਰ ਕੈਪਟਨ ਸਰਕਾਰ ਨੇ ਸਿਰਫ਼ 4620 ਕਰੋੜ ਰੁਪਏ ਮੁਆਫ਼ ਕੀਤਾ। ਮੋਦੀ ਸਰਕਾਰ ਦਾ 2022 ਵਿਚ ਆਮਦਨ ਦੁੱਗਣੀ ਕਰਨ ਦਾ ਵਾਅਦਾ ਵੀ ਪੂਰਾ ਨਹੀਂ ਹੋਇਆ। ਕਰਜ਼ੇ ਦੇ ਬੋਝ ਕਾਰਨ ਕਿਸਾਨ ਅਤੇ ਮਜ਼ਦੂਰ ਅੱਜ ਵੀ ਖ਼ੁਦਕੁਸ਼ੀਆਂ ਕਰ ਰਹੇ ਹਨ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੇ ਘਰ ਘਰ ਅਧਿਐਨ ਪਿੱਛੋਂ ਸਰਕਾਰ ਨੇ ਰਾਹਤ ਦੇਣ ਦੀ ਗੱਲ ਪ੍ਰਵਾਨ ਕੀਤੀ ਸੀ। ਇਨ੍ਹਾਂ ਪਰਿਵਾਰਾਂ ਲਈ ਰਾਹਤ ਵਾਸਤੇ 2015 ਵਿਚ ਨੀਤੀ ਬਣੀ ਹੋਈ ਹੈ ਪਰ ਬਹੁਤ ਸਾਰੀਆਂ ਅਰਜ਼ੀਆਂ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਵਿਚ ਬਕਾਇਆ ਪਈਆਂ ਹਨ। ਪੀੜਤ ਪਰਿਵਾਰ ਨੂੰ ਤਿੰਨ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਮਿਲਦੀ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਚੋਣਾਂ ਸਮੇਂ ਕਿਹਾ ਸੀ ਕਿ ਕਿਸਾਨ ਮਜ਼ਦੂਰ ਖੁਦਕੁਸ਼ੀਆਂ ਬੰਦ ਕਰ ਦੇਣ, ਸਰਕਾਰ ਆਉਣ ਉੱਤੇ ਖੁਦਕੁਸ਼ੀਆਂ ਦੇ ਰੁਝਾਨ ਨੂੰ ਰੋਕਣ ਲਈ ਵੱਡੇ ਕਦਮ ਉਠਾਏ ਜਾਣਗੇ। ਸਰਕਾਰ ਨੂੰ ਇਸ ਬਾਰੇ ਨੀਤੀ ਵਿਚ ਸਪੱਸ਼ਟਤਾ ਲਿਆਉਣ ਦੀ ਜ਼ਰੂਰਤ ਹੈ।

ਨਿੱਜੀਕਰਨ ਦੇ ਮੁੱਦੇ ਬਾਰੇ ਵੀ ਸਪੱਸ਼ਟਤਾ ਦੀ ਲੋੜ ਹੈ। ਰਾਜਪੁਰਾ ਨੇੜੇ 1100 ਏਕੜ ਉੱਤੇ ਮੈਨੂਫੈਕਚਰਿੰਗ ਪਾਰਕ ਬਣਾਉਣ ਲਈ ਜ਼ਮੀਨ ਪਿਛਲੀ ਸਰਕਾਰ ਨੇ ਇਕ ਤਰ੍ਹਾਂ ਨਾਲ ਜਬਰੀ ਐਕੁਆਇਰ ਕੀਤੀ ਸੀ। ਉਸ ਪੈਸੇ ਦੇ ਖੁਰਦ-ਬੁਰਦ ਕਰਨ ਦੇ ਦੋਸ਼ਾਂ ਕਾਰਨ ਕਈ ਬੀਡੀਪੀਓ ਅਤੇ ਸਰਪੰਚ ਮੁਅੱਤਲ ਹਨ। ਇਸੇ ਤਰ੍ਹਾਂ ਲੁਧਿਆਣਾ ਨੇੜਲੇ ਪਿੰਡ ਸੇਖੋਵਾਲ (ਮੱਤੇਵਾੜਾ) ਨੇੜਲੀ 955 ਏਕੜ ਜ਼ਮੀਨ ਉੱਤੇ ਟੈਕਸਟਾਈਲ ਪਾਰਕ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਹੈ। 'ਆਪ' ਦੇ ਵੱਡੇ ਆਗੂ ਨਿਰੋਲ ਦਲਿਤ ਵਸੋਂ ਵਾਲੇ ਇਸ ਪਿੰਡ ਦੇ ਵਸਨੀਕਾਂ ਅਤੇ ਵਾਤਾਵਰਨ ਪ੍ਰੇਮੀਆਂ ਨੂੰ ਯਕੀਨ ਦਿਵਾ ਕੇ ਆਏ ਸਨ ਕਿ ਇਹ ਜ਼ਮੀਨ ਜਬਰੀ ਐਕੁਆਇਰ ਨਹੀਂ ਕਰਨ ਦਿੱਤੀ ਜਾਵੇਗੀ।

ਬਜਟ ਵਿਚ ਸਿੱਖਿਆ ਉੱਤੇ ਜ਼ੋਰ ਦਿੱਤਾ ਗਿਆ ਹੈ ਪਰ ਸਿੱਖਿਆ ਬਾਰੇ 2020 ਦੀ ਕੇਂਦਰੀ ਨੀਤੀ ਉੱਤੇ ਕੋਈ ਟਿੱਪਣੀ ਨਹੀਂ। 19000 ਤੋਂ ਵੱਧ ਸ਼ਹਿਰੀ ਸਕੂਲ ਅਤੇ ਕਰੀਬ ਤਿੰਨ ਹਜ਼ਾਰ ਦਿਹਾਤੀ ਸਕੂਲਾਂ ਦੀ ਚਾਰਦੀਵਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਅਧਿਆਪਕਾਂ ਨੂੰ ਗ਼ੈਰ-ਵਿੱਦਿਅਕ ਕੰਮਾਂ ਤੋਂ ਨਿਜਾਤ ਦਿਵਾਉਣ ਵਾਸਤੇ ਮੈਨੇਜਰ ਭਰਤੀ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਹੋਰਾਂ ਥਾਵਾਂ ਅਤੇ ਦੇਸ਼ਾਂ ਵਿਚ ਭੇਜਣ ਦੀ ਤਜਵੀਜ਼ ਹੈ। ਸਿੱਖਿਆ ਦੇ ਖੇਤਰ ਵਿਚ ਸਕੂਲਾਂ ਲਈ 13991 ਕਰੋੜ ਰੁਪਏ ਰੱਖੇ ਹਨ ਜੋ ਕੁੱਲ ਬਜਟ ਦਾ ਨੌਂ ਫ਼ੀਸਦੀ ਹਿੱਸਾ ਹੈ।

ਵਿੱਤ ਮੰਤਰੀ ਨੇ ਸਿੱਖਿਆ ਖੇਤਰ ਵਿਚ ਪਹਿਲੇ ਨੰਬਰ ਉੱਤੇ ਆਉਣ ਲਈ 25 ਸਾਲ (2047 ਤੱਕ, ਭਾਵ ਆਜ਼ਾਦੀ ਦੇ ਸੌਵੇਂ ਦਿਵਸ ਤਕ) ਦਾ ਟੀਚਾ ਰੱਖਿਆ ਹੈ। ਉੱਚ ਸਿੱਖਿਆ ਖ਼ਾਸ ਤੌਰ ਉੱਤੇ ਤਕਨੀਕੀ ਸਿੱਖਿਆ ਦੇ ਬਜਟ ਵਿਚ 47 ਫ਼ੀਸਦੀ ਵਾਧਾ ਕੀਤਾ ਗਿਆ ਹੈ। ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਨੂੰ ਨਿਯਮਤ ਕਰਨ ਸਮੇਤ ਕੋਈ ਨੀਤੀਗਤ ਐਲਾਨ ਨਹੀਂ ਕੀਤਾ ਗਿਆ।

ਸਿਹਤ ਦੇ ਖੇਤਰ ਵਿਚ 15 ਅਗਸਤ ਨੂੰ 75 ਮੁਹੱਲਾ ਕਲੀਨਿਕ ਖੋਲ੍ਹਣ ਦਾ ਐਲਾਨ ਕੀਤਾ ਗਿਆ ਹੈ। ਸੂਬੇ ਵਿਚ ਅਨੇਕਾਂ ਡਿਸਪੈਂਸਰੀਆਂ ਬਿਨਾਂ ਡਾਕਟਰਾਂ ਅਤੇ ਸਟਾਫ ਤੇ ਦਵਾਈਆਂ ਤੋਂ ਹਨ। ਪਹਿਲਾਂ ਉਨ੍ਹਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। 16 ਨਵੇਂ ਕਾਲਜ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ। ਇਹ ਸਪੱਸ਼ਟ ਨਹੀਂ ਕਿ ਉਹ ਸਰਕਾਰੀ ਖੇਤਰ ਵਿਚ ਹੋਣਗੇ ਜਾਂ ਪ੍ਰਾਈਵੇਟ ਖੇਤਰ ਵਿਚ। ਪੰਚਾਇਤਾਂ ਨੂੰ ਪੰਚਾਇਤੀ ਜ਼ਮੀਨਾਂ ਕਾਰਪੋਰੇਟ ਹਸਪਤਾਲਾਂ ਨੂੰ ਦੇਣ ਬਾਰੇ ਫ਼ਿਕਰ ਹੈ। ਵਿੱਤ ਮੰਤਰੀ ਨੇ ਕਿਹਾ ਹੈ ਕਿ ਅਣਵਰਤੀਆਂ ਜ਼ਮੀਨਾਂ ਸਸਤੀਆਂ ਦਰਾਂ ਉੱਤੇ ਉਦਯੋਗਾਂ ਲਈ ਦਿੱਤੀਆਂ ਜਾਣਗੀਆਂ। ਦਿੱਲੀ ਮਾਡਲ 'ਤੇ ਇਕ ਹੋਰ ਯੋਜਨਾ 'ਫਰਿਸ਼ਤੇ' ਸ਼ੁਰੂ ਕੀਤੀ ਗਈ ਹੈ। ਇਹ ਚੰਗੀ ਯੋਜਨਾ ਹੈ। ਸੜਕ ਦੁਰਘਟਨਾ ਵਿਚ ਜ਼ਖ਼ਮੀ ਹੋਣ ਵਾਲਿਆਂ ਦਾ ਮੁਫ਼ਤ ਇਲਾਜ ਹੋਵੇਗਾ ਅਤੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਉਣ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਸਰਕਾਰ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਵਿੱਤੀ ਪ੍ਰਬੰਧ ਵਿਚ ਸੁਧਾਰ ਦੀ ਹੈ। ਜੀਐੱਸਟੀ ਦੇ ਮਾਮਲੇ ਵਿਚ ਕਈ ਰਾਜ ਸਮਾਂ ਵਧਾਉਣ ਦੀ ਮੰਗ ਕਰ ਰਹੇ ਹਨ ਕਿ ਕੇਂਦਰ ਸਰਕਾਰ ਨੂੰ ਟੈਕਸ ਮਾਲੀਆ 14 ਫ਼ੀਸਦੀ ਤੋਂ ਘੱਟ ਦੀ ਭਰਪਾਈ ਕਰਦੇ ਰਹਿਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਵੀ ਇਹ ਕਦਮ ਉਠਾਉਣ ਦੀ ਲੋੜ ਹੈ। ਵਿਧਾਇਕਾਂ ਲਈ ਇਕ ਪੈਨਸ਼ਨ ਦੀ ਚੰਗੀ ਸ਼ੁਰੂਆਤ ਹੈ ਅਤੇ ਇਸ ਨਾਲ 19 ਕਰੋੜ ਬਚੇਗਾ ਵੀ ਪਰ ਮੁੱਖ ਸਵਾਲ ਆਬਕਾਰੀ ਨੀਤੀ ਤੋਂ ਰੱਖਿਆ ਟੀਚਾ ਪੂਰਾ ਹੋਣ ਬਾਰੇ ਹੈ। ਰੇਤ ਬਜਰੀ ਬਾਰੇ ਨੀਤੀਗਤ ਫ਼ੈਸਲੇ ਜਲਦੀ ਕਰਨ ਦੀ ਜ਼ਰੂਰਤ ਹੈ। ਇਹ ਮਾਮਲੇ ਕੇਂਦਰ-ਰਾਜ ਸਬੰਧਾਂ ਅਤੇ ਫੈਡਰਲਿਜ਼ਮ ਨਾਲ ਜੁੜੇ ਹੋਏ ਹਨ। ਲੰਮੇ ਸਮੇਂ ਲਈ ਤਾਕਤਾਂ ਦੀ ਮੁੜ ਵਿਉਂਤਬੰਦੀ ਤੋਂ ਬਿਨਾਂ ਰਾਜਾਂ ਦਾ ਕਰਜ਼ ਜਾਲ ਵਿਚੋਂ ਨਿਕਲਣਾ ਸੰਭਵ ਨਹੀਂ ਲੱਗਦਾ।

# ਅਫ਼ਗਾਨਿਸਤਾਨ ਦਾ ਹਿੰਦੂ-ਸਿੱਖ ਮੁਕਤ ਹੋਣਾ ਸੱਭਿਆਚਾਰਕ ਤਬਾਹੀ



**ਬਲਬੀਰ ਪੁੰਜ**

ਅਫ਼ਗਾਨਿਸਤਾਨ ਦਾ ਹਿੰਦੂ-ਸਿੱਖ ਮੁਕਤ ਹੋਣਾ ਹੁਣ ਅੰਤਿਮ ਗੇੜ ਵਿਚ ਹੈ। ਬੀਤੇ ਸ਼ਨਿੱਚਰਵਾਰ ਨੂੰ ਰਾਜਧਾਨੀ ਕਾਬੁਲ ਵਿਚ ਇਕ ਗੁਰਦੁਆਰੇ 'ਤੇ ਹਮਲਾ ਇਸੇ ਮਕਸਦ ਨਾਲ ਕੀਤਾ ਗਿਆ। ਇਸ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ 111 ਹਿੰਦੂਆਂ-ਸਿੱਖਾਂ ਨੂੰ ਐਮਰਜੈਂਸੀ ਈ-ਵੀਜ਼ੇ ਜਾਰੀ ਕੀਤੇ। ਉਨ੍ਹਾਂ ਦੇ ਭਾਰਤ ਪਰਤਣ 'ਤੇ ਅਫ਼ਗਾਨਿਸਤਾਨ ਵਿਚ ਹਿੰਦੂ-ਸਿੱਖ-ਬੋਧੀ ਦਾ ਨਾਮ ਲੈਣ ਵਾਲਾ ਸ਼ਾਇਦ ਹੀ ਕੋਈ ਬਚੇ। ਕਿਸੇ ਸਮੇਂ ਵਿਸ਼ਵ ਦਾ ਇਹ ਭੂ-ਭਾਗ ਹਿੰਦੂ-ਬੋਧੀ ਪਰੰਪਰਾ ਦਾ ਇਕ ਮੁੱਖ ਕੇਂਦਰ ਸੀ। ਇਹ ਤਬਾਹਕੁੰਨ ਤਬਦੀਲੀ ਲਗਪਗ ਇਕ ਹਜ਼ਾਰ ਸਾਲ ਵਿਚ ਆਪਣੀ ਮੰਜ਼ਿਲ 'ਤੇ ਪੁੱਜੀ ਹੈ। ਕੀ ਇਸ ਸੰਸਕ੍ਰਿਤਕ ਤਬਾਹੀ 'ਤੇ ਖੁੱਲ੍ਹ ਕੇ ਚਰਚਾ ਨਹੀਂ ਹੋਣੀ ਚਾਹੀਦੀ? ਜਿਸ ਦਰਸ਼ਨ ਕਾਰਨ ਅਫ਼ਗਾਨਿਸਤਾਨ ਵਿਚ ਇਹ ਸਭ ਹੋਇਆ, ਕੀ ਉਸ ਦੇ ਖ਼ੂਨੀ ਬੀਜ ਭਾਰਤੀ ਉਪ ਮਹਾਦੀਪ ਵਿਚ ਮੌਜੂਦ ਨਹੀਂ? ਕੀ ਅਫ਼ਗਾਨਿਸਤਾਨ ਦੇ ਵਰਤਮਾਨ ਵਿਚ ਪਾਕਿਸਤਾਨ, ਬੰਗਲਾਦੇਸ਼ ਅਤੇ ਖੰਡਿਤ ਭਾਰਤ ਵਿਚ ਗ਼ੈਰ-ਇਸਲਾਮੀ ਪੈਰੋਕਾਰਾਂ ਦੇ ਭਵਿੱਖ ਨੂੰ ਦੇਖਣਾ ਗ਼ਲਤ ਹੋਵੇਗਾ?

ਤਾਲਿਬਾਨ ਦੀ ਹਕੂਮਤ ਵਾਲੇ ਅਫ਼ਗਾਨਿਸਤਾਨ ਵਿਚ ਕਰਤੇ ਪਰਵਾਨ ਗੁਰਦੁਆਰਾ ਹੀ ਬਾਕੀ ਬਚਿਆ ਹੈ। ਇਸ ਗੁਰਦੁਆਰੇ 'ਤੇ ਅੱਤਵਾਦੀ ਹਮਲੇ ਦੀ ਜ਼ਿੰਮੇਵਾਰੀ ਆਈਐੱਸ ਖੁਰਾਸਾਨ ਨੇ ਲਈ ਹੈ। ਬਕੌਲ ਮੀਡੀਆ ਉਸ ਨੇ ਭਾਜਪਾ ਤੋਂ ਬਾਹਰ ਕੀਤੇ ਗਏ ਨੇਤਾਵਾਂ ਦੀ ਪੈਗੰਬਰ ਸਾਹਿਬ 'ਤੇ ਟਿੱਪਣੀ ਦੇ ਵਿਰੋਧ ਵਿਚ ਹਮਲੇ ਨੂੰ ਅੰਜਾਮ ਦਿੱਤਾ। ਕੀ ਵਾਕਈ ਅਜਿਹਾ ਹੈ? ਸੰਨ 2020 ਵਿਚ ਇਸੇ ਜੇਹਾਦੀ ਸੰਗਠਨ ਨੇ ਕਾਬੁਲ ਦੇ ਇਕ ਹੋਰ ਗੁਰਦੁਆਰੇ 'ਤੇ ਹਮਲਾ



ਕਰ ਕੇ 25 ਬੇਗੁਨਾਹ ਲੋਕਾਂ, ਜਿਨ੍ਹਾਂ ਵਿਚ ਜ਼ਿਆਦਾਤਰ ਸਿੱਖ ਸਨ, ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਲਗਪਗ ਅੱਠ ਮਹੀਨੇ ਪਹਿਲਾਂ ਤਾਲਿਬਾਨ ਦੇ ਇਕ ਧੜੇ ਨੇ ਗ਼ੈਰ-ਮੁਸਲਿਮਾਂ ਖ਼ਾਸ ਤੌਰ 'ਤੇ ਹਿੰਦੂ-ਸਿੱਖਾਂ ਨੂੰ 'ਇਸਲਾਮ ਅਪਨਾਉਣ' ਜਾਂ 'ਅਫ਼ਗਾਨਿਸਤਾਨ ਛੱਡਣ' ਵਿਚੋਂ ਕੋਈ ਇਕ ਬਦਲ ਚੁਣਨ ਨੂੰ ਕਿਹਾ ਸੀ। ਇਹੀ ਨਹੀਂ, ਚਾਹੇ ਹਾਮਿਦ ਕਰਜ਼ਈ ਦਾ ਸ਼ਾਸਨ ਹੋਵੇ ਜਾਂ ਫਿਰ ਅਸ਼ਰਫ ਗਨੀ ਦੀ ਸਰਕਾਰ, ਉਸ ਦੌਰਾਨ ਵੀ ਹਿੰਦੂਆਂ-ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਹਮਲੇ ਹੋਏ। ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿਚ ਅਫ਼ਗਾਨਿਸਤਾਨ ਵਿਚ ਹਿੰਦੂਆਂ-ਸਿੱਖਾਂ ਦੀ ਗਿਣਤੀ ਲਗਪਗ ਸੱਤ ਲੱਖ ਸੀ। ਖਾਨਾਜੰਗੀ, ਮਜ਼ਹਬੀ ਸ਼ਾਸਨ ਅਤੇ ਜੇਹਾਦ ਤੋਂ ਬਾਅਦ ਅੱਜ ਉਨ੍ਹਾਂ ਦੀ ਗਿਣਤੀ ਉਂਗਲੀਆਂ 'ਤੇ ਗਿਣਨ ਲਾਇਕ ਹੀ ਬਚੀ ਹੈ। ਜੇਕਰ ਹਾਲੀਆ ਹਮਲਾ ਪੈਗੰਬਰ ਸਾਹਿਬ ਦੇ ਅਪਮਾਨ ਦਾ ਬਦਲਾ ਲੈਣ ਲਈ ਕੀਤਾ ਗਿਆ ਤਾਂ ਅਤੀਤ ਵਿਚ ਅੱਤਵਾਦੀ ਹਿੰਦੂਆਂ-ਸਿੱਖਾਂ ਨੂੰ ਕਿਸ ਅਪਰਾਧ ਦੀ ਸਜ਼ਾ ਦਿੰਦੇ ਰਹੇ?

ਹਿੰਦੂਆਂ-ਸਿੱਖਾਂ ਨੇ ਜੋ ਕੁਝ ਅਫ਼ਗਾਨਿਸਤਾਨ ਵਿਚ ਸਹਾਰਿਆ, ਠੀਕ ਉਸੇ ਤਰ੍ਹਾਂ ਦਾ ਅਨੁਭਵ ਉਨ੍ਹਾਂ ਨੇ ਗ਼ੈਰ-ਮੁਸਲਿਮਾਂ ਦੇ ਨਾਲ ਇਸਲਾਮੀ ਮੁਲਕਾਂ ਪਾਕਿਸਤਾਨ ਤੇ ਬੰਗਲਾਦੇਸ਼ ਵਿਚ ਵੀ ਝੱਲਿਆ ਹੈ। ਇਨ੍ਹਾਂ ਸਾਰੇ ਦੇਸ਼ਾਂ

(ਬਾਕੀ ਸਫਾ 22 'ਤੇ)

# ਕੀ ਕੈਪਟਨ ਅਮਰਿੰਦਰ ਸਿੰਘ ਭਾਰਤ ਦੇ ਅਗਲੇ ਉਪ-ਰਾਸ਼ਟਰਪਤੀ ਬਣਨਗੇ?

ਨਵੀਂ ਦਿੱਲੀ – ਕੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਰਤ ਦੇ ਅਗਲੇ ਉਪ-ਰਾਸ਼ਟਰਪਤੀ ਬਣਨਗੇ? ਸਿਆਸੀ ਗਲਿਆਰਿਆਂ ਦੇ ਵਿੱਚ ਅੱਜਕੱਲ੍ਹ ਇਸ ਗੱਲ ਦੀ ਚਰਚਾ ਜੋਰਾਂ ਉਪਰ ਚੱਲ ਰਹੀ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਪ-ਰਾਸ਼ਟਰਪਤੀ ਦੇ ਅਹੁਦੇ ਲਈ ਐਨਡੀਏ ਦੇ ਉਮੀਦਵਾਰ ਹੋ ਸਕਦੇ ਹਨ। ਕੈਪਟਨ ਵੱਲੋਂ ਆਪਣੀ ਪਾਰਟੀ ਪੰਜਾਬ ਲੋਕ ਕਾਂਗਰਸ ਦਾ ਭਾਜਪਾ ਵਿੱਚ ਰਲੇਵਾਂ ਕਰਨ ਦੀਆਂ ਤਿਆਰੀਆਂ ਤੋਂ ਬਾਅਦ ਇਹ ਚਰਚਾ ਹੋਰ ਤੇਜ਼ ਹੋ ਗਈ ਹੈ। ਕੈਪਟਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਚੰਗੇ ਸਬੰਧ ਹਨ। ਕਿਹਾ ਜਾ ਰਿਹਾ ਹੈ ਕਿ ਪਾਰਟੀ 'ਚ ਰਲੇਵੇਂ ਤੋਂ ਬਾਅਦ ਉਨ੍ਹਾਂ ਦੀ ਉਮੀਦਵਾਰੀ ਦਾ ਐਲਾਨ ਕੀਤਾ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਇਸ ਸਮੇਂ ਇਲਾਜ ਲਈ ਲੰਡਨ 'ਚ ਹਨ ਅਤੇ ਉਹਨਾਂ ਦੀ ਸਰਜਰੀ ਹੋਈ ਹੈ। ਉਹ ਇਸ ਮਹੀਨੇ ਦੇ ਦੂਜੇ ਹਫ਼ਤੇ ਪੰਜਾਬ ਪਰਤਣਗੇ। ਇਸ ਤੋਂ ਬਾਅਦ ਉਹ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨਾਲ ਮੁਲਾਕਾਤ ਕਰਨਗੇ। ਦੇਸ਼ ਦੇ ਮੌਜੂਦਾ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਦਾ ਕਾਰਜਕਾਲ 11 ਅਗਸਤ ਨੂੰ ਖਤਮ ਹੋ ਰਿਹਾ ਹੈ। ਇਸ ਤੋਂ ਪਹਿਲਾਂ 6 ਅਗਸਤ ਨੂੰ ਉਪ ਰਾਸ਼ਟਰਪਤੀ ਦੀ ਚੋਣ ਹੋਣੀ ਹੈ। ਇਸ ਦੇ ਲਈ 5 ਜੁਲਾਈ ਨੂੰ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ 19 ਜੁਲਾਈ ਤੱਕ ਨਾਮਜ਼ਦਗੀਆਂ ਭਰੀਆਂ ਜਾਣਗੀਆਂ।

ਭਾਜਪਾ ਕੈਪਟਨ ਅਮਰਿੰਦਰ ਸਿੰਘ ਦੀ ਮਦਦ ਨਾਲ ਪੰਜਾਬ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਹਰ ਬਾਜ਼ੀ ਖੇਡ ਰਹੀ ਹੈ, ਖਾਸ



ਕਰਕੇ ਸਿੱਖ ਕੌਮ ਨਾਲ ਨੇੜਤਾ ਵਧਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਸਿੱਖ ਸ਼ਖ਼ਸੀਅਤਾਂ ਨੂੰ ਮਿਲ ਰਹੇ ਹਨ। ਇਸ ਦੇ ਨਾਲ ਹੀ ਲਾਲ ਕਿਲ੍ਹੇ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਉਤਸਵ ਵੀ ਮਨਾਇਆ ਗਿਆ।

ਕੈਪਟਨ ਅਮਰਿੰਦਰ ਸਿੰਘ ਪੰਜਾਬ ਦਾ ਵੱਡਾ ਸਿਆਸੀ ਆਗੂ ਹੈ। ਉਹ ਸ਼ਹਿਰਾਂ ਤੋਂ ਲੈ ਕੇ ਪਿੰਡਾਂ ਤੱਕ ਹਰ ਥਾਂ ਜਾਣੇ-ਪਛਾਣੇ ਨੇਤਾ ਹਨ। ਇਸ ਲਈ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਦੀ ਮਦਦ ਨਾਲ ਪੰਜਾਬ ਦੀਆਂ 13 ਸੀਟਾਂ 'ਤੇ ਭਾਜਪਾ ਦੀ ਨਜ਼ਰ ਹੈ। ਖੇਤੀ ਸੁਧਾਰ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਅੰਦੋਲਨ ਕਾਰਨ ਸਿੱਖ ਭਾਜਪਾ ਤੋਂ ਨਾਰਾਜ਼ ਹਨ ਅਤੇ ਇਹ ਨਾਰਾਜ਼ਗੀ ਦੂਰ ਕਰਨ ਦੇ ਲਈ ਕੈਪਟਨ ਅਮਰਿੰਦਰ ਸਿੰਘ ਅਹਿਮ ਰੋਲ ਨਿਭਾਅ ਰਹੇ ਹਨ।

ਇਸੇ ਦੌਰਾਨ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕੈਪਟਨ ਨੂੰ ਉਪ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਾਉਣ ਦੇ ਸਵਾਲ 'ਤੇ ਕਿਹਾ ਕਿ ਇਹ ਫੈਸਲਾ ਕੇਂਦਰੀ ਲੀਡਰਸ਼ਿਪ ਨੇ ਲੈਣਾ ਹੈ। ਹਾਲਾਂਕਿ ਉਨ੍ਹਾਂ ਨੇ ਇਸ ਤੋਂ ਇਨਕਾਰ ਵੀ ਨਹੀਂ ਕੀਤਾ। ਵਰਨਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਹਨ। ਉਨ੍ਹਾਂ ਦਾ ਸਾਢੇ 9 ਸਾਲ ਦਾ ਕਾਰਜਕਾਲ ਰਿਹਾ ਸੀ। ਪਿਛਲੇ ਸਾਲ ਚੋਣਾਂ ਤੋਂ 3 ਮਹੀਨੇ ਪਹਿਲਾਂ ਕਾਂਗਰਸ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਹਟਾ ਦਿੱਤਾ ਸੀ। ਕੈਪਟਨ ਨੇ ਪੰਜਾਬ ਲੋਕ ਕਾਂਗਰਸ ਦੇ ਨਾਂ ਨਾਲ ਨਵੀਂ ਪਾਰਟੀ ਬਣਾਈ। ਫਿਰ ਭਾਜਪਾ ਨਾਲ ਗਠਜੋੜ ਕਰਕੇ ਚੋਣ ਲੜੇ ਪਰ ਆਪਣੇ ਉਮੀਦਵਾਰ ਸਮੇਤ ਕੈਪਟਨ ਆਪ ਹਾਰ ਗਏ। ਚੋਣਾਂ ਦੇ ਵਿੱਚ ਭਾਜਪਾ ਨੂੰ ਵੀ ਸਿਰਫ਼ 2 ਸੀਟਾਂ ਹੀ ਮਿਲੀਆਂ। ਉਂਜ, ਇਸ ਹਾਰ ਨੂੰ ਪੰਜਾਬ ਦੇ ਲੋਕਾਂ ਦੀ ਰਵਾਇਤੀ ਪਾਰਟੀਆਂ ਤੋਂ ਬਦਲਣ ਦੀ ਇੱਛਾ ਨਾਲ ਜੋੜਿਆ ਜਾ ਰਿਹਾ ਹੈ।

# ਆਉਣ ਵਾਲੇ ਦਿਨਾਂ 'ਚ ਕਈ ਵੱਡੇ ਘਪਲਿਆਂ ਦਾ ਹੋਵੇਗਾ ਪਰਦਾਫਾਸ਼- ਭਗਵੰਤ ਮਾਨ



ਚੰਡੀਗੜ੍ਹ- ਆਮ ਆਦਮੀ ਪਾਰਟੀ ਵੱਲੋਂ ਮੰਤਰੀ ਮੰਡਲ ਦਾ ਵਿਸਥਾਰ ਕੀਤਾ ਗਿਆ। 5 ਨਵੇਂ ਮੰਤਰੀਆਂ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਗਿਆ ਹੈ। ਅਮਨ ਅਰੋੜਾ, ਡਾ ਨਿੱਝਰ, ਸਰਾਰੀ, ਜੌੜਾਮਾਜਰਾ ਤੇ ਅਨਮੋਲ ਗਗਨ ਮਾਨ ਨੂੰ ਨਵੇਂ ਮੰਤਰੀਆਂ ਵਜੋਂ ਚੁਣਿਆ ਗਿਆ ਹੈ। ਮੰਤਰੀ ਮੰਡਲ ਦੇ ਵਿਸਥਾਰ ਤੋਂ ਬਾਅਦ ਮੁੱਖ ਮੰਤਰੀ ਮਾਨ ਨੇ ਸਾਰਿਆਂ ਨੂੰ ਵਧਾਈ ਦਿੱਤੀ।

ਟਵੀਟ ਕਰਦਿਆਂ ਮੁੱਖ ਮੰਤਰੀ ਮਾਨ ਨੇ ਲਿਖਿਆ-'ਪੰਜਾਬ ਮੰਤਰੀ-ਮੰਡਲ 'ਚ ਚੁਣੇ ਜਾਣ 'ਤੇ ਸਾਰੇ ਮੰਤਰੀ ਸਾਹਿਬਾਨਾਂ ਨੂੰ ਵਧਾਈਆਂ। ਮੈਨੂੰ ਪੂਰਨ ਆਸ ਹੈ ਕਿ ਨਵੇਂ ਚੁਣੇ ਮੰਤਰੀ ਸਾਹਿਬਾਨ ਪੰਜਾਬ ਦੇ ਲੋਕਾਂ ਦੀਆਂ ਆਸਾਂ-ਉਮੀਦਾਂ 'ਤੇ ਖਰ੍ਹੇ ਉਤਰਨਗੇ।' ਆਪਣੀ ਜ਼ਿੰਮੇਵਾਰੀ ਪੰਜਾਬ-ਪੰਜਾਬੀਆਂ ਪ੍ਰਤੀ ਪੂਰੀ ਤਨਦੇਹੀ-ਦ੍ਰਿੜਤਾ ਨਾਲ ਨਿਭਾਉਣਗੇ। ਨਵੀਂ ਸ਼ੁਰੂਆਤ ਲਈ ਸਾਰਿਆਂ ਨੂੰ ਦਿਲੋਂ ਸ਼ੁੱਭਕਾਮਨਾਵਾਂ।'

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਨਵੇਂ ਚੁਣੇ ਗਏ ਵਿਧਾਇਕਾਂ ਨੂੰ 1-2 ਦਿਨਾਂ ਵਿੱਚ ਮਹਿਕਮਿਆਂ ਦੀ ਵੰਡ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਦਾ ਵਿਸਥਾਰ ਹੋਣ ਨਾਲ ਹੁਣ ਆਉਣ ਵਾਲੇ ਦਿਨਾਂ ਵਿੱਚ ਕਈ ਵੱਡੇ ਘਪਲਿਆਂ ਦਾ ਵੀ ਪਰਦਾਫਾਸ਼ ਹੋਵੇਗਾ, ਜਿਨ੍ਹਾਂ ਨੂੰ ਵੇਖ ਕੇ ਲੋਕ ਵੀ ਹੈਰਾਨ ਰਹਿ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦਾ ਜੋ 75 ਸਾਲਾਂ ਵਿੱਚ ਬੇੜਾ ਗਰਕ ਹੋਇਆ ਹੈ ਉਸ ਨੂੰ ਉਹ ਸੁਧਾਰਨਗੇ। ਤੇ ਨਵੇਂ ਮੰਤਰੀ ਨੂੰ ਦਿੱਤੇ ਜਾਣ ਵਾਲੇ ਵਿਭਾਗਾਂ ਨਾਲ ਸਰਕਾਰ ਲੋਕਾਂ ਦੇ ਜੀਵਨ 'ਚ ਤਬਦੀਲੀ ਲਿਆਵੇਗੀ।

ਮੰਤਰੀ ਨਾ ਬਣਾਏ ਜਾਣ 'ਤੇ ਕੁਝ ਵਿਧਾਇਕ ਨਾਰਾਜ਼ ਵੀ ਹਨ। ਇਸ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਕੋਲ 92 ਵਿਧਾਇਕ ਹਨ ਤੇ ਜਿਨ੍ਹਾਂ ਨੂੰ ਮੰਤਰੀ ਅਹੁਦਾ ਨਹੀਂ ਦਿੱਤਾ ਗਿਆ ਉਨ੍ਹਾਂ ਨੂੰ ਜਲਦ ਹੀ ਕੋਈ ਨਾ ਕੋਈ ਜ਼ਿੰਮੇਵਾਰੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੇਰੇ ਕੋਲ ਕਈ ਵਿਭਾਗ ਹਨ ਤੇ ਨਵੇਂ ਮੰਤਰੀਆਂ ਨੂੰ ਵੀ 1-2 ਦਿਨਾਂ ਵਿਚ ਪੋਰਟਫੋਲੀਓ ਦਿੱਤੇ ਜਾਣਗੇ।

# 'ਅਸਲੀ' ਰਾਮ ਰਹੀਮ ਜੇਲ੍ਹ ਵਿੱਚੋਂ ਕਿਥੇ ਗਾਇਬ ਹੋ ਗਿਆ?

ਚੰਡੀਗੜ੍ਹ – ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਇਕ ਅਜੀਬ ਪਟੀਸ਼ਨ ਦਾਇਰ ਕੀਤੀ ਗਈ ਹੈ। ਦੋਸ਼ ਲਾਇਆ ਗਿਆ ਹੈ ਕਿ ਰੋਹਤਕ ਜੇਲ੍ਹ 'ਚ ਬੰਦ ਗੁਰਮੀਤ ਰਾਮ ਰਹੀਮ ਫਰਜ਼ੀ ਹੈ, ਉਹ ਅਸਲੀ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨਹੀਂ ਹੈ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਅਸਲ ਡੇਰਾ ਮੁਖੀ ਨੂੰ ਅਗਵਾ ਕਰ ਲਿਆ ਗਿਆ ਹੈ। ਚੰਡੀਗੜ੍ਹ ਵਾਸੀ ਅਸ਼ੋਕ ਕੁਮਾਰ ਅਤੇ ਡੇਰੇ ਦੇ ਕਰੀਬ ਇਕ ਦਰਜਨ ਫਾਲੋਅਰਜ਼ ਨੇ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰ ਕੇ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਹੈ। ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਡੇਰੇ ਦੀ ਗੱਦੀ 'ਤੇ ਕਾਬਜ਼ ਹੋਣ ਲਈ ਅਸਲ ਡੇਰਾ ਮੁਖੀ ਨੂੰ ਅਗਵਾ ਕਰ ਕੇ ਮਾਰ ਦਿੱਤਾ ਗਿਆ ਜਾਂ ਫਿਰ ਮਾਰ ਦਿੱਤਾ ਜਾਵੇਗਾ। ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਜਿਸ ਡੇਰਾ ਮੁਖੀ ਨੂੰ ਜੇਲ੍ਹ ਵਿੱਚ ਰੱਖਿਆ ਗਿਆ ਹੈ, ਉਹ ਨਕਲੀ ਹੈ। ਹਾਈਕੋਰਟ 'ਚ ਦਾਇਰ ਪਟੀਸ਼ਨ 'ਚ ਹਰਿਆਣਾ ਸਰਕਾਰ, ਹਨੀਪ੍ਰੀਤ ਤੇ ਸਿਰਸਾ ਡੇਰਾ ਪ੍ਰਬੰਧਕ ਪੀਆਰ ਨੈਨ ਨੂੰ ਪ੍ਰਤੀਵਾਦੀ ਬਣਾਇਆ ਗਿਆ ਹੈ। ਪਟੀਸ਼ਨਰਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਅਸਲੀ ਡੇਰਾ ਮੁਖੀ ਨੂੰ ਰਾਜਸਥਾਨ ਦੇ ਉਦੈਪੁਰ ਤੋਂ ਅਗਵਾ ਕੀਤਾ ਗਿਆ ਸੀ ਤੇ ਹੁਣ ਉਹ ਨਕਲੀ ਵਿਅਕਤੀ ਨੂੰ ਅਸਲੀ ਨਾਲ ਬਦਲਣ ਦੀ ਯੋਜਨਾ ਬਣਾ ਰਹੇ ਹਨ ਜਾਂ ਬਦਲ ਦਿੱਤਾ ਗਿਆ ਹੈ। ਪਟੀਸ਼ਨ ਅਨੁਸਾਰ, ਪਟੀਸ਼ਨਕਰਤਾਵਾਂ ਦੇ ਨਾਲ-ਨਾਲ ਹੋਰ ਪੈਰੋਕਾਰਾਂ ਨੇ ਡੇਰਾ ਮੁਖੀ ਦੀ ਸ਼ਖਸੀਅਤ ਆਦਿ 'ਚ ਕਈ ਬਦਲਾਅ ਨੋਟ ਕੀਤੇ ਹਨ। ਕੱਦ ਇਕ ਇੰਚ ਵਧ ਗਿਆ ਸੀ, ਉਂਗਲਾਂ ਦੀ ਲੰਬਾਈ ਤੇ ਪੈਰਾਂ ਦਾ ਆਕਾਰ ਵੀ ਵਧ ਗਿਆ ਸੀ। ਪ੍ਰਕਾਸ਼ਿਤ ਵੀਡੀਓ ਤੇ ਤਸਵੀਰਾਂ ਦੀ ਪੜਚੋਲ ਤੋਂ ਸਪੱਸ਼ਟ ਹੈ ਕਿ ਉਸ ਦੇ ਆਪਣੇ ਚਿਹਰੇ ਤੇ ਹੱਥਾਂ 'ਚ ਮੇਕਓਵਰ ਜਾਂ ਮਾਸਕਿੰਗ ਸੀ ਜੋ ਵੀਡੀਓ ਤੋਂ ਵੀਡੀਓ 'ਚ ਬਦਲ ਗਈ।



# ਮੂਸੇਵਾਲਾ ਦੇ ਮੈਨੇਜਰ ਨੂੰ ਹਾਈਕੋਰਟ ਤੋਂ ਨਹੀਂ ਮਿਲੀ ਜ਼ਮਾਨਤ

ਚੰਡੀਗੜ੍ਹ – ਸਿੱਧੂ ਮੂਸੇਵਾਲਾ ਦੇ ਮੈਨੇਜਰ ਸ਼ਗਨਪ੍ਰੀਤ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਤੋਂ ਝਟਕਾ ਲੱਗਾ ਹੈ। ਸ਼ਗਨਪ੍ਰੀਤ ਨੂੰ ਮੋਹਾਲੀ ਦੇ ਵਿੱਕੀ ਮਿੱਢੂਖੇੜਾ ਕਤਲਕਾਂਡ ਵਿਚ ਅੰਤਰਿਮ ਜ਼ਮਾਨਤ ਨਹੀਂ ਮਿਲੀ। ਸ਼ਗਨਪ੍ਰੀਤ ਇਸ ਸਮੇਂ ਆਸਟ੍ਰੇਲੀਆ ਵਿਚ ਹੈ। ਉਥੋਂ ਹੀ ਸ਼ਗਨਪ੍ਰੀਤ ਨੇ ਅੰਤਰਿਮ ਜ਼ਮਾਨਤ ਦੀ ਪਟੀਸ਼ਨ ਪਾਈ ਸੀ। ਮਾਮਲੇ 'ਤੇ ਫਾਈਨਲ ਬਹਿਸ 6 ਜੁਲਾਈ ਨੂੰ ਹੋਵੇਗੀ। ਹਾਈਕੋਰਟ ਨੇ ਸ਼ਨਗਪ੍ਰੀਤ ਦੇ ਵਕੀਲ ਤੋਂ ਪੁੱਛਿਆ ਜੇਕਰ ਅਜੇ ਅੰਤਰਿਮ ਜ਼ਮਾਨਤ ਦੇ ਦਿੰਦੇ ਹਾਂ ਤੇ ਬਾਅਦ ਵਿਚ ਪਟੀਸ਼ਨ ਡਿਸਮਿਸ ਹੋ ਜਾਂਦੀ ਹੈ ਤਾਂ ਕੀ ਉਹ ਭਾਰਤ ਆਏਗਾ। ਇਸ 'ਤੇ ਵਕੀਲ ਨੇ ਹਾਮੀ ਭਰੀ ਪਰ ਹਾਈਕੋਰਟ ਨੇ ਇਕ ਵਾਰ ਸ਼ਗਨਪ੍ਰੀਤ ਤੋਂ ਪੁੱਛਣ ਨੂੰ ਕਿਹਾ। ਸ਼ਨਗਪ੍ਰੀਤ ਦੀ ਐਡਵੋਕੇਟ ਕਨਿਕਾ ਆਹੂਜਾ ਨੇ ਕਿਹਾ ਕਿ ਹਾਈਕੋਰਟ ਨੇ ਇਕ ਸਵਾਲ ਕੀਤਾ ਕਿ ਜੇਕਰ ਸ਼ਗਨਪ੍ਰੀਤ ਨੂੰ ਅੰਤਰਿਮ ਜ਼ਮਾਨਤ ਦੇ ਦੇਣ ਅਤੇ ਉਸ ਦੇ ਭਾਰਤ ਆਉਣ ਤੋਂ ਬਾਅਦ ਪਟੀਸ਼ਨ ਦੀ ਸੁਣਵਾਈ ਪੂਰੀ ਹੋ ਜਾਵੇ ਤਾਂ ਕੀ ਉਹ ਆਉਣ ਨੂੰ ਤਿਆਰ ਹੈ। ਵਕੀਲ ਨੇ ਇਸ ਬਾਰੇ ਵਿਚ ਹਾਂ ਕਿਹਾ ਪਰ ਕੋਰਟ ਨੇ ਉਨ੍ਹਾਂ ਨੂੰ ਇੱਕ ਦਿਨ ਦਾ ਸਮਾਂ ਦਿੱਤਾ ਕਿ ਉਹ ਸ਼ਗਨਪ੍ਰੀਤ ਤੋਂ ਪੁੱਛਣ ਕਿ ਕੀ ਉਹ ਭਾਰਤ ਪਰਤੇਗਾ। ਹਾਈਕੋਰਟ ਵਿਚ ਸਰਕਾਰੀ ਵਕੀਲ ਨੇ ਕਿਹਾ ਕਿ ਸ਼ਗਨਪ੍ਰੀਤ ਦੇ ਮਿੱਢੂਖੇੜਾ ਕਤਲਕਾਂਡ ਵਿਚ ਸ਼ਾਮਲ ਹੋਣ ਦੇ ਪੂਰੇ ਸਬੂਤ ਹਨ। ਇਸੇ ਵਜ੍ਹਾ ਨਾਲ ਉਸ ਨੂੰ ਕੇਸ ਵਿਚ ਨਾਮਜ਼ਦ ਕੀਤਾ ਗਿਆ ਹੈ।

# ਭਗਵੰਤ ਮਾਨ ਸਰਕਾਰ 'ਚ 5 ਨਵੇਂ ਮੰਤਰੀ ਹੋਏ ਸ਼ਾਮਲ

**(ਸਫਾ 1 ਦੀ ਬਾਕੀ)**

ਦੇ ਤਿੰਨ ਬੇਟੀਆਂ ਹਨ। ਇੱਕ ਧੀ ਨਿਊਜ਼ੀਲੈਂਡ ਸਟੱਡੀ ਵੀਜ਼ੇ 'ਤੇ ਗਈ ਹੋਈ ਹੈ ਅਤੇ ਦੋ ਬੇਟੀਆਂ ਪੰਜਾਬ ਵਿੱਚ ਹਨ। ਫੌਜਾ ਸਿੰਘ ਦੀ ਇੱਕ ਕੋਠੀ ਬਠਿੰਡੇ ਵਿਖੇ ਵੀ ਹੈ ਅਤੇ ਉਹ ਪੰਜਾਬ ਪੁਲਿਸ ਵਿੱਚੋਂ ਸਬ ਇੰਸਪੈਕਟਰ ਵਜੋਂ ਰਿਟਾਇਰ ਹੋਏ ਹਨ। ਇਹਨਾਂ ਨੇ ਪੋਸਟ ਗ੍ਰੈਜੂਏਸ਼ਨ ਕੀਤੀ ਹੋਈ ਹੈ। ਰਿਟਾਇਰਮੈਂਟ ਤੋਂ ਬਾਅਦ ਫੌਜਾ ਸਿੰਘ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ।

ਪਹਿਲੀ ਵਾਰ ਹਲਕਾ ਗੁਰੂਸਹਾਏ ਤੋਂ ਚੋਣ ਲੜ ਕੇ ਅਕਾਲੀ ਦਲ ਦੇ ਉਮੀਦਵਾਰ ਵਰਦੇਵ ਸਿੰਘ ਮਾਨ ਨੂੰ ਹਰਾ ਕੇ ਵਿਧਾਇਕ ਬਣੇ ਹਨ। ਇਨ੍ਹਾਂ ਦੀ ਛੋਟੀ ਧੀ ਸਿਮਰਨ ਜੀਤ ਕੌਰ ਨੇ ਫੌਜਾ ਸਿੰਘ ਨੂੰ ਕਵਰ ਕਰਨ ਲਈ ਨਾਮਜ਼ਦਗੀ ਕਾਗਜ਼ ਵੀ ਭਰੇ ਸਨ। ਹੁਣ ਉਹ ਇਨ੍ਹਾਂ ਦੇ ਨਾਲ ਰਹਿ ਰਹੀ ਹੈ ਅਤੇ ਉਨ੍ਹਾਂ ਦੇ ਕੰਮਕਾਰ ਵਿੱਚ ਹੱਥ ਵਟਾ ਰਹੀ ਹੈ।

ਇਸ ਤੋਂ ਪਹਿਲਾਂ ਕੈਬਨਿਟ ਵਿੱਚ 10 ਮੰਤਰੀ ਸਨ। ਹਾਲਾਂਕਿ ਕੁਝ ਸਮਾਂ ਪਹਿਲਾਂ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਤਹਿਤ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਸਿਹਤ ਮਹਿਕਮਾ ਵੀ ਮੁੱਖ ਮੰਤਰੀ ਭਗਵੰਤ ਮਾਨ ਕੋਲ ਚਲਾ ਗਿਆ ਸੀ।

**ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ**

ਸਹੁੰ ਚੁੱਕ ਸਮਾਗਮ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭਵਿੱਖ ਵਿੱਚ ਵਿਧਾਇਕਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਮਿਲਣਗੀਆਂ। ਉਨ੍ਹਾਂ ਨੇ ਕਿਹਾ, "ਪੰਜਾਬ ਦੇ ਲੋਕਾਂ ਨੇ ਜੋ ਸਾਡੇ ਤੋਂ ਉਮੀਦਾਂ ਰੱਖੀਆਂ ਹਨ ਅਸੀਂ ਉਨ੍ਹਾਂ 'ਤੇ ਉਤਰਾਂਗੇ, ਮੈਨੂੰ ਆਸ ਹੈ ਕਿ ਮੇਰੇ ਸਾਰੇ ਮੰਤਰੀ ਇਮਾਨਦਾਰੀ ਨਾਲ ਤੇ ਪਾਰ-ਦਰਸ਼ਿਤਾ ਨਾਲ ਕੰਮ ਕਰਨਗੇ।" "ਮੈਨੂੰ ਮੇਰੀ ਕੈਬਨਿਟ 'ਤੇ ਮਾਣ ਹੈ। ਮੈਂ ਇਹੀ ਉਮੀਦ ਕਰਦਾ ਹਾਂ ਕਿ ਜਿਹੜੀ ਜ਼ਿੰਮੇਵਾਰੀ ਉਨ੍ਹਾਂ ਨੂੰ ਮਿਲੇਗੀ ਉਹ ਉਸ ਨੂੰ ਨਿਭਾਉਣਗੇ। ਮੇਰੇ ਕੋਲ ਬਹੁਤ ਮਹਿਕਮੇ ਹਨ ਤੇ ਬਹੁਤ ਜ਼ਿਆਦਾ ਬੋਝ ਹੈ। ਆਉਣ ਵਾਲੇ ਦਿਨਾਂ ਵਿੱਚ ਵੱਡੇ ਘਪਲਿਆਂ ਦਾ ਪਰਦਾਫਾਸ਼ ਕੀਤਾ ਜਾਵੇਗਾ।" ਸਹੁੰ ਚੁੱਕਣ ਤੋਂ ਬਾਅਦ ਗੱਲ ਕਰਦਿਆਂ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਨੇ ਕਿਹਾ ਕਿ ਕੰਮ ਕਰਨ ਲਈ ਜਨੂਨ ਹੋਣਾ ਚਾਹੀਦਾ ਹੈ, ਇਸ ਨਾਲ ਕੋਈ ਬੋਝ ਨਹੀਂ ਪੈਂਦਾ। "ਅਸੀਂ ਧਰਤੀ ਨਾਲ ਜੁੜੇ ਲੋਕ ਹਾਂ, ਇਸ ਲਈ ਸਾਨੂੰ ਫਰਕ ਨਹੀਂ ਪੈਂਦਾ।" ਅਨਮੋਲ ਗਗਨ ਮਾਨ ਨੇ ਕਿਹਾ, "ਨੌਜਵਾਨਾਂ ਲਈ ਖ਼ਾਸ ਤੌਰ 'ਤੇ ਔਰਤਾਂ ਲਈ, ਕਿਉਂਕਿ ਰਾਜਨੀਤੀ ਵਿੱਚ ਔਰਤਾਂ ਨੂੰ ਪਾਰਟੀਆਂ ਨੇ ਮਹੱਤਤਾ ਨਹੀਂ ਦਿੱਤੀ, ਇਸ ਲਈ ਬੜੀ ਮਾਣ ਵਾਲੀ ਗੱਲ ਹੈ ਪਰ ਅਸਲ ਮਾਣ ਉਦੋਂ ਸਮਝਾਂਗੀ ਜਦੋਂ ਕੰਮ ਕਰ ਕੇ ਦਿਖਾਇਆ।" ਤਜਰਬੇ ਦੀ ਗੱਲ ਕਰਦਿਆਂ ਅਨਮੋਲ ਗਗਨ ਮਾਨ ਨੇ ਕਿਹਾ "ਜੇਕਰ ਤੁਹਾਡੇ ਵਿੱਚ ਕੰਮ ਕਰਨ ਦੀ ਇੱਛਾ ਸ਼ਕਤੀ ਹੈ ਤਾਂ ਤਜਰਬਾ ਆ ਹੀ ਜਾਂਦਾ ਹੈ।" ਉਨ੍ਹਾਂ ਨੇ ਕਿਹਾ, "ਔਰਤ ਹੋਣ ਦੇ ਨਾਤੇ ਮੇਰੀ ਜ਼ਿੰਮੇਵਾਰੀ ਹੈ ਕਿ ਭੈਣਾਂ ਦੀ ਆਵਾਜ਼ ਬਣਾ, ਅੱਗੇ ਆ ਕੇ ਕੰਮ ਕਰਾਂ, ਉਨ੍ਹਾਂ ਲਈ ਚੰਗਾ ਪ੍ਰੇਰਣਾ ਸਰੋਤ ਬਣਾ।"

To buy Home, business or any kind of property
Please consult before finalizing your deal or decision
To get polite and best service call
Gurjeet Rai
DRE 02149422
408-802-5303
Address - 2221 Oakland Road , Suite 268 San Jose 95131



# ਸੰਪਾਦਕੀ

## ਭਗਵੰਤ ਮਾਨ ਸਰਕਾਰ ਦੇ ਨਵੇਂ ਮੰਤਰੀ

ਸਿੱਖਾਂ ਦੀ ਸਭ ਤੋਂ ਪੁਰਾਣੀ ਧਾਰਮਿਕ ਤੇ ਵਿੱਦਿਅਕ ਸੰਸਥਾ ਚੀਫ ਖ਼ਾਲਸਾ ਦੀਵਾਨ ਦੇ ਮੁਖੀ ਤੇ ਅੰਮ੍ਰਿਤਸਰ (ਦੱਖਣੀ) ਤੋਂ ਐਮਐਲਏ ਇੰਦਰਬੀਰ ਸਿੰਘ ਨਿੱਜਰ, ਸੁਨਾਮ ਤੋਂ ਦੂਜੀ ਵਾਰ ਵਿਧਾਇਕ ਬਣੇ ਅਮਨ ਅਰੋੜਾ, ਸਾਬਕਾ ਪੁਲਿਸ ਅਧਿਕਾਰੀ ਅਤੇ ਗੁਰੂ ਹਰਸਹਾਏ ਤੋਂ ਵਿਧਾਇਕ ਫੌਜਾ ਸਿੰਘ ਸਰਾਰੀ, ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੋੜੇਮਾਜਰਾ, ਪੰਜਾਬੀ ਗਾਇਕਾ ਅਤੇ ਖਰੜ ਹਲਕੇ ਤੋਂ ਵਿਧਾਇਕਾ ਅਨਮੋਲ ਗਗਨ ਮਾਨ ਨੂੰ ਨਵੇਂ ਮੰਤਰੀਆਂ ਵਜੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਕੈਬਨਿਟ ਵਿਚ ਸ਼ਾਮਲ ਕਰ ਲਿਆ ਗਿਆ ਹੈ। ਪੰਜਾਬ ਕੈਬਨਿਟ 'ਚ ਇਨ੍ਹਾਂ ਨਵੇਂ ਮੰਤਰੀਆਂ ਦਾ ਸਵਾਗਤ ਹੈ। ਭਗਵੰਤ ਮਾਨ ਨੇ ਪਹਿਲਾਂ ਆਪਣੇ ਕੋਲ ਕਈ ਮਹਿਕਮੇ ਰੱਖੇ ਸਨ, ਉਹ ਸਾਰਾ ਬੋਝ ਹੁਣ ਉਨ੍ਹਾਂ ਦੇ ਨਵੇਂ ਸਾਥੀਆਂ ਨਾਲ ਸਾਂਝਾ ਹੋਵੇਗਾ। 'ਆਮ ਆਦਮੀ ਪਾਰਟੀ' ਦੀ ਸਰਕਾਰ ਨੇ ਪਹਿਲਾਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਮਾਮਲੇ 'ਚ ਆਪਣੇ ਹੀ ਸਿਹਤ ਮੰਤਰੀ ਵਿਜੇ ਸਿੰਗਲਾ ਦਾ ਕੋਈ ਲਿਹਾਜ਼ ਨਹੀਂ ਕੀਤਾ ਸੀ। ਉਦੋਂ ਪੂਰੀ ਦੂਨੀਆ 'ਚ ਬਹੁਤ ਵਧੀਆ ਸੰਕੇਤ ਗਿਆ ਸੀ ਤੇ ਉਸ ਤੋਂ ਬਾਅਦ ਸਭ ਨੂੰ ਸੱਚਮੁੱਚ ਇਹ ਲੱਗਣ ਲੱਗ ਪਿਆ ਹੈ ਕਿ ਹੁਣ ਪੰਜਾਬ 'ਚੋਂ ਰਿਸ਼ਵਤਖੋਰੀ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗੀ। ਫਿਰ ਸੰਗਰੂਰ ਜ਼ਿਮਨੀ ਚੋਣ ਹਾਰਨ ਤੋਂ ਬਾਅਦ 'ਆਪ' ਸਰਕਾਰ ਨੂੰ ਥੋੜ੍ਹੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਿਸ ਕਾਰਨ ਹੁਣ ਸਰਕਾਰ ਦੀ ਜ਼ਿੰਮੇਵਾਰੀ ਹੋਰ ਵੀ ਜ਼ਿਆਦਾ ਵਧ ਗਈ ਹੈ। ਨਵੇਂ ਮੰਤਰੀਆਂ ਨੂੰ ਵੀ ਜਨਤਾ ਦੀਆਂ ਆਸਾਂ 'ਤੇ ਖਰੇ ਉਤਰਨਾ ਹੋਵੇਗਾ। ਹਰ ਮੰਤਰੀ 'ਚੋਂ ਸਰਕਾਰ ਦਾ ਸ਼ੀਸ਼ਾ ਝਲਕਣਾ ਚਾਹੀਦਾ ਹੈ ਤੇ ਉਸ ਦਾ ਅਕਸ ਸਾਫ਼-ਸੁਥਰਾ ਹੀ ਹੋਣਾ ਚਾਹੀਦਾ ਹੈ। ਬੀਤੇ ਕੁਝ ਸਮੇਂ ਤੋਂ ਪੰਜਾਬ 'ਚ ਕਾਨੂੰਨ ਤੇ ਵਿਵਸਥਾ ਦਾ ਮਸਲਾ ਵੀ ਖੜ੍ਹਾ ਹੁੰਦਾ ਰਿਹਾ ਹੈ। ਸਿੱਧੂ ਮੂਸੇਵਾਲਾ ਦਾ ਕਤਲ ਉਸ ਦਾ ਸਿਖ਼ਰ ਸੀ। ਉਸ ਤੋਂ ਬਾਅਦ ਗੈਂਗਸਟਰਾਂ ਦੀਆਂ ਗ੍ਰਿਫ਼ਤਾਰੀਆਂ ਦਾ ਸ਼ੁਰੂ ਹੋਇਆ ਸਿਲਸਿਲਾ ਇਕ ਮਹੀਨਾ ਪੰਜ ਦਿਨ ਬੀਤ ਜਾਣ ਤੋਂ ਬਾਅਦ ਵੀ ਖ਼ਤਮ ਨਹੀਂ ਹੋਇਆ।

ਅਸਲ ਵਿਚ ਗੈਂਗਸਟਰਾਂ ਦੀ ਸਮੱਸਿਆ ਵੀ ਵਿਦਿਅਕ ਅਦਾਰਿਆਂ ਵਿਚ ਸਿਆਸੀ ਦਖਲ ਦੀ ਹੀ ਦੇਣ ਹੈ। ਇਹ ਨੌਜਵਾਨ ਆਪਣੇ ਕਾਲਜ ਦੇ ਦਿਨਾਂ ਤੋਂ ਹੀ ਗੈਂਗਸਟਰਾਂ ਦੇ ਢਹੇ ਚੜ੍ਹ ਕੇ ਕੁਰਾਹੇ ਪੈ ਜਾਂਦੇ ਹਨ ਅਤੇ ਫਿਰ ਨਾਜਾਇਜ਼ ਹਥਿਆਰਾਂ ਨਾਲ ਖੇਡਣਾ ਉਨ੍ਹਾਂ ਦਾ ਸ਼ੌਕ ਹੋ ਜਾਂਦਾ ਹੈ। ਉਹ ਮਜਬੂਰ ਲੋਕਾਂ ਦਾ ਫ਼ਾਇਦਾ ਉਠਾਉਂਦੇ ਹਨ। ਕਈ ਰੱਜਿਆਂ-ਪੁੱਜਿਆਂ ਨੂੰ ਧਮਕੀ ਭਰੇ ਫੋਨ ਕਰ ਕੇ ਦਿਲੀ ਖ਼ੁਸ਼ੀ ਦੇ ਨਾਲ-ਨਾਲ ਮੋਟੀਆਂ ਫਿਰੌਤੀਆਂ ਵੀ ਹਾਸਲ ਕਰਦੇ ਹਨ। ਮੁੱਖ ਮੰਤਰੀ ਤੇ ਉਨ੍ਹਾਂ ਦੇ ਸਮੂਹ ਮੰਤਰੀਆਂ ਨੂੰ ਪਹਿਲ ਦੇ ਆਧਾਰ 'ਤੇ ਅਜਿਹੇ ਮਸਲਿਆਂ ਵੱਲ ਧਿਆਨ ਦੇ ਕੇ ਕੋਈ ਵਿਵਹਾਰਕ ਤੇ ਸਾਰਥਕ ਹੱਲ ਲੱਭਣਾ ਚਾਹੀਦਾ ਹੈ। ਇਸ ਪਾਸੇ ਸਿਰਫ਼ ਸਰਕਾਰ ਨੂੰ ਹੀ ਨਹੀਂ, ਗ਼ੈਰ-ਸਰਕਾਰੀ ਜੱਥੇਬੰਦੀਆਂ, ਬੁੱਧੀਜੀਵੀਆਂ, ਲੇਖਕਾਂ ਤੇ ਸਨਅਤਕਾਰਾਂ ਨੂੰ ਵੀ ਧਿਆਨ ਦੇਣ ਦੀ ਜ਼ਰੂਰਤ ਹੈ। ਆਖ਼ਰ ਸਾਡੇ ਨੌਜਵਾਨਾਂ ਨੂੰ ਬੰਦੂਕ ਚੁੱਕਣ ਦੀ ਲੋੜ ਕਿਉਂ ਮਹਿਸੂਸ ਹੁੰਦੀ ਹੈ? ਕੀ ਕਿਤੇ ਸਾਡੇ ਸਮਾਜਿਕ ਜਾਂ ਸਰਕਾਰੀ ਢਾਂਚੇ ਵਿਚ ਕੋਈ ਨੁਕਸ ਤਾਂ ਨਹੀਂ। ਇਹ ਸਭ ਕਿਵੇਂ ਠੀਕ ਕੀਤਾ ਜਾ ਸਕਦਾ ਹੈ। ਸਿਰਫ਼ ਪੱਛਮੀ ਸੱਭਿਅਤਾਵਾਂ 'ਤੇ ਸਾਰਾ ਦੋਸ਼ ਮੜ੍ਹ ਦੇਣ ਨਾਲ ਸਾਡੇ ਬੁਨਿਆਦੀ ਮਸਲੇ ਹੱਲ ਨਹੀਂ ਹੋਣ ਲੱਗੇ। ਆਉਣ ਵਾਲੀਆਂ ਪੀੜ੍ਹੀਆਂ ਨੂੰ ਰਾਹ ਅਸੀਂ ਹੀ ਵਿਖਾਉਣਾ ਹੈ। ਇਨ੍ਹਾਂ ਨਵੇਂ ਮੰਤਰੀਆਂ ਨੂੰ ਆਪਣੇ ਸਹਿਯੋਗੀ ਮੰਤਰੀਆਂ ਨਾਲ ਮਿਲ ਕੇ ਅਜਿਹੇ ਸਾਰੇ ਮਾਮਲਿਆਂ 'ਤੇ ਵਿਚਾਰ-ਚਰਚਾ ਕਰਨੀ ਹੋਵੇਗੀ ਤੇ ਸਾਡੇ ਸਮਾਜਿਕ ਤੇ ਪ੍ਰਸ਼ਾਸਕੀ ਸਿਸਟਮ ਦੀਆਂ ਢਿੱਲੀਆਂ ਚੂਲ਼ਾਂ ਨੂੰ ਪੂਰਨਤਾ ਦੀ ਹੱਦ ਤਕ ਕੱਸਣਾ ਹੋਵੇਗਾ। ਤਾਂ ਹੀ ਪੰਜਾਬ ਆਪਣੇ ਵਿਰਸੇ-ਵਿਰਾਸਤ ਅਤੇ ਲਾਸਾਨੀ ਇਤਿਹਾਸ ਨੂੰ ਬਚਾਅ ਸਕੇਗਾ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Ranjit Kandola ,Managing Editor
email-Kandola@macloans.net
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਪਹਿਲੀ ਆਦਿਵਾਸੀ ਔਰਤ ਦਾ ਰਾਸ਼ਟਰਪਤੀ ਬਣਨ ਲਈ ਸਫਰ

**ਕ੍ਰਿਸ਼ਨ ਕੁਮਾਰ ਰੱਤੂ**

ਕਿਸੇ ਆਦਿਵਾਸੀ ਔਰਤ ਦਾ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਬਣਨਾ ਭਾਰਤੀ ਰਾਜਨੀਤੀ ਦੀ ਅਹਿਮ ਕਰਵਟ ਹੈ। ਰਾਜਨੀਤੀ ਅਰਸ਼ ਤੋਂ ਫ਼ਰਸ਼ ਤੀਕ ਦੀ ਅਦਭੁਤ ਖੇਡ ਹੈ। ਇਸ ਸ਼ਤਰੰਜ ਵਿਚ ਕੌਣ ਕਿਸ ਨੂੰ, ਕਿਵੇਂ ਤੇ ਕਿੱਥੇ ਮਾਤ ਦੇ ਦੇਵੇ, ਕੁਝ ਵੀ ਪਤਾ ਨਹੀਂ ਲੱਗਦਾ। ਅਲਬਰਟ ਡੇਵਿਡ ਨੇ ਇਸੇ ਲਈ ਹੀ ਇਸ ਨੂੰ ਅੰਨ੍ਹੇ ਘੋੜਿਆਂ ਦੀ ਰੇਸ ਕਿਹਾ ਸੀ। ਪਰ ਭਾਰਤ ਦੀ ਜਮਹੂਰੀਅਤ ਅਰਥਾਤ ਲੋਕਤੰਤਰੀ ਸਿਆਸਤ ਦਾ ਢਾਂਚਾ ਜਿਸ ਬੁਨਿਆਦ 'ਤੇ ਖੜ੍ਹਾ ਹੈ-ਉਹ ਹਜ਼ਾਰਾਂ ਖਾਮੀਆਂ ਦੇ ਬਾਵਜੂਦ ਪੂਰੀ ਦੁਨੀਆ ਵਿਚ ਮੋਹਰੀ ਹੈ। ਇਸ ਦੇ ਵੱਖਰੇ ਰੰਗ ਤੇ ਵੱਖਰੀ ਆਭਾ ਹੈ ਜੋ ਇੱਥੇ ਮਨੀ, ਮਾਫ਼ੀਆ, ਮਸਲ ਪਾਵਰ ਸਭ ਕੁਝ ਦੇ ਬਾਵਜੂਦ ਉਸ ਆਮ ਆਦਮੀ ਦਾ ਰਾਜਨੀਤਕ ਪਰਛਾਵਾਂ ਵੀ ਬਣਦਾ ਹੈ ਜਿਸ ਨੇ ਕਦੇ ਸੋਚਿਆ ਵੀ ਨਹੀਂ ਹੁੰਦਾ ਕਿ ਉਹ ਰਾਜਨੀਤੀ ਦੀਆਂ ਪੌੜੀਆਂ ਚੜ੍ਹ ਕੇ ਉਸ ਅਹੁਦੇ 'ਤੇ ਬਿਰਾਜਮਾਨ ਹੋ ਜਾਵੇਗਾ ਜੋ ਕਦੇ ਸੁਪਨੇ ਵਿਚ ਵੀ ਕਲਪਿਆ ਨਹੀਂ ਸੀ।

ਸੱਤਾਧਾਰੀ ਪਾਰਟੀ ਵੱਲੋਂ ਆਦਿਵਾਸੀ ਮਹਿਲਾ ਨੂੰ ਰਾਸ਼ਟਰਪਤੀ ਲਈ ਉਮੀਦਵਾਰ ਬਣਾਉਣਾ ਇਸੇ ਤਰਫ਼ ਇਸ਼ਾਰਾ ਕਰਦਾ ਹੈ। ਮੰਗਲਵਾਰ ਰਾਤੀਂ ਜਦੋਂ ਦਰੋਪਦੀ ਮੁਰਮੂ ਦਾ ਨਾਂ ਸੱਤਾਧਾਰੀ ਪਾਰਟੀ ਤੇ ਸਮੂਹ ਐਨਡੀਏ ਦੀਆਂ ਪਾਰਟੀਆਂ ਵੱਲੋਂ ਐਲਾਨਿਆ ਗਿਆ ਤਾਂ ਇਸ ਰਾਜਨੀਤਕ ਰੰਗ ਦੀ ਖ਼ੂਬਸੂਰਤੀ ਹੋਰ ਵੀ ਫੈਲ ਗਈ। ਅਸਲ ਵਿਚ ਭਾਰਤੀ ਰਾਜਨੀਤੀ ਦੇ ਬਦਲਦੇ ਰੰਗਾਂ ਤੇ ਰਾਜਨੀਤੀ ਦੇ ਦਾਅ-ਪੇਚਾਂ ਤੋਂ ਬਾਅਦ ਵੀ ਜੇ ਹਾਸ਼ੀਏ ਤੋਂ ਬਾਹਰ ਉਸ ਆਦਮੀ ਨੂੰ ਸਿਆਸੀ ਪਛਾਣ ਲਈ ਇਸ ਤਰ੍ਹਾਂ ਦੇ ਅਹਿਮ ਸੰਵਿਧਾਨਕ ਅਹੁਦੇ ਲਈ ਚੁਣਿਆ ਜਾਂਦਾ ਹੈ ਤਾਂ ਇਸ ਤੋਂ ਵਧੀਆ ਰਾਜਨੀਤਕ ਫ਼ੈਸਲਾ ਕੋਈ ਹੋਰ ਹੋ ਨਹੀਂ ਸਕਦਾ। ਭਾਰਤ ਦੀ ਲਗਪਗ 135 ਕਰੋੜ ਦੀ ਆਬਾਦੀ ਵਿਚ 23 ਪ੍ਰਤੀਸ਼ਤ ਉਹ ਲੋਕ ਹਨ ਜੋ ਅਜੇ ਗ਼ਰੀਬੀ ਰੇਖਾ ਤੋਂ ਥੱਲੇ ਜੀਵਨ ਗੁਜ਼ਾਰ ਰਹੇ ਹਨ। ਇਹ ਲੋਕ ਸਰਕਾਰੀ ਰਾਸ਼ਨ ਤੇ ਸਾਧਨਾਂ 'ਤੇ ਜ਼ਿੰਦਗੀ ਕੱਟ ਰਹੇ ਹਨ ਪਰ ਵੱਡੀ ਵਸੋਂ 22 ਪ੍ਰਤੀਸ਼ਤ ਅਜਿਹਾ ਵਰਗ ਹੈ ਜੋ ਮਾਮੂਲੀ ਸੁਵਿਧਾਵਾਂ ਤੋਂ ਵੀ ਵਾਂਝਾ ਹੈ। ਜਲ-ਜੀਵਨ, ਜ਼ਮੀਨ ਅਤੇ ਹੋਰ ਅਸਹਿ ਜ਼ੁਲਮਾਂ ਦੀ ਦੌੜ ਅਜੇ ਵੀ ਜਾਰੀ ਹੈ। ਆਪਣੇ ਹੱਕਾਂ ਦੀ ਲੜਾਈ ਅਜੇ ਵੀ 27 ਫ਼ੀਸਦੀ ਲੋਕ ਲੜ ਰਹੇ ਹਨ।

ਦਰੋਪਤੀ ਮੁਰਮੂ ਦੀ ਚੋਣ ਉਹ ਉਪਰਾਲਾ ਤੇ ਸਿਆਸੀ ਕਦਮ ਹੈ ਜਿਸ ਦੇ ਦੂਰਗਾਮੀ ਨਤੀਜੇ ਭਾਰਤੀ ਰਾਜਨੀਤੀ ਵਿਚ ਵੇਖੇ ਜਾ ਸਕਦੇ ਹਨ। ਇਸ ਤੋਂ ਪਹਿਲਾਂ ਵੀ ਦਲਿਤ ਸਮਾਜ ਦੇ ਚਿਹਰੇ ਕਾਇਮ-ਮੁਕਾਮ ਰਾਸ਼ਟਰਪਤੀ ਰਾਮਨਾਥ ਕੋਵਿੰਦ ਤੇ ਡਾ. ਕੇ ਆਰ ਨਾਰਾਇਣਨ ਵੀ ਰਹੇ ਹਨ। ਪਰ ਮਹਿਲਾਵਾਂ ਦੀ ਭਾਗੀਦਾਰੀ ਦੀ ਤਰਜਮਾਨੀ ਜਿਸ ਰੂਪ ਵਿਚ ਹੋਣੀ ਚਾਹੀਦੀ ਸੀ, ਕਦੇ ਵੀ ਸਾਹਮਣੇ ਨਹੀਂ ਆਈ। ਭਾਵੇਂ ਪਹਿਲਾਂ ਪ੍ਰਤਿਭਾ ਪਾਟਿਲ ਭਾਰਤ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਰਹਿ ਚੁੱਕੀ ਹੈ ਪਰ ਦਰੋਪਦੀ ਮੁਰਮੂ ਦਾ ਨਾਂ ਇਕ ਉਸ ਸਮਾਜ ਵਿਚੋਂ ਸਾਹਮਣੇ ਆਇਆ ਹੈ ਜੋ ਅਜੇ ਵੀ ਹਾਸ਼ੀਏ ਤੋਂ ਬਾਹਰ ਤਾਂ ਹੈ ਪਰ ਅਜੇ ਵੀ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਅਸਲ ਵਿਚ ਸੰਨ 2014 ਤੋਂ ਭਾਰਤੀ ਰਾਜਨੀਤੀ ਦਾ ਫ਼ਲਕ ਇਸ ਤਰ੍ਹਾਂ ਬਦਲਿਆ ਹੈ ਜੋ ਪਹਿਲੇ 70 ਵਰ੍ਹਿਆਂ ਵਿਚ ਕਦੇ ਵੀ ਨਹੀਂ ਸੀ। ਭਾਵੇਂ ਬਾਬੂ ਜਗਜੀਵਨ ਰਾਮ ਵਰਗੇ ਲੋਕ ਤੇ ਹੋਰ ਦਲਿਤ ਨੇਤਾ ਵੱਖ-ਵੱਖ ਪਾਰਟੀਆਂ ਵਿਚ ਰਹੇ ਹਨ ਪਰ ਹੁਣ ਰਾਸ਼ਟਰਪਤੀ ਦੇ ਅਹੁਦੇ ਲਈ ਦਰੋਪਦੀ ਮੁਰਮੂ ਦਾ ਚਿਹਰਾ ਸਾਹਮਣੇ ਆਉਣਾ ਅਸਲ ਵਿਚ ਭਾਰਤੀ ਰਾਜਨੀਤੀ ਤੇ ਸਮਾਜ ਵਿਚ ਮਜ਼ਬੂਤ ਆਧਾਰ ਬਣ ਗਿਆ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਤੀਕ ਭਾਰਤੀ ਰਾਜਨੀਤੀ ਨੂੰ ਪ੍ਰਭਾਵਿਤ ਕਰੇਗਾ। ਇੱਥੇ ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਹੁਣ ਇਕ ਰਾਹ ਉਸ ਸਮਾਜ ਲਈ ਖੁੱਲ੍ਹਿਆ ਹੈ ਜੋ ਜ਼ਮੀਨ 'ਤੇ ਆਪਣੇ ਵਜੂਦ ਲਈ ਰਸਤਾ ਤਲਾਸ਼ ਰਿਹਾ ਸੀ। ਅੱਜ ਉਸ ਲਈ ਰਾਸ਼ਟਰਪਤੀ ਭਵਨ ਦੇ ਦਰਵਾਜ਼ੇ ਖੁੱਲ੍ਹਣ ਦੀ ਸੰਭਾਵਨਾ ਬਣ ਗਈ ਹੈ। ਭਾਰਤੀ ਰਾਜਨੀਤੀ ਵਿਚ ਇਹ ਇਕ ਨਵਾਂ ਰੰਗ ਦਾ ਪੱਤਾ ਹੈ ਜਿਸ ਨੂੰ ਐਨਡੀਏ ਆਉਣ ਵਾਲੇ ਕਈ ਦਹਾਕਿਆਂ ਤੀਕ ਭੁਨਾ ਸਕੇਗਾ। ਵਿਰੋਧੀ ਫਰੰਟ ਵੱਲੋਂ ਭਾਵੇਂ ਭਾਜਪਾ ਦੀ ਸਰਕਾਰ ਵਿਚ ਮੰਤਰੀ ਰਹੇ ਯਸ਼ਵੰਤ ਸਿਨਹਾ (ਹੁਣ ਟੀਐਮਸੀ) ਦੇ ਨਾਂ ਦਾ ਐਲਾਨ ਰਾਸ਼ਟਰਪਤੀ ਦੇ ਉਮੀਦਵਾਰ ਵਜੋਂ ਕੀਤਾ ਗਿਆ ਹੈ ਪਰ ਕੁਝ ਵੀ ਹੋਵੇ, ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕਾਂਗਰਸ ਸਮੇਤ ਦੂਜੀਆਂ ਪਾਰਟੀਆਂ ਕਿਵੇਂ ਇਕ ਆਦਿਵਾਸੀ ਸਮਾਜ ਦੀ ਇਸ ਔਰਤ ਨੂੰ ਵੇਖਦੀਆਂ ਹਨ।



ਇੱਥੇ ਇਹ ਵੀ ਮਹੱਤਵਪੂਰਨ ਹੈ ਕਿ ਇਹ ਇਕ ਔਰਤ ਜਾਂ ਪੁਰਸ਼ ਦੀ ਗੱਲ ਨਹੀਂ, ਕਾਂਗਰਸ ਤੇ ਦੂਜੀਆਂ ਪਾਰਟੀਆਂ ਹੁਣ ਆਦਿਵਾਸੀ ਸਮਾਜ ਪ੍ਰਤੀ ਆਪਣੀ ਸੋਚ 'ਤੇ ਜ਼ਰੂਰ ਨਜ਼ਰਸਾਨੀ ਕਰਨ। ਮੁਰਮੂ ਨੂੰ ਮੈਦਾਨ ਵਿਚ ਉਤਾਰ ਕੇ ਐਨਡੀਏ ਖ਼ਾਸ ਤੌਰ 'ਤੇ ਭਾਰਤੀ ਜਨਤਾ ਪਾਰਟੀ ਨੇ ਸਿਆਸੀ ਸ਼ਤਰੰਜ ਵਿਚ ਬਾਜ਼ੀ ਮਾਰ ਲਈ ਲੱਗਦੀ ਹੈ। ਤਦ ਹੀ ਤਤਕਾਲ ਬੀਜੂ ਜਨਤਾ ਦਲ ਦੇ ਪ੍ਰਧਾਨ ਤੇ ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਰਾਤੋ-ਰਾਤ ਖ਼ੁਦ ਤੇ ਆਪਣੀ ਪਾਰਟੀ ਵੱਲੋਂ ਮੁਰਮੂ ਦੀ ਹਮਾਇਤ ਕਰਨ ਦਾ ਐਲਾਨ ਕਰ ਕੇ ਉਸ ਨੂੰ ਓਡੀਸ਼ਾ ਦੀ ਸ਼ਾਨ ਕਿਹਾ ਹੈ। ਇਸੇ ਤਰ੍ਹਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਵੀ ਆਪਣੇ ਦਲ ਵੱਲੋਂ ਉਸ ਦੀ ਹਮਾਇਤ ਦਾ ਐਲਾਨ ਕਰ ਦਿੱਤਾ ਹੈ। ਹੁਣ ਬਦਲਦੇ ਹਾਲਾਤ ਵਿਚ ਮੁਰਮੂ ਇਕ ਜਿੱਤੀ ਹੋਈ ਅਤੇ ਭਾਰਤ ਦੀ ਆਉਣ ਵਾਲੇ ਪੰਜ ਸਾਲਾਂ ਲਈ ਰਾਸ਼ਟਰਪਤੀ ਹੋਵੇਗੀ ਤੇ ਪ੍ਰਧਾਨ ਮੰਤਰੀ ਦੇ ਸ਼ਬਦਾਂ ਵਿਚ ਉਹ ਸਫਲ ਤੇ ਅਦਭੁਤ ਰਾਸ਼ਟਰਪਤੀ ਬਣਨ ਵਾਲੀ ਹੈ। ਭਾਰਤੀ ਰਾਜਨੀਤੀ ਦਾ ਇਕ ਵੱਡਾ ਚਿਹਰਾ ਬਣਨ ਵਾਲੀ ਦਰੋਪਦੀ ਮੁਰਮੂ ਦਾ ਸਿਆਸੀ ਸਫ਼ਰ ਵੀ ਕੋਈ ਜ਼ਿਆਦਾ ਲੰਬਾ ਨਹੀਂ ਹੈ। ਦਰੋਪਦੀ ਮੁਰਮੂ ਝਾਰਖੰਡ ਦੀ ਪਹਿਲੀ ਆਦਿਵਾਸੀ ਗਵਰਨਰ ਵੀ ਰਹੀ ਹੈ। ਮੁਰਮੂ (64) ਬਿਰਚੀ ਨਾਰਾਇਣ ਟੂਡੋ ਦੀ ਬੇਟੀ ਹੈ। ਉਹ ਇਕ ਸੰਥਾਲੀ ਪਰਿਵਾਰ ਨਾਲ ਸਬੰਧ ਰੱਖਣ ਵਾਲੀ ਮਹਿਲਾ ਹੈ। ਸ਼ਿਆਮ ਚਰਨ ਮੁਰਮੂ ਨਾਲ ਸ਼ਾਦੀ ਹੋਣ ਤੋਂ ਬਾਅਦ ਦੋ ਪੁੱਤਰਾਂ ਤੇ ਇਕ ਧੀ ਦੀ ਮਾਂ ਦਰੋਪਦੀ ਨੇ ਜ਼ਿੰਦਗੀ ਵਿਚ ਬੜੇ ਦੁੱਖ ਸਹੇ ਹਨ। ਉਸ ਦੇ ਦੋਵਾਂ ਪੁੱਤਰਾਂ ਦੀ ਮੌਤ ਨੇ ਉਸ ਨੂੰ ਤੋੜਿਆ ਹੈ ਅਤੇ 2014 ਵਿਚ ਉਸ ਦੇ ਪਤੀ ਵੀ ਗੁਜ਼ਰ ਗਏ।

ਇਨ੍ਹਾਂ ਦਿਨਾਂ ਵਿਚ ਦਰੋਪਤੀ ਦੀ ਪੁੱਤਰੀ ਇਤਿਸ਼੍ਰੀ ਤੇ ਦਾਮਾਦ ਹੈਮਬਰਗ ਉਸ ਦਾ ਸਹਾਰਾ ਹਨ। ਮੁਰਮੂ ਨੇ ਆਪਣਾ ਜੀਵਨ ਇਕ ਜੂਨੀਅਰ ਕਲਰਕ ਵਜੋਂ ਸ਼ੁਰੂ ਕੀਤਾ ਸੀ। ਬਾਅਦ ਵਿਚ ਰਾਓਰੰਗਪੁਰ ਵਿਚ ਇਕ ਸਹਾਇਕ ਅਧਿਆਪਕ ਦੇ ਤੌਰ 'ਤੇ ਓਡੀਸ਼ਾ ਵਿਚ ਨੌਕਰੀ ਕਰਦੀ ਰਹੀ। ਮੁਰਮੂ ਨੇ ਰਾਜਨੀਤੀ 'ਚ 1997 ਵਿਚ ਰਾਏ ਰੰਗਪੁਰ ਨਗਰ ਪੰਚਾਇਤ ਤੋਂ ਆਪਣਾ ਕਰੀਅਰ ਕੌਂਸਲਰ ਵਜੋਂ ਸ਼ੁਰੂ ਕੀਤਾ ਸੀ। ਫਿਰ ਉਹ ਐਮਐਲਏ ਬਣੀ ਤੇ ਓਡੀਸ਼ਾ ਦੀ ਟਰਾਂਸਪੋਰਟ ਮੰਤਰੀ ਤੇ ਪਸ਼ੂ ਪਾਲਣ ਮਹਿਕਮਿਆਂ ਦੀ ਮੰਤਰੀ ਵੀ ਰਹੀ।

ਉਹ ਸੰਨ 2013 ਵਿਚ ਭਾਜਪਾ ਦੀ ਰਾਸ਼ਟਰੀ ਕਾਰਜਕਾਰਨੀ 'ਚ ਆਈ। ਬਾਅਦ ਵਿਚ ਇਹ ਸਫ਼ਰ ਝਾਰਖੰਡ ਦੇ ਗਵਰਨਰ ਹਾਊਸ ਤਕ ਗਿਆ ਤੇ ਹੁਣ ਵਾਰੀ ਹੈ ਰਾਸ਼ਟਰਪਤੀ ਭਵਨ ਦੀ। ਭਾਰਤੀ ਜਨਤਾ ਪਾਰਟੀ ਤੇ ਐਨਡੀਏ ਨੇ ਦਰੋਪਦੀ ਮੁਰਮੂ ਨੂੰ ਅੱਗੇ ਲਿਆ ਕੇ ਭਾਰਤੀ ਔਰਤਾਂ ਲਈ ਮਹਿਲਾ ਸਸ਼ਕਤੀਕਰਨ ਨੂੰ ਇਕ ਨਵੀਂ ਦਿਸ਼ਾ ਦੇ ਦਿੱਤੀ ਹੈ ਜੋ ਆਉਣ ਵਾਲੇ ਸਮੇਂ ਵਿਚ ਰਾਜਨੀਤੀ ਤੇ ਸਮਾਜ ਵਿਚ ਨਵੀਆਂ ਪੈੜਾਂ ਪਾਵੇਗੀ।

ਆਪਣੀ ਇਸ ਪਾਰੀ ਬਾਰੇ ਖ਼ੁਦ ਮੁਰਮੂ ਨੇ ਕਿਹਾ ਉਹ ਮਿਊਰਤੰਜ ਦੀ ਧਰਤੀ ਦੀ ਤਾਕਤ ਹੈ ਅਤੇ ਮੈਂ ਜ਼ਮੀਨ ਨਾਲ ਜੁੜੀ ਹੋਈ ਮਹਿਲਾ ਹਾਂ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਸ ਤਰ੍ਹਾਂ ਦਾ ਕੋਈ ਮੌਕਾ ਆਵੇਗਾ। ਪਿਛਲੇ 6 ਵਰ੍ਹਿਆਂ ਤੋਂ ਮੈਂ ਸਰਗਰਮ ਰਾਜਨੀਤੀ ਵਿਚ ਨਹੀਂ ਸਾਂ ਪਰ ਮੈਨੂੰ ਐਨਡੀਏ ਨੇ ਇਹ ਮੌਕਾ ਦਿੱਤਾ ਹੈ ਤਾਂ ਸਭ ਦਾ ਧੰਨਵਾਦ ਕਰਦੀ ਹਾਂ।



## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | | |
|---|---|---|---|
| (1) ਸ. ਦੀਦਾਰ ਸਿੰਘ ਬੈਂਸ | (10) ਡਾ. ਚਰਨਜੀਤ ਸਿੰਘ ਉਪਲ | (19) ਕਸ਼ਮੀਰ ਸਿੰਘ ਧੁੱਗਾ | (28) ਹੈਰੀ ਸਿੱਧੂ |
| (2) ਅਵਤਾਰ ਸਿੰਘ ਸਹੋਤਾ | (11) ਕੁਲਦੀਪ ਸਿੰਘ ਅਟਵਾਲ | (20) ਅਮੋਲਕ ਸਿੰਘ ਗਾਖਲ | (29) ਜਸਵੀਰ ਸਿੰਘ ਕੁਲਾਰ |
| (3) ਗੈਰੀ ਬਸਰਾਏ | (12) ਸੁਰਜੀਤ ਸਿੰਘ ਅਟਵਾਲ | (21) ਹਰਨੇਕ ਸਿੰਘ ਅਟਵਾਲ | (30) ਰਾਜ ਬਡਵਾਲ |
| (4) ਹਰਦੀਪ ਸਿੰਘ ਢਾਡਲੀ | (13) ਬਘੇਲ ਸਿੰਘ ਜਸਵਾਲ | (22) ਬਲਦੇਵ ਸਿੰਘ ਮਾਨ | (31) ਕਮਲਜੀਤ ਸਿੰਘ ਅਟਵਾਲ |
| (5) ਬਲਬੀਰ ਸਿੰਘ ਸੋਹਲ | (14) ਗੁਰਵਿੰਦਰ ਸਿੰਘ ਮਾਵੀ | (23) ਸ੍ਰੀ ਸੁੱਚਾ ਰਾਮ ਜੀ | (32) ਡਾ. ਭੁਪਿੰਦਰ ਭੰਡਾਰੀ |
| (6) ਗੁਰਨਾਮ ਸਿੰਘ ਪੰਮਾ | (15) ਡਾ ਦਲਵੀਰ ਪੰਨੂ | (24) ਜੌਹਨ ਸਿੰਘ ਗਿੱਲ | (33) ਅਜੈਬ ਸਿੰਘ ਮੱਲੀ |
| (7) ਦਲਵੀਰ ਸਿੰਘ ਗਿੱਲ | (16) ਡਾ. ਹਰਮੇਸ਼ ਕੁਮਾਰ | (25) ਉਂਕਾਰ ਸਿੰਘ ਸੈਣੀ | (34) ਹਰਜੀਤ ਗਿੱਲ |
| (8) ਗੁਰਮੇਜ ਸਿੰਘ ਗਿੱਲ | (17) ਸੁਰਿੰਦਰ ਸਿੰਘ ਧਨੋਆ | (26) ਕੁਲਵੰਤ ਸਿੰਘ ਨਿਜਰ | (35) ਸਰਬਜੀਤ ਸਿੰਘ ਸਾਬੀ |
| (9) ਸੁਖਰਾਜ ਸਿੰਘ ਢਿੱਲੋਂ | (18) ਅਵਤਾਰ ਸਿੰਘ ਤਾਰੀ | (27) ਸੁਖਵੀਰ ਸਿੰਘ ਨਿਜਰ | (36) ਕੁਲਦੀਪ ਸਿੰਘ ਸਹੋਤਾ (ਡੀਪੀਈ) |

# ਵੀ. ਟੀ. ਏ. ਦੇ ਕਰਮਚਾਰੀਆਂ ਦਾ ਵਿਦਾਇਗੀ ਸਮਾਰੋਹ

ਜੂਨ 24, 2022 ਦੀ ਰੰਗੀਨ ਸ਼ਾਮ ਮਿਲਪੀਟਸ ਦੇ ਇਕ ਬੈਂਕਟ ਹਾਲ ਵਿਚ ਛੇ ਵੀ. ਟੀ. ਏ. ਦੇ ਕਰਮਚਾਰੀ ਜੋ ਕਿ ਪੰਜਾਬੀ ਭਾਈਚਾਰੇ ਨਾਲ ਸਬੰਧ ਰੱਖਦੇ ਹਨ, ਦੀ ਵਿਦਾਇਗੀ ਸਮਾਰੋਹ ਯਾਦਗਾਰੀ ਬਣ ਗਈ। ਪਿਛਲੇ ਦੋ ਸਾਲਾਂ ਤੋਂ ਕਰੋਨਾ ਦੇ ਕਾਰਨ ਨਾ ਕੋਈ ਇਕੱਠ ਕਰ ਸਕਦਾ ਸੀ, ਤੇ ਨਾ ਹੀ ਕੋਈ ਸਮਾਰੋਹ ਹੋ ਸਕਦਾ ਸੀ। 'ਛੇ' ਜਣਿਆਂ ਦੀ ਸਮੂਹਿਕ ਵਿਦਾਇਗੀ ਨੇ ਨਾ ਕੇਵਲ ਉਹਨਾਂ ਵਾਸਤੇ ਯਾਦਗਾਰ ਬਣਾ ਦਿੱਤਾ ਸਗੋਂ ਵੀ. ਏ. ਟੀ. ਏ. ਵਿਚ ਕੰਮ ਕਰਨ ਵਾਲੇ ਪੰਜਾਬੀ ਭਾਈਚਾਰੇ ਨੇ ਆਪਣੇ ਇਕ ਹੋਣ ਦੀ ਮਿਸਾਲ ਵੀ ਕਾਇਮ ਕੀਤੀ।

ਸ. ਨਿਰਮਲ ਸਿੰਘ ਸੂਰਾ, ਜਿਹਨਾਂ ਨੇ 22 ਸਾਲ ਆਪਣੀਆਂ ਸੇਵਾਵਾਂ ਦਿੱਤੀਆਂ, ਉਹ ਇਕ ਚੰਗੇ ਕਰਮਚਾਰੀ ਤਾਂ ਹਨ ਹੀ, ਪਰ ਨਾਲ-ਨਾਲ ਆਪਣੀ ਕਮਿਊਨਿਟੀ ਵਾਸਤੇ ਵੀ ਬਹੁਤ ਕੁਝ ਕਰ ਰਹੇ ਹਨ। ਕੀਰਤਨ ਦਾ ਗੁਣ ਬੱਚਿਆਂ ਵਿਚ ਵੰਡ ਕੇ ਗੁਰਬਾਣੀ ਨਾਲ ਜੋੜ ਰਹੇ ਹਨ। ਉਹਨਾਂ ਦਾ ਪੁੱਤਰ ਵੀ ਅੱਗੋਂ ਇਸੇ ਕੰਪਨੀ ਵਿਚ ਕੰਮ ਕਰ ਰਿਹਾ ਹੈ। ਸ. ਹਰਵਿੰਦਰ ਸਿੰਘ ਸੈਣੀ ਜੋ ਕਿ ਪਿਛਲੇ 24 ਸਾਲਾਂ ਤੋਂ ਕੰਮ ਕਰ ਰਹੇ ਸਨ, ਉਹਨਾਂ ਨੇ ਆਪਣੀ ਵਿਦਾਇਗੀ ਤਾਂ ਲੈ ਲਈ ਪਰ ਆਪਣੀ ਬੇਟੀ ਨੂੰ ਅੱਗੋਂ ਇਸੇ ਕੰਪਨੀ ਵਿਚ ਉਚੇ ਅਹੁਦੇ ਤੇ ਵੇਖ ਕੇ ਬੜੇ ਸੰਤੁਸ਼ਟ ਦਿਸੇ। ਸ. ਸ਼ਲਿੰਦਰਜੀਤ ਸਿੰਘ ਜੋ ਕਿ ਬੜੇ ਹਸਮੁਖ ਸੁਭਾਅ ਦੇ ਮਾਲਕ ਹਨ, ਉਹਨਾਂ ਤਕਰੀਬਨ 21 ਸਾਲ ਆਪਣੀ ਜ਼ਿੰਦਗੀ ਦੇ ਇਸ ਕੰਪਨੀ ਵੀ ਦਿੱਤੇ ਤੇ ਬਹੁਤ ਮਿੱਠੀਆਂ ਯਾਦਾਂ ਲੈ ਕੇ ਵਿਦਾ ਹੋਏ। ਸ. ਅਮਰਜੀਤ ਸਿੰਘ ਸਰਕਾਰੀਆ ਜੋ ਕਿ ਵਧੀਆ ਹਸਮੁਖ ਸ਼ਖਸੀਅਤ ਦੇ ਮਾਲਕ ਹਨ, ਉਹਨਾਂ



ਤਕਰੀਬਨ 17 ਸਾਲ ਕੰਮ ਕੀਤਾ। ਉਹਨਾਂ ਦੀ ਤਾਸੀਰ ਮੁਤਾਬਕ ਵਿਦਾਇਗੀ ਵੀ ਬੜੀ ਨਿੱਘੀ ਸੀ। ਉਹਨਾਂ ਦੇ ਬੇਟਾ ਤੇ ਬੇਟੀ ਨੇ ਆਪਣੇ ਪਿਤਾ ਦੀ ਵਿਦਾਇਗੀ ਸਮਾਰੋਹ ਤੇ ਨੱਚ ਕੇ ਖੁਸ਼ੀ ਮਨਾਈ। ਸ੍ਰੀ ਯਸ਼ਪਾਲ ਜੀ ਨੇ ਤਕਰੀਬਨ 14 ਸਾਲ ਸੇਵਾ ਨਿਭਾਈ ਤੇ ਅੱਗੋਂ ਆਪਣੇ ਪੁੱਤਰ ਰਾਹੁਲ ਨੂੰ ਇਸ ਕੰਪਨੀ ਦੀ ਬਾਂਹ ਫੜਾ ਦਿੱਤੀ। ਉਹਨਾਂ ਦਾ ਪੁੱਤਰ ਬਹੁਤ ਹੀ ਨਿੱਘੇ ਸੁਭਾਅ ਦਾ ਮਾਲਕ ਹੈ, ਜੋ ਕਿ ਬੜਾ ਮਿਲਣਸਾਰ ਹੈ।

ਸ. ਰਵਿੰਦਰ ਸਿੰਘ, ਜਿਹਨਾਂ ਨੂੰ ਪਿਆਰ ਨਾਲ ਰਵੀ ਭਾਜੀ ਵੀ ਕਹਿੰਦੇ ਹਨ, 16 ਸਾਲ ਤੋਂ ਉਪਰ ਸੇਵਾਵਾਂ ਦਿੱਤੀਆਂ। ਵਿਦਾਇਗੀ ਵਾਲੀ ਸ਼ਾਮ ਉਹਨਾਂ ਗੱਲਾਂ ਦੇ ਨਾਲ-ਨਾਲ ਆਪਣੀ ਮਿੱਠੀ ਆਵਾਜ਼ ਵਿਚ ਸ਼ਿਵ ਕੁਮਾਰ ਬਟਾਲਵੀ ਦੀ ਕਲਮ ਤੋਂ ਕੁਝ ਸੱਤਰਾਂ ਗਾ ਕੇ ਸੁਣਾਈਆਂ। ਗੁਰਜੀਤ ਸਿੰਘ ਢੇਰੀ ਨੇ ਹਾਲ ਤੇ ਖਾਣੇ ਦਾ ਪ੍ਰਬੰਧ ਬੜਾ ਸੁਚੱਜਾ ਕੀਤਾ ਹੋਇਆ ਸੀ। ਪਿਆਲੇ ਵਾਲੇ ਵੀ ਖੁਸ਼ ਸੀ, ਤੇ ਨੱਚਣ ਵਾਲੇ ਵੀ। ਜਸਬੀਰ ਸਿੰਘ ਥੱਬਲ ਨੇ ਵਿਚ-ਵਿਚ ਆਪਣੀਆਂ ਸੁਰਾਂ ਨੂੰ ਸਭ ਦੇ ਨਾਲ ਸਾਂਝਾ ਕੀਤਾ। ਇਸ ਸਾਂਝੇ ਉਦਮ ਲਈ ਇਹ ਛੇ ਜਣੇ ਅਤੇ ਇਨ੍ਹਾਂ ਦੇ ਪਰਿਵਾਰ ਬੜੇ ਧੰਨਵਾਦੀ ਬਣੇ।

ਸਰੋਨੀ ਤੋਂ ਸੁਖਦੀਪ ਸਿੰਘ ਛਬੋਆ ਤੋਂ ਹਰਪ੍ਰੀਤ ਸਿੰਘ ਹੈਪੀ, ਗੁਆਡਲੂਪਾ ਤੋਂ ਚੰਦਰ ਮੋਹਨ, ਨੌਰਥ ਯਾਰਡ ਤੋਂ ਹਰਜੋਤ ਸਿੰਘ ਨੇ ਅੱਗੇ ਹੋ ਉਗਰਾਹੀ ਵੀ ਕੀਤੀ ਤੇ ਜ਼ਿੰਮੇਵਾਰੀ ਨਿਭਾਉਂਦਿਆਂ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਅਸੀਂ ਆਸ ਕਰਦੇ ਹਾਂ ਕਿ ਇਵੇਂ ਹੀ ਆਉਣ ਵਾਲੇ ਸਮੇਂ ਵਿਚ ਇਹ ਸਾਰੇ ਕਰਮਚਾਰੀ ਪਿਆਰ ਦਾ ਸੁਨੇਹਾ ਦਿੰਦੇ ਰਹਿਣ। ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਵਾਹਿਗੁਰੂ ਇਹਨਾਂ ਵਿਦਾ ਹੋਣ ਵਾਲੇ ਕਰਮਚਾਰੀਆਂ ਦੀ ਸਿਹਤਯਾਬੀ ਵਿਚ ਵਾਧਾ ਕਰੇ ਤੇ ਆਉਣ ਵਾਲੇ ਸਾਲਾਂ ਵਿਚ ਇਹ ਆਪਣੇ ਪਰਿਵਾਰਾਂ ਨਾਲ ਖੁਸ਼ੀ-ਖੁਸ਼ੀ ਸਮਾਂ ਬਤੀਤ ਕਰਨ।

**- ਹਰਸਿਮਰਨ ਸਿੰਘ** (510-355-2040)

# ਪੰਜਾਬ ਯੂਨੀਵਰਸਿਟੀ ਅਤੇ ਉਚੇਰੀ ਸਿੱਖਿਆ ਦੇ ਫ਼ਿਕਰ

**ਡਾ. ਕੁਲਦੀਪ ਪੁਰੀ**

ਪੰਜਾਬ ਹਰਿਆਣਾ ਦੀ ਸਾਂਝੀ ਰਾਜਧਾਨੀ, ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ 'ਚ ਸਥਿਤ ਪੰਜਾਬ ਯੂਨੀਵਰਸਿਟੀ ਦਾ ਵਿਧਾਨਕ ਖਾਸਾ ਮੁਲਕ ਦੀਆਂ ਬਾਕੀ ਯੂਨੀਵਰਸਿਟੀਆਂ ਤੋਂ ਵੱਖਰਾ ਹੈ। ਇਹ ਕੇਂਦਰ ਜਾਂ ਰਾਜ ਪ੍ਰਬੰਧ ਹੇਠਾਂ ਚਲਦੀ ਯੂਨੀਵਰਸਿਟੀ ਨਾ ਹੋ ਕੇ ਇੰਟਰ-ਸਟੇਟ ਬਾਡੀ ਕਾਰਪੋਰੇਟ ਹੈ। ਕੁਝ ਦਿਨਾਂ ਤੋਂ ਇਸ ਦੀ ਵਿਧਾਨਕ ਸਥਿਤੀ ਬਦਲ ਕੇ ਇਸ ਨੂੰ ਕੇਂਦਰੀ ਯੂਨੀਵਰਸਿਟੀ ਬਣਾ ਦੇਣ ਦੀਆਂ ਸੰਭਾਵਨਾਵਾਂ ਹਵਾ 'ਚ ਹਨ। ਅਕਾਦਮਿਕ ਤੇ ਸਮਾਜਿਕ ਹਲਕਿਆਂ 'ਚ ਇਸ ਉੱਤੇ ਗੰਭੀਰ ਵਿਚਾਰ ਮੰਥਨ ਹੋ ਰਿਹਾ ਹੈ।

ਇੱਕ ਪਾਸੇ ਕੁਝ ਵਿਦਵਾਨਾਂ ਨੂੰ ਲਗਭਗ ਦੋ ਦਹਾਕਿਆਂ ਤੋਂ ਪੰਜਾਬ ਵੱਲੋਂ ਯੂਨੀਵਰਸਿਟੀ ਪ੍ਰਤੀ ਆਪਣੇ ਹਿੱਸੇ ਦੀ ਵਿੱਤੀ ਜ਼ਿੰਮੇਵਾਰੀ ਨਿਭਾਉਣ ਬਾਰੇ ਅਪਣਾਈ ਨੀਤੀਗਤ ਬੇਰੁਖ਼ੀ ਤਕਲੀਫ਼ ਦਿੰਦੀ ਹੈ; ਉਨ੍ਹਾਂ ਦੀ ਰਾਇ ਵਿਚ ਵਿੱਤੀ ਤੰਗੀਆਂ ਦੇ ਬੋਝ ਹੇਠਾਂ ਯੂਨੀਵਰਸਿਟੀ ਦੀ ਨਿਘਰਦੀ ਆਰਥਿਕ ਤੇ ਅਕਾਦਮਿਕ ਸਿਹਤ ਨੂੰ ਬਿਹਤਰ ਕਰਨ ਦਾ ਇੱਕੋ ਰਾਹ ਇਸ ਨੂੰ ਕੇਂਦਰ ਦੇ ਹਵਾਲੇ ਕਰ ਦੇਣ ਦਾ ਹੈ। ਦੂਜੇ ਪਾਸੇ ਕੁਝ ਹੋਰ ਸੁਹਿਰਦ ਧਿਰਾਂ ਪੰਜਾਬ ਯੂਨੀਵਰਸਿਟੀ ਦੀ ਨਿਰੰਤਰ ਡਿੱਗਦੀ ਸਾਖ ਅਤੇ ਆਰਥਿਕ ਮੰਦਹਾਲੀ ਤੋਂ ਓਨੀਆਂ ਹੀ ਪਰੇਸ਼ਾਨ ਹਨ। ਉਹ ਇਸ ਹਾਲਤ ਦੇ ਸੁਧਾਰ ਪ੍ਰਤੀ ਵਚਨਬੱਧ ਤਾਂ ਹਨ ਪਰ ਮਾਣ-ਮੱਤੀ ਵਿਰਾਸਤ ਨਾਲ ਜੁੜੇ ਇਸ ਦੇ ਪੰਜਾਬੀ ਸਰੂਪ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਹੋਣ ਦੇ ਡਰੋਂ ਫਿਕਰਮੰਦ ਹਨ। ਇਹ ਦੋਵੇਂ ਨਜ਼ਰੀਏ ਇਤਿਹਾਸ ਬੋਧ ਅਤੇ ਭਵਿੱਖ ਵਿਚ ਅਸਰ-ਅੰਦਾਜ਼ ਹੋਣ ਵਾਲੀਆਂ ਸਿੱਖਿਆ ਨੀਤੀਆਂ ਦੀ ਨਜ਼ਰ ਤੋਂ ਪਰਖ ਦੀ ਮੰਗ ਕਰਦੇ ਹਨ।

ਬਰਤਾਨਵੀ ਹਕੂਮਤ ਵੱਲੋਂ 1882 ਵਿਚ ਹਿੰਦੋਸਤਾਨ ਦੀ ਚੌਥੀ ਯੂਨੀਵਰਸਿਟੀ ਵਜੋਂ ਪੰਜਾਬ ਯੂਨੀਵਰਸਿਟੀ ਬਣਾਉਣ ਦੀ ਕਹਾਣੀ ਨਿਵੇਕਲੀ ਹੈ। 1857 ਵਿਚ ਕਲਕੱਤਾ, ਮਦਰਾਸ ਅਤੇ ਬੰਬਈ ਵਿਚ ਯੂਨੀਵਰਸਿ-ਟੀਆਂ ਬਣਾਈਆਂ ਜਾ ਚੁੱਕੀਆਂ ਸਨ। ਹਕੂਮਤ ਹੋਰ ਯੂਨੀਵਰਸਿਟੀਆਂ ਖੋਲ੍ਹਣ ਵੱਲ ਰੁਚਿਤ ਨਹੀਂ ਸੀ ਪਰ ਪੰਜਾਬ ਦੇ ਲੋਕ ਮਹਿਸੂਸ ਕਰਦੇ ਸਨ ਕਿ ਉੱਤਰ ਵਿਚ ਵੀ ਯੂਨੀਵਰਸਿਟੀ ਹੋਣੀ ਜ਼ਰੂਰੀ ਸੀ। ਉਨ੍ਹਾਂ ਨੇ ਇਸ ਦਿਸ਼ਾ ਵਿਚ ਵਿਚ ਯਤਨ ਆਰੰਭ ਦਿੱਤੇ। ਪੰਜਾਬੀ ਚਿੰਤਕਾਂ, ਆਮ ਲੋਕਾਂ, ਕੁਝ ਨਵਾਬਾਂ ਤੇ ਰਜਵਾੜਿਆਂ ਨੇ ਸਮਰੱਥਾ ਅਨੁਸਾਰ ਲਗਾਤਾਰ ਇਸ ਮੁਹਿੰਮ ਵਿਚ ਹਿੱਸਾ ਪਾਇਆ। ਹਕੂਮਤ ਅੱਗੇ ਵਾਰ ਵਾਰ ਕੀਤੀਆਂ ਤਾਕੀਦਾਂ ਵੱਖ ਵੱਖ ਕਾਰਨਾਂ ਕਰਕੇ ਖਾਰਿਜ ਹੁੰਦੀਆਂ ਗਈਆਂ ਪਰ ਲੋਕਾਂ ਦਾ ਹੌਸਲਾ ਓਨਾ ਹੀ ਮਜ਼ਬੂਤ ਹੁੰਦਾ ਗਿਆ। ਜਦੋਂ ਸਰਕਾਰ ਨੇ ਪੈਸਿਆਂ ਦੀ ਘਾਟ ਦਾ ਤਰਕ ਦੇ ਕੇ ਯੂਨੀਵਰਸਿਟੀ ਦੀ ਸਥਾਪਨਾ ਤੋਂ ਇਨਕਾਰੀ ਹੋਣਾ ਚਾਹਿਆ ਤਾਂ ਪੰਜਾਬੀਆਂ ਨੇ ਖੁਦ ਪੈਸੇ ਇਕੱਠੇ ਕਰ ਕੇ ਲੋੜੀਂਦੀ ਰਾਸ਼ੀ ਨਾਲ ਹਿੱਸੇਦਾਰੀ ਪਾਉਣ ਦਾ ਅਹਿਦ ਕੀਤਾ ਅਤੇ ਪੁਗਾਇਆ। ਪੰਜਾਬੀਆਂ ਦੇ ਇਸ ਸਿਰੜ ਦਾ ਸਨਮਾਨ ਕਰਦਿਆਂ 1882 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਸਥਾਪਨਾ ਹੋਈ। ਮੁਲਕ ਦੀ ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਪੰਜਾਬ ਦੀ ਵੰਡ ਨਾਲ ਆਈ ਅਤੇ ਪੰਜਾਬ ਯੂਨੀਵਰਸਿਟੀ ਪਾਕਿਸਤਾਨ ਦੇ ਹਿੱਸੇ ਆ ਗਈ। ਹਿੰਦੋਸਤਾਨ ਸਰਕਾਰ ਨੇ 1947 ਵਿਚ ਪੂਰਬੀ ਪੰਜਾਬ ਯੂਨੀਵਰਸਿਟੀ ਐਕਟ ਰਾਹੀਂ ਇਧਰਲੇ ਪੰਜਾਬ ਲਈ ਉਸੇ ਤਰਜ਼ ਵਾਲੀ ਪੰਜਾਬ ਯੂਨੀਵਰਸਿਟੀ ਸਥਾਪਿਤ ਕੀਤੀ। ਯੂਨੀਵਰਸਿਟੀ ਨੂੰ 1956 ਵਿਚ ਚੰਡੀਗੜ੍ਹ ਵਾਲਾ ਪੱਕਾ ਟਿਕਾਣਾ ਮਿਲਿਆ।

1966 ਵਿਚ ਪੰਜਾਬ ਦੇ ਪੁਨਰਗਠਨ ਦੇ ਨਤੀਜੇ ਵਜੋਂ ਦੋ ਹੋਰ ਰਾਜ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਹੋਂਦ ਵਿਚ ਆਏ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਦਾ ਦਰਜਾ ਦੇ ਦਿੱਤਾ ਗਿਆ। ਨਵੇਂ ਬਣੇ ਰਾਜਾਂ ਦੇ ਕਾਲਜ ਪੰਜਾਬ ਯੂਨੀਵਰਸਿਟੀ ਨਾਲ ਹੀ ਸੰਬੰਧਤ ਰਹੇ। ਇਸ ਪ੍ਰਬੰਧ ਨੂੰ ਜਾਰੀ ਰੱਖਣ ਦੀ ਮਦ ਪੰਜਾਬ ਰਾਜ ਪੁਨਰਗਠਨ ਐਕਟ-1966 ਵਿਚ ਸ਼ਾਮਲ ਕਰ ਲਈ ਗਈ ਅਤੇ ਪੰਜਾਬ ਯੂਨੀਵਰਸਿਟੀ ਦੀ ਹੈਸੀਅਤ ਇੰਟਰ-ਸਟੇਟ ਬਾਡੀ ਕਾਰਪੋਰੇਟ ਵਾਲੀ ਹੋ ਗਈ। ਤੈਅ ਹੋਇਆ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ 20, 20, 20 ਅਤੇ 40 ਦੇ ਅਨੁਪਾਤ ਵਿਚ ਯੂਨੀਵਰਸਿਟੀ ਦੇ ਬਜਟ ਦੇ ਘਾਟੇ ਦੀ ਪੂਰਤੀ ਕਰਨਗੇ। ਇਹ ਪ੍ਰਬੰਧ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਆਪਣੀਆਂ ਯੂਨੀਵਰਸਿਟੀਆਂ ਸਥਾਪਿਤ ਹੋਣ ਤੱਕ ਚੱਲਦਾ ਰਿਹਾ, ਫਿਰ ਇਨ੍ਹਾਂ ਰਾਜਾਂ ਨੇ ਆਪਣੇ ਕਾਲਜ ਪੰਜਾਬ



ਯੂਨੀਵਰਸਿਟੀ ਤੋਂ ਵੱਖ ਕਰ ਲਏ। ਇਸ ਦੇ ਨਾਲ ਹੀ ਉਨ੍ਹਾਂ ਦੀ ਵਿੱਤੀ ਜ਼ਿੰਮੇਵਾਰੀ ਵੀ ਖਤਮ ਹੋ ਗਈ। ਹੁਣ ਚੰਡੀਗੜ੍ਹ 60 ਅਤੇ ਪੰਜਾਬ 40 ਦੇ ਅਨੁਪਾਤ ਵਿਚ ਵਿੱਤੀ ਸਹਾਇਤਾ ਕਰਨ ਲੱਗਾ।

ਵਰਤਮਾਨ ਸੰਕਟ ਦੀ ਬੁਨਿਆਦ ਪੰਜਾਬ ਵੱਲੋਂ ਹੌਲੀ ਹੌਲੀ ਆਪਣਾ ਬਣਦਾ ਯੋਗਦਾਨ ਘਟਾਉਂਦੇ ਜਾਣ ਵਿਚ ਹੈ। ਇੱਕ ਸੀਮਾ ਤੋਂ ਵੱਧ ਪੰਜਾਬ ਵਿੱਤੀ ਸਹਾਇਤਾ ਨਹੀਂ ਦਿੰਦਾ। ਯੂਨੀਵਰਸਿਟੀ ਦੇ ਬਜਟ ਘਾਟੇ ਦੀ ਪੂਰਤੀ ਵਿਚ ਕੇਂਦਰ ਸਰਕਾਰ ਦੀ ਭੂਮਿਕਾ ਵੱਡੀ ਹੈ। ਕੇਂਦਰ ਸਰਕਾਰ ਨੇ ਵੀ ਇੱਕ ਸਮੇਂ ਆ ਕੇ, ਪੰਜਾਬ ਵਾਂਗ, ਮਦਦ ਰਾਸ਼ੀ ਦੀ ਉਪਰਲੀ ਸੀਮਾ ਤੈਅ ਕਰ ਲਈ ਹੈ। ਇਸ ਵਿੱਤੀ ਸੰਕਟ ਕਾਰਨ ਪੰਜਾਬ ਯੂਨੀਵਰਸਿਟੀ ਵਿਚ ਪਿਛਲੇ ਕਈ ਸਾਲਾਂ ਤੋਂ ਲੋੜ ਅਨੁਸਾਰ ਅਧਿਆਪਕਾਂ ਦੀ ਨਿਯੁਕਤੀ ਨਹੀਂ ਹੋਈ। ਕਰੀਬ ਅੱਧੀਆਂ ਤੋਂ ਵੱਧ ਅਸਾਮੀਆਂ ਖਾਲੀ ਹਨ। ਅਧਿਆਪਕ ਵਿਦਿਆਰਥੀ ਅਨੁਪਾਤ ਡੋਲ ਗਿਆ ਹੈ। ਖੋਜ ਅਨੁਦਾਨ (ਗ੍ਰਾਂਟ) ਦੀ ਭਾਰੀ ਕਮੀ ਹੈ। ਅਕਾਦਮਿਕ ਕਾਰਜਾਂ ਲਈ ਬਜਟ ਸੀਮਤ ਹੋ ਗਿਆ ਹੈ। ਇਨ੍ਹਾਂ ਕਾਰਨਾਂ ਕਰਕੇ ਯੂਨੀਵਰਸਿਟੀ ਰੈਂਕਿੰਗ ਵਿਚ ਹੇਠਾਂ ਖਿਸਕ ਰਹੀ ਹੈ। ਅਧਿਆਪਕਾਂ ਨੂੰ ਯੂਜੀਸੀ ਦੇ ਸੋਧੇ ਤਨਖਾਹ ਸਕੇਲ ਨਹੀਂ ਮਿਲੇ। ਵੱਖ ਵੱਖ ਕੋਰਸਾਂ ਲਈ ਫੀਸ ਵਧਦੀ ਜਾਂਦੀ ਹੈ, ਇਉਂ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵੀ ਵਧਦੀਆਂ ਜਾਂਦੀਆਂ ਹਨ। ਇਸ ਪ੍ਰਸੰਗ ਵਿਚ ਇਹ ਵਿਚਾਰ ਜ਼ੋਰ ਫੜ ਜਾਂਦਾ ਹੈ ਕਿ ਯੂਨੀਵਰਸਿਟੀ ਦਾ ਹਿਤ ਕੇਂਦਰੀ ਪ੍ਰਬੰਧ ਹੇਠ ਚਲੇ ਜਾਣ ਵਿਚ ਹੀ ਹੈ।

ਲੇਕਿਨ ਕੇਂਦਰੀ ਯੂਨੀਵਰਸਿਟੀਆਂ ਦੀ ਚੰਗੀ ਹਾਲਤ ਦਾ ਤਿਲਿਸਮ ਤੋੜਨ ਲਈ ਪਾਰਲੀਮੈਂਟ ਦੀ ਸਿੱਖਿਆ ਅਤੇ ਹੋਰ ਮਾਮਲਿਆਂ ਬਾਰੇ ਸਟੈਂਡਿੰਗ ਕਮੇਟੀ ਦੀ ਅਗਸਤ 2021 ਦੀ ਰਿਪੋਰਟ ਵਾਚਣ ਵਾਲੀ ਹੈ। ਇਸ ਰਿਪੋਰਟ ਅਨੁਸਾਰ ਕੇਂਦਰੀ ਯੂਨੀਵਰਸਿਟੀਆਂ ਅਤੇ ਕੇਂਦਰ ਦੇ ਫੰਡਾਂ ਨਾਲ ਚਲਦੀਆਂ ਹੋਰ ਉਚੇਰੀ ਸਿੱਖਿਆ ਸੰਸਥਾਵਾਂ ਵਿਚ ਅਧਿਆਪਕਾਂ ਦੀ ਕਮੀ 36 ਪ੍ਰਤੀਸ਼ਤ ਦੇ ਲਗਭਗ ਹੈ। ਕਮੇਟੀ ਨੇ ਨਾਖੁਸ਼ੀ ਜ਼ਾਹਿਰ ਕਰਦਿਆਂ ਇਸ ਦਿਸ਼ਾ ਵੱਲ ਠੋਸ ਕਦਮ ਚੁੱਕਣ ਦੀ ਸਲਾਹ ਦਿੱਤੀ ਜਿਸ ਉੱਤੇ ਅਜੇ ਤੱਕ ਕੋਈ ਅਮਲ ਹੋਣਾ ਬਾਕੀ ਹੈ। ਇਸੇ ਕਮੇਟੀ ਦੀ ਦਸੰਬਰ 2020 ਦੀ ਇੱਕ ਹੋਰ ਰਿਪੋਰਟ 'ਚ ਉਚੇਰੀ ਸਿੱਖਿਆ ਸੰਸਥਾਵਾਂ 'ਚ ਅਧਿਆਪਕਾਂ ਦੀਆਂ ਐਡਹਾਕ ਨਿਯੁਕਤੀਆਂ 'ਤੇ ਚਿੰਤਾ ਜ਼ਾਹਿਰ ਕਰਦਿਆਂ ਲਿਖਿਆ ਹੈ- ਇਸ ਨਾਲ ਲੋਕਾਂ 'ਚ ਪ੍ਰਭਾਵ ਜਾਵੇਗਾ ਕਿ ਅਸੀਂ ਸਮੂਹਕ ਤੌਰ 'ਤੇ ਸਮਾਜਿਕ ਨਿਆਂ ਪ੍ਰਤੀ ਸੁਹਿਰਦ ਨਹੀਂ ਹਾਂ। ਇਸ ਪ੍ਰਸੰਗ ਵਿਚ ਦਿੱਲੀ ਯੂਨੀਵਰਸਿਟੀ ਦੀ ਉਦਾਹਰਨ ਸਾਡੇ ਸਾਹਮਣੇ ਹੈ ਜਿੱਥੇ ਦਹਾਕਿਆਂ ਤੋਂ ਹਜ਼ਾਰਾਂ ਅਧਿਆਪਕ ਐਡਹਾਕ ਤੌਰ 'ਤੇ ਕੰਮ ਕਰਦੇ ਕਰਦੇ ਭਵਿੱਖ ਤੋਂ ਨਾਉਮੀਦ ਹੋ ਚੁੱਕੇ ਹਨ।

ਕੇਂਦਰ ਨੇ 2017 ਵਿਚ ਸਿੱਖਿਆ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਦੇਣ ਦੀ ਥਾਂ ਬਾਜ਼ਾਰ ਦੀ ਮਦਦ ਨਾਲ ਉਨ੍ਹਾਂ ਲਈ ਦਸ ਸਾਲ ਲਈ ਕਰਜ਼ਿਆਂ ਦਾ ਪ੍ਰਬੰਧ ਕਰਨ ਲਈ ਹਾਇਰ ਐਜੂਕੇਸ਼ਨ ਫਾਇਨਾਂਸਿੰਗ ਏਜੰਸੀ ਖੜ੍ਹੀ ਕਰ ਲਈ ਸੀ। ਇਸ ਅਨੁਸਾਰ ਸਿੱਖਿਆ ਸੰਸਥਾਵਾਂ ਕਰਜ਼ੇ ਦੀ ਵਾਪਸੀ ਵਿਦਿਆਰਥੀਆਂ ਤੋਂ ਵਸੂਲੀ ਫੀਸ ਅਤੇ ਖੋਜ ਕਾਰਜਾਂ ਤੋਂ ਕੀਤੀ ਕਮਾਈ ਤੋਂ ਕਰਨਗੀਆਂ ਪਰ ਸਵਾਲ ਹੈ ਕਿ ਜੇ ਸੰਸਥਾਵਾਂ ਕਰਜ਼ਾ ਵਾਪਿਸ ਕਰਨ ਤੋਂ ਅਸਮਰੱਥ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਕੀ ਹਸ਼ਰ ਹੋਏਗਾ? ਸਪੱਸ਼ਟ ਹੈ, ਉਹ ਵਿਕ ਜਾਣਗੀਆਂ ਜਾਂ ਬੰਦ ਹੋ ਜਾਣਗੀਆਂ। ਨੁਕਸਾਨ ਤਾਂ ਅੰਤ ਵਿਚ ਵਿਦਿਆਰਥੀਆਂ ਦਾ ਹੀ ਹੋਵੇਗਾ। ਇਸ ਤਰਜ਼ ਦਾ ਵਿੱਤੀ ਪ੍ਰਬੰਧ ਸਿੱਖਿਆ ਸੰਸਥਾਵਾਂ ਦੇ ਸੁਭਾਅ ਦੇ ਅਨੁਕੂਲ ਹੀ ਨਹੀਂ ਹੈ। ਕੁਝ ਹੀ ਦਿਨ ਪਹਿਲਾਂ ਹਰਿਆਣਾ ਸਰਕਾਰ ਨੇ ਐਲਾਨ ਕਰ ਦਿੱਤਾ ਸੀ ਕਿ ਅੱਗੇ ਤੋਂ ਸਰਕਾਰੀ ਯੂਨੀਵਰਸਿਟੀਆਂ ਨੂੰ ਸਾਲਾਨਾ ਗ੍ਰਾਂਟ ਦੀ ਥਾਂ ਕਰਜ਼ਾ ਦਿੱਤਾ ਜਾਵੇਗਾ। ਇਹ ਗੱਲ ਅਲੱਗ ਹੈ ਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਤਿੱਖੇ ਵਿਰੋਧ ਕਰਨ ਉਹ ਫੈਸਲਾ ਫਿਲਹਾਲ ਵਾਪਿਸ ਲੈਣਾ ਪਿਆ ਹੈ। ਸਪੱਸ਼ਟ ਹੈ ਕਿ ਕੇਂਦਰੀ ਪ੍ਰਬੰਧ ਕੋਲ ਵੀ ਰਾਹਤ ਵਾਲੇ ਬਦਲ ਨਹੀਂ ਹਨ। ਇਸ ਲਈ ਪੰਜਾਬ ਯੂਨੀਵਰਸਿਟੀ ਦੀ ਵਰਤਮਾਨ ਵਿਧਾਨਕ ਸਥਿਤੀ ਨੂੰ ਬਦਲਣ ਦਾ ਵਿਚਾਰ ਬੇਮਾਇਨਾ ਹੈ।

ਨਵੀਂ ਸਿੱਖਿਆ ਨੀਤੀ-2020 ਦੀਆਂ ਸਿਫ਼ਾਰਿਸ਼ਾਂ ਨੇ ਉਚੇਰੀ ਸਿੱਖਿਆ ਦੀ ਸਥਿਤੀ ਨੂੰ ਹੋਰ ਵੀ ਉਲਝਾ ਦਿੱਤਾ ਹੈ। ਇਹ ਨੀਤੀ ਛੋਟੇ ਆਕਾਰ ਦੀਆਂ ਸਿੱਖਿਆ ਸੰਸਥਾਵਾਂ ਨੂੰ ਵਿਹਾਰਕ ਨਹੀਂ ਮੰਨਦੀ ਅਤੇ ਉਨ੍ਹਾਂ ਦੀ ਥਾਂ ਵਿਸ਼ਾਲ ਬਹੁ-ਵਿਸ਼ਾਈ ਯੂਨੀਵਰਸਿਟੀਆਂ ਅਤੇ ਖੁਦਮੁਖਤਾਰ ਕਾਲਜਾਂ ਦੀ ਵਕਾਲਤ ਕਰਦੀ ਹੈ(10.1)। ਨੀਤੀ ਯੂਨੀਵਰਸਿਟੀਆਂ ਨਾਲੋਂ ਕਾਲਜਾਂ ਦਾ ਸੰਬੰਧ (afifilaiton) ਖਤਮ ਕਰਨ ਦੇ ਹੱਕ ਵਿਚ ਹੈ(10.12)। ਸਿੱਖਿਆ ਉੱਪਰ ਜੀਡੀਪੀ ਦਾ 6 ਪ੍ਰਤੀਸ਼ਤ ਖਰਚ ਕਰਨ ਦੀ ਰਸਮੀ ਪ੍ਰਤੀਬ-ਧਤਾ ਦਰਜ ਕਰਨ ਦੇ ਨਾਲ ਹੀ ਲੋਕ ਸੇਵਾ ਦੀ ਭਾਵਨਾ ਨਾਲ ਭਰੇ ਹੋਏ ਪ੍ਰਾਈਵੇਟ ਅਦਾਰਿਆਂ ਅਤੇ ਵਿਅਕਤੀਆਂ ਨੂੰ ਸੰ-ਸਥਾਵਾਂ ਖੋਲ੍ਹਣ ਦਾ ਸੱਦਾ ਦਿੰਦੀ ਹੈ(18.11)। ਜ਼ਾਹਿਰ ਹੈ ਕਿ ਵੱਡੇ ਆਕਾਰ ਦੀਆਂ ਸੰਸਥਾਵਾਂ ਖੋਲ੍ਹਣ ਲਈ ਵੱਡੇ ਸਰਮਾਏ ਦੇ ਮਾਲਕ ਹੀ ਹਿੰਮਤ ਕਰ ਸਕਣਗੇ ਅਤੇ ਵੱਡਾ ਸਰਮਾਇਆ ਤਾਂ ਕਾਰਪੋਰੇਟ ਜਗਤ ਕੋਲ ਹੀ ਹੁੰਦਾ ਹੈ। ਕੋਰਸਾਂ ਦੀ ਫੀਸ ਤੈਅ ਕਰਦੇ ਹੋਏ ਵਿਦਿਆਰਥੀਆਂ ਦੇ ਹਿਤਾਂ ਨੂੰ ਸਾਹਮਣੇ ਰੱਖਣ ਦਾ ਮਸ਼ਵਰਾ ਦੇਣ ਦੇ ਨਾਲ ਹੀ ਪ੍ਰਬੰਧਕਾਂ ਨੂੰ ਆਪਣੀ ਲਾਗਤ ਦੀ ਭਰਪਾਈ ਕਰਨ ਨੂੰ ਧਿਆਨ ਵਿਚ ਰੱਖਣ ਵੱਲ ਵੀ ਇਸ਼ਾਰਾ ਕਰਦੀ ਹੈ(18.14)। ਇਸ ਦੀ ਆੜ ਵਿਚ ਸਿੱਖਿਆ ਸਾਧਾਰਨ ਵਰਗ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ। ਸਾਰੀਆਂ ਉਚੇਰੀ ਸਿੱਖਿਆ ਸੰਸਥਾਵਾਂ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਬੋਰਡ ਆਫ ਗਵਰਨਰਜ਼ ਦੀ ਸਥਾਪਨਾ ਤਜਵੀਜ਼ ਕਰਦੀ ਹੈ ਅਤੇ ਇਸ ਲਈ ਪਹਿਲਾਂ ਤੋਂ ਬਣੇ ਅੜਿੱਕੇ ਪੈਦਾ ਕਰਦੇ ਕਾਨੂੰਨ ਨਾਮਨਜ਼ੂਰ ਕਰਦੇ ਹੋਏ ਨਵੇਂ ਕਾਨੂੰਨ ਬਣਾਉਣ ਦੀ ਵਿਧਾਨਕ ਕਾਰਵਾਈ ਕਰਨ ਲਈ ਤਤਪਰ ਹੈ(19.2)। ਰਾਜ ਸਰਕਾਰਾਂ ਦੀ ਭੂਮਿਕਾ ਦਾ ਕੋਈ ਵਿਸ਼ੇਸ਼ ਜ਼ਿਕਰ ਨਹੀਂ ਮਿਲਦਾ। ਹਰ ਸੰਸਥਾ ਦੇ ਬੋਰਡ ਆਫ ਗਵਰਨਰਜ਼ ਦੇ ਕਾਰਜਾਂ ਵਿਚ ਸੰਸਥਾ ਦੇ ਵਿਕਾਸ ਦੀ ਯੋਜਨਾ ਬਣਾਉਣ, ਅਧਿਆਪਕਾਂ ਦੀ ਨਿਯੁਕਤੀਆਂ ਲਈ ਮਾਪਦੰਡ ਤੇ ਸੇਵਾ ਸ਼ਰਤਾਂ ਤੈਅ ਕਰਨ, ਉਨ੍ਹਾਂ ਦੀਆਂ ਤਨਖਾਹਾਂ ਵਿਚ ਵਾਧਾ ਕਰਨ ਦਾ ਫ਼ੈਸਲਾ ਕਰਨ ਅਤੇ ਤਰੱਕੀ ਦੇ ਮਿਆਰ ਤੇ ਤਰੀਕੇ ਸੁਝਾਉਣਾ ਇਤਿਆਦ ਸ਼ਾਮਿਲ ਹੋਏਗਾ(13.6); ਭਾਵ, ਕੌਮੀ ਪੱਧਰ 'ਤੇ ਤਰਕਸੰਗਤ ਅਤੇ ਨਿਊਨਤਮ ਮਾਨਦੰਡ ਤੈਅ ਹੀ ਨਹੀਂ ਕੀਤੇ ਜਾਣਗੇ ਅਤੇ ਸੰਸਥਾ ਦੇ ਪ੍ਰਬੰਧਕਾਂ ਨੂੰ ਮਨਮਰਜ਼ੀ ਕਰਨ ਖੁੱਲ੍ਹ ਹੋਵੇਗੀ।

ਸਮੁੱਚੀ ਉਚੇਰੀ ਸਿੱਖਿਆ ਸੰਕਟ ਵਿਚ ਹੈ। ਦੋ ਮੁੱਖ ਰੁਝਾਨ ਸਪੱਸ਼ਟ ਹਨ, ਇੱਕ ਅਤਿ ਦੇ ਕੇਂਦਰੀਕਰਨ ਦਾ ਅਤੇ ਦੂਜਾ ਸਿੱਖਿਆ ਦੇ ਵਪਾਰੀਕਰਨ ਦਾ। ਲੋਕ ਹਿਤਾਂ ਨੂੰ ਪਹਿਲ ਦੇਣ ਵਾਲੀ ਕਮਜ਼ੋਰ ਹੋ ਚੁੱਕੀ ਸਿੱਖਿਆ ਵਿਵਸਥਾ ਅਤੇ ਪ੍ਰਫੁੱਲਤ ਕੀਤੀ ਜਾ ਰਹੀ ਬਾਜ਼ਾਰ ਦੀ ਅਧੀਨਗੀ ਵਾਲੀ ਸਿੱਖਿਆ ਵਿਵਸਥਾ ਦਾ ਟਕਰਾਅ ਤੀਬਰ ਹੁੰਦਾ ਦਿਖਾਈ ਦੇ ਰਿਹਾ ਹੈ। ਅਕਾਦਮਿਕ ਮਿਆਰਾਂ ਦਾ ਉਚਾਈ, ਲੋਕਤੰਤਰੀ ਤਰੀਕੇ ਨਾਲ ਵਿਚਾਰ ਵਟਾਂਦਰਾ ਕਰਨ ਦੇ ਮੌਕਿਆਂ, ਸਵਾਲ ਉਠਾਉਣ ਦੀਆਂ ਸੰਭਾਵਨਾਵਾਂ ਅਤੇ ਵਿਦਿਆਰਥੀਆਂ ਨੂੰ ਵਿਵੇਕਸ਼ੀਲ ਬਣਾਉਣ ਦੇ ਕਾਰਜ ਨੂੰ ਤੰਗ-ਨਜ਼ਰੀ ਨੇ ਢਕ ਲਿਆ ਹੈ। ਸਾਡਾ ਭਵਿੱਖ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਅਸੀਂ ਅੱਜ ਕਿਸ ਤਰ੍ਹਾਂ ਦੇ ਸਵਾਲਾਂ ਦੇ ਰੂਬਰੂ ਹੋਣ ਨੂੰ ਤਰਜੀਹ ਦੇਣਾ ਚਾਹਾਂਗੇ।

# ਆਪਣੀ ਹੋਂਦ ਦੇ ਸੰਕਟ ਨਾਲ ਜੂਝਦੀ ਸ਼ਿਵਸੈਨਾ



ਸੰਜੇ ਗੁਪਤ

ਬੀਤੇ ਕਈ ਦਹਾਕਿਆਂ ਤੋਂ ਮਹਾਰਾਸ਼ਟਰ ਦੀ ਸਿਆਸਤ ਵਿਚ ਗਹਿਰਾ ਅਸਰ ਰੱਖਣ ਵਾਲੀ ਸ਼ਿਵਸੈਨਾ ਜਿਸ ਤਰ੍ਹਾਂ ਟੁੱਟ-ਭੱਜ ਤੋਂ ਗ੍ਰਸਤ ਹੈ, ਉਸ ਦੇ ਲਈ ਊਧਵ ਠਾਕਰੇ ਆਪਣੇ ਇਲਾਵਾ ਹੋਰ ਕਿਸੇ ਨੂੰ ਦੋਸ਼ ਨਹੀਂ ਦੇ ਸਕਦੇ। ਮਰਾਠੀ ਅਸਮਿਤਾ ਅਤੇ ਹਿੰਦੂਤਵ ਦੀ ਰਾਜਨੀਤੀ ਲਈ ਜਾਣੀ ਜਾਂਦੀ ਸ਼ਿਵਸੈਨਾ ਦਾ ਗਠਨ ਜਿਸ ਬਾਲ ਠਾਕਰੇ ਨੇ ਕੀਤਾ ਸੀ, ਉਨ੍ਹਾਂ ਨੇ ਕਦੇ ਖ਼ੁਦ ਸੱਤਾ ਦੀ ਕਮਾਨ ਨਹੀਂ ਸੰਭਾਲੀ ਪਰ ਊਧਵ ਠਾਕਰੇ ਨੇ ਇਸ ਪ੍ਰੰਪਰਾ ਨੂੰ ਤੋੜ ਦਿੱਤਾ ਅਤੇ ਬੀਤੀ ਵਿਧਾਨ ਸਭਾ ਚੋਣ ਤੋਂ ਬਾਅਦ ਮੁੱਖ ਮੰਤਰੀ ਬਣਨ ਦੇ ਲਾਲਚ ਵਿਚ ਭਾਜਪਾ ਨਾਲੋਂ ਨਾਤਾ ਤੋੜ ਲਿਆ।

ਵਿਚਾਰਧਾਰਾ ਦੇ ਤੌਰ 'ਤੇ ਵੀ ਭਾਜਪਾ ਤੇ ਸ਼ਿਵਸੈਨਾ ਹਮਜੋਲੀ ਰਹੀਆਂ ਹਨ। ਕੁਦਰਤੀ ਸੀ ਕਿ ਹਮ-ਖ਼ਿਆਲੀ ਪਾਰਟੀ ਨਾਲੋਂ ਨਾਤਾ ਤੋੜਨਾ ਸ਼ਿਵਸੈਨਾ ਲਈ ਮਹਿੰਗਾ ਸਾਬਿਤ ਹੋਣਾ ਸੀ। ਇਹ ਫ਼ੈਸਲਾ ਆਤਮਘਾਤੀ ਸਿੱਧ ਹੋਇਆ ਕਿਉਂਕਿ ਉਹ ਉਸ ਕਾਂਗਰਸ ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਅਰਥਾਤ ਰਾਕਾਂਪਾ ਦੀ ਸ਼ਰਨ ਵਿਚ ਚਲੇ ਗਏ ਜੋ ਉਸ ਨੂੰ ਫ਼ਿਰਕੂ ਕਹਿ ਕੇ ਕੋਸਦੀ ਰਹਿੰਦੀ ਸੀ।

ਹਾਲਾਂਕਿ ਸ਼ਿਵਸੈਨਾ ਵਿਧਾਨ ਸਭਾ ਚੋਣਾਂ ਭਾਜਪਾ ਨਾਲ ਮਿਲ ਕੇ ਲੜੀ ਸੀ ਪਰ ਨਤੀਜੇ ਆਉਣ ਤੋਂ ਬਾਅਦ ਉਹ ਇਸ 'ਤੇ ਅੜ ਗਈ ਕਿ ਮੁੱਖ ਮੰਤਰੀ ਦਾ ਅਹੁਦਾ ਉਸ ਨੂੰ ਮਿਲੇ। ਉਸ ਨੇ ਇਹ ਅੜੀ ਇਸ ਤੋਂ ਬਾਅਦ ਵੀ ਕੀਤੀ ਕਿ ਉਸ ਨੂੰ ਮਹਿਜ਼ 55 ਸੀਟਾਂ ਮਿਲੀਆਂ ਸਨ ਅਤੇ ਭਾਜਪਾ ਨੂੰ 105 ਸੀਟਾਂ। ਇਕ ਸਮਾਂ ਸੀ ਜਦ ਸ਼ਿਵਸੈਨਾ ਭਾਜਪਾ ਦੀ ਸੀਨੀਅਰ ਸਹਿਯੋਗੀ ਹੋਇਆ ਕਰਦੀ ਸੀ ਪਰ ਬਾਅਦ ਵਿਚ ਭਾਜਪਾ ਦੇ ਮੁਕਾਬਲੇ ਉਸ ਦੇ ਵੋਟ ਪ੍ਰਤੀਸ਼ਤ ਅਤੇ ਸੀਟਾਂ ਵਿਚ ਕਮੀ ਆਉਂਦੀ ਗਈ। ਨਤੀਜਾ ਇਹ ਹੋਇਆ ਕਿ ਮੁੱਖ ਮੰਤਰੀ ਅਹੁਦਾ ਭਾਜਪਾ ਦੇ ਹਿੱਸੇ ਚਲਾ ਗਿਆ। ਲੱਗਦਾ ਹੈ ਕਿ ਸ਼ਿਵਸੈਨਾ ਇਸ ਕੌੜੀ ਰਾਜਨੀਤਕ ਹਕੀਕਤ ਨੂੰ ਹਜ਼ਮ ਨਹੀਂ ਕਰ ਪਾਈ ਅਤੇ ਇਸੇ ਲਈ ਪਿਛਲੀਆਂ ਚੋਣਾਂ ਤੋਂ ਬਾਅਦ ਉਸ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਭਾਜਪਾ ਨੇ ਉਸ ਨੂੰ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕੀਤਾ ਸੀ। ਭਾਜਪਾ ਨੇ ਕਿਉਂਕਿ ਅਜਿਹਾ ਕੋਈ ਵਾਅਦਾ ਕੀਤਾ ਹੀ ਨਹੀਂ ਸੀ, ਇਸ ਲਈ ਉਹ ਉਸ ਨੂੰ ਮੁੱਖ ਮੰਤਰੀ ਦਾ ਅਹੁਦਾ ਦੇਣ ਲਈ ਤਿਆਰ ਨਹੀਂ ਹੋਈ। ਸੱਤਾ ਲਈ ਉਤਾਵਲੇ ਦਿਸ ਰਹੇ ਊਧਵ ਠਾਕਰੇ ਨੂੰ ਰਾਕਾਂਪਾ ਸ਼ਰਦ ਪਵਾਰ ਨੇ ਨਾ ਸਿਰਫ਼ ਸਹਾਰਾ ਦਿੱਤਾ ਬਲਕਿ ਕਾਂਗਰਸ ਨੂੰ ਵੀ ਇਸ ਦੇ ਲਈ ਰਾਜ਼ੀ ਕਰ ਲਿਆ ਕਿ ਭਾਜਪਾ ਨੂੰ ਸੱਤਾ ਵਿਚ ਆਉਣ ਤੋਂ ਰੋਕਣ ਲਈ ਉਸ ਨੂੰ ਸ਼ਿਵਸੈਨਾ ਦੀ ਅਗਵਾਈ ਵਾਲੀ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ।

ਹੈਰਾਨੀ ਦੀ ਗੱਲ ਇਹ ਰਹੀ ਕਿ ਕਾਂਗਰਸ ਇਸ ਦੇ ਲਈ ਤਿਆਰ ਵੀ ਹੋ ਗਈ ਪਰ ਪਰ ਅੱਜ ਸਥਿਤੀ ਇਹ ਹੈ ਕਿ ਜਿਸ ਸ਼ਰਦ ਪਵਾਰ ਨੇ ਮਹਾਵਿਕਾਸ ਅਘਾੜੀ ਸਰਕਾਰ ਬਣਵਾਈ , ਉਹ ਸ਼ਿਵਸੈਨਾ ਵਿਚ ਵਿਦਰੋਹ ਨੂੰ ਉਸ ਦਾ ਅੰਦਰੂਨੀ ਮਾਮਲਾ ਦੱਸ ਕੇ ਫ਼ਰਜ਼ ਤੋਂ ਭੱਜ ਰਹੇ ਹਨ। ਇਸ ਤੋਂ ਤਾਂ ਇਹ ਲੱਗਦਾ ਹੈ ਕਿ ਉਨ੍ਹਾਂ ਨੇ ਸ਼ਿਵਸੈਨਾ ਦਾ ਇਸਤੇਮਾਲ ਕਰ ਕੇ ਉਸ ਨੂੰ ਉਸ ਦੇ ਹਾਲ 'ਤੇ ਛੱਡ ਦਿੱਤਾ। ਕਾਂਗਰਸ ਦੇ ਰੁਖ਼-ਰਵੱਈਏ ਤੋਂ ਵੀ ਇਹੀ ਪ੍ਰਗਟ ਹੁੰਦਾ ਹੈ ਕਿ ਉਸ ਨੂੰ ਇਸ ਦੀ ਚਿੰਤਾ ਨਹੀਂ ਕਿ ਊਧਵ ਸਰਕਾਰ ਰਹੇ ਜਾਂ ਜਾਵੇ।

ਮਹਾਰਾਸ਼ਟਰ ਸਰਕਾਰ ਦੀ ਕਮਾਨ ਭਾਵੇਂ ਹੀ ਊਧਵ ਠਾਕਰੇ ਦੇ ਹੱਥ ਵਿਚ ਹੋਵੇ ਪਰ ਉਸ ਨੂੰ ਇਕ ਤਰ੍ਹਾਂ ਨਾਲ ਸ਼ਰਦ ਪਵਾਰ ਹੀ ਚਲਾ ਰਹੇ ਸਨ। ਉਨ੍ਹਾਂ ਨੇ ਗ੍ਰਹਿ ਮੰਤਰਾਲੇ ਦੇ ਨਾਲ-ਨਾਲ ਵਿੱਤ ਮੰਤਰਾਲਾ ਆਪਣੇ ਦਲ ਦੇ ਨੇਤਾਵਾਂ ਨੂੰ ਦਿੱਤਾ। ਹਾਲਾਂਕਿ ਸ਼ਿਵਸੈਨਾ ਦੇ ਕਈ ਨੇਤਾ ਕਾਂਗਰਸ ਤੇ ਰਾਕਾਂਪਾ ਦੇ ਨਾਲ ਮਿਲ ਕੇ ਸਰਕਾਰ ਬਣਾਉਣ ਲਈ ਤਿਆਰ ਨਹੀਂ ਸਨ ਪਰ ਊਧਵ ਦੇ ਅੱਗੇ ਉਨ੍ਹਾਂ ਦੀ ਇਕ ਨਾ ਚੱਲੀ। ਮੁੱਖ ਮੰਤਰੀ ਬਣਨ ਦੇ ਲੋਭ ਵਿਚ ਉਨ੍ਹਾਂ ਨੇ ਇਸ ਦੀ ਪਰਵਾਹ ਨਹੀਂ ਕੀਤੀ ਕਿ ਕਾਂਗਰਸ ਅਤੇ ਰਾਕਾਂਪਾ ਦੇ ਨਾਲ ਮਿਲ ਕੇ ਸਰਕਾਰ ਬਣਾਉਣ ਨਾਲ ਸ਼ਿਵਸੈਨਾ ਦੇ ਸਮਰਥਕਾਂ ਅਤੇ ਵਰਕਰਾਂ ਵਿਚ ਕੀ ਪੈਗ਼ਾਮ ਜਾਵੇਗਾ? ਉਨ੍ਹਾਂ ਨੇ ਆਪਣੀਆਂ ਸਿਆਸੀ ਖ਼ਾਹਿਸ਼ਾਂ ਪੂਰੀਆਂ ਕਰਨ ਲਈ ਜਿਸ ਤਰ੍ਹਾਂ ਸ਼ਿਵਸੈਨਾ ਦੀ ਵਿਚਾਰਧਾਰਾ ਦਾ ਤਿਆਗ ਕੀਤਾ, ਉਸ ਦੇ ਮਾੜੇ ਨਤੀਜੇ ਸਾਹਮਣੇ ਆਉਣੇ ਹੀ ਸਨ। ਉਨ੍ਹਾਂ ਦੇ ਫ਼ੈਸਲੇ ਨੂੰ ਸ਼ਿਵਸੈਨਾ ਨੇਤਾਵਾਂ ਨੇ ਭਰੇ ਮਨ ਨਾਲ ਸਵੀਕਾਰ ਭਾਵੇਂ ਕਰ ਲਿਆ ਹੋਵੇ ਪਰ ਉਹ ਇਹ ਸਮਝ ਰਹੇ ਸਨ ਕਿ ਉਨ੍ਹਾਂ ਨੂੰ ਇਸ ਦੇ ਰਾਜਨੀਤਕ ਕੀਮਤ ਅਦਾ ਕਰਨੀ ਪਵੇਗੀ।

ਸ਼ਿਵਸੈਨਾ ਦੇ ਨੇਤਾ ਤੇ ਕਾਰਕੁਨ ਜੋ ਘੁਟਣ ਮਹਿਸੂਸ ਕਰ ਰਹੇ ਸਨ, ਉਸ ਦਾ ਪੂਰਾ ਲਾਭ ਭਾਜਪਾ ਨੇ ਉਠਾਇਆ। ਭਾਵੇਂ ਭਾਜਪਾ ਇਹ ਕਹਿ ਰਹੀ ਹੋਵੇ ਕਿ ਸ਼ਿਵਸੈਨਾ ਵਿਚ ਬਗ਼ਾਵਤ ਨਾਲ ਉਸ ਦਾ ਕੋਈ ਲੈਣ-ਦੇਣਾ ਨਹੀਂ ਪਰ ਕੋਈ ਵੀ ਸਮਝ ਸਕਦਾ ਹੈ ਕਿ ਵਿਦਰੋਹੀ ਸ਼ਿਵ-ਸੈਨਿਕਾਂ ਨਾਲ ਉਸ ਦਾ ਸੰਪਰਕ-ਸੰਵਾਦ ਬਰਕਰਾਰ ਹੋਵੇਗਾ। ਲੱਗਦਾ ਹੈ ਕਿ ਦੇਵੇਂਦਰ ਫੜਨਵੀਸ ਨੇ ਇਸ ਵਾਰ ਬਹੁਤ ਸਧੇ ਹੋਏ ਤਰੀਕੇ ਨਾਲ ਆਪਣੀ ਚਾਲ ਚੱਲੀ ਹੈ। ਇਸ ਤੋਂ ਪਹਿਲਾਂ ਫੜਨਵੀਸ ਕਾਰਨ ਹੀ ਭਾਜਪਾ ਨੇ ਪਹਿਲਾਂ ਰਾਜ ਸਭਾ ਚੋਣਾਂ ਵਿਚ ਬੜਤ ਹਾਸਲ ਕੀਤੀ ਅਤੇ ਫਿਰ ਵਿਧਾਨ ਪ੍ਰੀਸ਼ਦ ਚੋਣਾਂ ਵਿਚ ਵੀ। ਫੜਨਵੀਸ ਦੀ ਅਗਵਾਈ ਹੇਠ



ਭਾਜਪਾ ਨੇ ਬੀਤੇ ਢਾਈ ਸਾਲਾਂ ਵਿਚ ਸ਼ਿਵਸੈਨਾ ਨੂੰ ਵਾਰ-ਵਾਰ ਸਿਰਫ਼ ਸ਼ੀਸ਼ਾ ਹੀ ਨਹੀਂ ਦਿਖਾਇਆ ਬਲਕਿ ਇਹ ਵੀ ਉਜਾਗਰ ਕੀਤਾ ਕਿ ਮਹਾਵਿਕਾਸ ਅਘਾੜੀ ਸਰਕਾਰ ਇਕ ਬੇਮੇਲ ਗੱਠਜੋੜ ਵਾਲੀ ਸਰਕਾਰ ਹੈ। ਇਹ ਪਹਿਲੇ ਦਿਨ ਤੋਂ ਤੈਅ ਸੀ ਕਿ ਮਹਾਵਿਕਾਸ ਅਘਾੜੀ ਦੇ ਨਾਂ 'ਤੇ ਜੋ ਗੱਠਜੋੜ ਬਣਿਆ, ਉਹ ਅਸਥਾਈ ਹੈ ਕਿਉਂਕਿ ਕਾਂਗਰਸ ਲਗਾਤਾਰ ਕਹਿ ਰਹੀ ਸੀ ਕਿ ਉਹ ਅਗਲੀਆਂ ਚੋਣਾਂ ਆਪਣੇ ਦਮ 'ਤੇ ਲੜੇਗੀ ਪਰ ਊਧਵ ਠਾਕਰੇ ਦੀਵਾਰ 'ਤੇ ਲਿਖੀ ਇਬਾਰਤ ਪੜ੍ਹਨ ਤੋਂ ਇਨਕਾਰ ਕਰਦੇ ਰਹੇ।

ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਰਾਕਾਂਪਾ ਵੀ ਉਸ ਦੇ ਨਾਲ ਮਿਲ ਕੇ ਅਗਲੀ ਚੋਣ ਨਹੀਂ ਲੜਨ ਵਾਲੀ ਅਤੇ ਉਹ ਆਪਣੇ ਬਲਬੂਤੇ ਕੋਈ ਚਮਤਕਾਰ ਨਹੀਂ ਕਰ ਸਕਣਗੇ, ਫਿਰ ਵੀ ਉਨ੍ਹਾਂ ਨੇ ਦੂਰਦਰਸ਼ਿਤਾ ਦਿਖਾਉਣ ਤੋਂ ਇਨਕਾਰ ਕਰ ਦਿੱਤਾ। ਜਦ ਸ਼ਿਵ-ਸੈਨਿਕ ਇਸ ਨੂੰ ਲੈ ਕੇ ਬੇਚੈਨ ਸਨ ਕਿ ਉਹ ਅਗਲੀ ਚੋਣ ਵਿਚ ਕਿਸ ਮੂੰਹ ਨਾਲ ਜਨਤਾ ਕੋਲ ਜਾਣਗੇ ਤਦ ਊਧਵ ਰਾਕਾਂਪਾ ਅਤੇ ਕਾਂਗਰਸ ਨੂੰ ਖ਼ੁਸ਼ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਨੂੰ ਲੰਮੇ ਹੱਥੀਂ ਲੈ ਰਹੇ ਸਨ।

ਸ਼ਿਵਸੈਨਾ ਦੇ ਮੁੱਖ ਪੱਤਰ ਸਾਮਨਾ ਵਿਚ ਅਜਿਹੇ ਲੇਖ ਲਿਖੇ ਜਾ ਰਹੇ ਸਨ ਜੋ ਸ਼ਿਵਸੈਨਾ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੇ ਸਨ। ਇਕ ਸਮੱਸਿਆ ਇਹ ਵੀ ਸੀ ਕਿ ਊਧਵ ਆਪਣੇ ਮੰਤਰੀਆਂ ਨਾਲ ਵੀ ਮੁਸ਼ਕਲ ਨਾਲ ਹੀ ਮਿਲਦੇ ਸਨ। ਇਹ ਠੀਕ ਹੈ ਕਿ ਉਹ ਵਿਚ-ਵਿਚਾਲੇ ਹਿੰਦੂਤਵ ਦੀ ਗੱਲ ਕਰਦੇ ਰਹੇ ਅਤੇ ਖ਼ੁਦ ਨੂੰ ਹਿੰਦੂਤਵਵਾਦੀ ਸਾਬਿਤ ਕਰਨ ਲਈ ਅਯੁੱਧਿਆ ਵਿਚ ਰਾਮ ਮੰਦਰ ਨਿਰਮਾਣ ਦਾ ਸਿਹਰਾ ਲੈਣ ਦੀ ਕੋਸ਼ਿਸ਼ ਕਰਦੇ ਰਹੇ ਪਰ ਇਸ ਨਾਲ ਗੱਲ ਬਣੀ ਨਹੀਂ। ਹਾਲ ਹੀ ਵਿਚ ਉਨ੍ਹਾਂ ਨੇ ਬੇਟੇ ਆਦਿੱਤਿਆ ਠਾਕਰੇ ਨੂੰ ਅਯੁੱਧਿਆ ਭੇਜਿਆ ਪਰ ਉਸ ਦਾ ਕੋਈ ਖ਼ਾਸ ਅਸਰ ਇਸ ਲਈ ਨਹੀਂ ਪਿਆ ਕਿਉਂਕਿ ਉਹ ਕਾਂਗਰਸ ਅਤੇ ਰਾਕਾਂਪਾ ਦੇ ਏਜੰਡੇ ਨੂੰ ਹੀ ਅੱਗੇ ਵਧਾਉਂਦੇ ਦਿਸ ਰਹੇ ਸਨ। ਜੋ ਏਕਨਾਥ ਸ਼ਿੰਦੇ ਸ਼ਿਵਸੈਨਾ ਵਿਚ ਬਗ਼ਾਵਤ ਦੀ ਅਗਵਾਈ ਕਰ ਰਹੇ ਹਨ, ਉਹ ਪਾਰਟੀ ਦੇ ਕੱਦਾਵਰ ਨੇਤਾ ਹੀ ਨਹੀਂ, ਊਧਵ ਠਾਕਰੇ ਦੇ ਵਿਸ਼ਵਾਸਪਾਤਰ ਵੀ ਸਨ ਪਰ ਉਨ੍ਹਾਂ ਦੀ ਲਗਾਤਾਰ ਅਣਦੇਖੀ ਕੀਤੀ ਗਈ।

ਅਜਿਹੀ ਹੀ ਅਣਦੇਖੀ ਹੋਰ ਨੇਤਾ ਵੀ ਸਹਾਰ ਰਹੇ ਸਨ। ਸ਼ਿੰਦੇ ਅੱਜ ਵੀ ਕਹਿ ਰਹੇ ਹਨ ਕਿ ਉਹ ਸ਼ਿਵਸੈਨਾ ਦੀ ਵਿਚਾਰਧਾਰਾ ਨੂੰ ਪਰਣਾਏ ਹੋਏ ਹਨ ਤੇ ਉਨ੍ਹਾਂ ਦਾ ਧੜਾ ਹੀ ਅਸਲੀ ਸ਼ਿਵਸੈਨਾ ਹੈ। ਦੂਜੇ ਪਾਸੇ ਊਧਵ ਦਾ ਕਹਿਣਾ ਹੈ ਕਿ ਸ਼ਿੰਦੇ ਵਿਚ ਜੇ ਦਮ ਹੈ ਤਾਂ ਆਪਣੇ ਬਾਪ ਦੇ ਨਾਂ 'ਤੇ ਵੋਟਾਂ ਮੰਗ ਕੇ ਦੇਖੇ। ਮੇਰੇ ਬਾਪ ਦੇ ਨਾਂ ਦਾ ਸਹਾਰਾ ਨਾ ਲਵੇ। ਸ਼ਿੰਦੇ ਨੇ ਕੁਝ ਉਸੇ ਤਰ੍ਹਾਂ ਦਾ ਵਿਦਰੋਹ ਕੀਤਾ, ਜਿਵੇਂ ਇਕ ਸਮੇਂ ਆਂਧਰ ਪ੍ਰਦੇਸ਼ ਵਿਚ ਐਨਟੀ ਰਾਮਾਰਾਓ ਵਿਰੁੱਧ ਉਨ੍ਹਾਂ ਦੇ ਦਾਮਾਦ ਚੰਦਰਬਾਬੂ ਨਾਇਡੂ ਨੇ ਕੀਤਾ ਸੀ। ਸ਼ਿੰਦੇ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਕੋਲ ਲਗਪਗ 40 ਵਿਧਾਇਕ ਹਨ।

ਉਹ ਆਪਣੇ ਧੜੇ ਨੂੰ ਅਸਲੀ ਸ਼ਿਵਸੈਨਾ ਸਾਬਿਤ ਕਰਨ ਦੇ ਨਾਲ-ਨਾਲ ਨਵੀਂ ਪਾਰਟੀ ਬਣਾਉਣ ਦੇ ਵੀ ਸੰਕੇਤ ਦੇ ਰਹੇ ਹਨ। ਜੇਕਰ ਉਹ ਇਸ ਵਿਚ ਸਫਲ ਹੋ ਜਾਂਦੇ ਹਨ ਤਾਂ ਊਧਵ ਦੀ ਖੇਡ ਖ਼ਤਮ ਹੋ ਸਕਦੀ ਹੈ। ਸ਼ਿੰਦੇ ਦੇ ਤੇਵਰ ਇਹੀ ਦੱਸ ਰਹੇ ਹਨ ਕਿ ਊਧਵ ਲਈ ਸੱਤਾ ਦੇ ਨਾਲ-ਨਾਲ ਪਾਰਟੀ ਬਚਾਉਣ ਦੀ ਚੁਣੌਤੀ ਖੜ੍ਹੀ ਹੋ ਗਈ ਹੈ। ਉਹ ਗਹਿਰੇ ਸੰਕਟ ਵਿਚ ਹਨ, ਇਸ ਦਾ ਪਤਾ ਇਸ ਤੋਂ ਵੀ ਲੱਗਦਾ ਹੈ ਕਿ ਪਹਿਲਾਂ ਉਹ ਵਿਦਰੋਹੀ ਵਿਧਾਇਕਾਂ ਨਾਲ ਮੁੰਬਈ ਆ ਕੇ ਗੱਲ ਕਰਨ ਦੀ ਅਪੀਲ ਕਰ ਰਹੇ ਸਨ ਪਰ ਹੁਣ ਉਨ੍ਹਾਂ ਨੂੰ ਧਮਕਾ ਰਹੇ ਹਨ। ਸ਼ਿਵਸੈਨਾ ਸੰਕਟ ਇਹ ਵੀ ਦੱਸ ਰਿਹਾ ਹੈ ਕਿ ਵਿਚਾਰਧਾਰਾ ਨਾਲ ਸਮਝੌਤਾ ਕਰਨ ਅਤੇ ਪਰਿਵਾਰਵਾਦ ਨੂੰ ਹੱਲਾਸ਼ੇਰੀ ਦੇਣ ਦੇ ਨਤੀਜੇ ਚੰਗੇ ਨਹੀਂ ਹੁੰਦੇ।''

# ਅਗਨੀਪਥ ਯੋਜਨਾ ਦਾ ਫ਼ੌਜੀ ਢਾਂਚੇ 'ਤੇ ਅਸਰ

**ਮੇਜਰ ਜਨਰਲ ਅਸ਼ੋਕ ਕੇ ਮਹਿਤਾ (ਰਿਟਾ)**

ਸਰਕਾਰ ਨੂੰ ਆਪਣੀ 'ਅਗਨੀਪਥ' ਯੋਜਨਾ ਦਾ ਬਚਾਅ ਕਰਨ ਲਈ ਜੂਝਣਾ ਪੈ ਰਿਹਾ ਹੈ। ਇਸ ਤੋਂ ਇਹ ਚਿੱਟੇ ਦਿਨ ਵਾਂਗ ਸਾਫ਼ ਹੋ ਗਿਆ ਹੈ ਕਿ ਇਸ ਸਬੰਧੀ ਪਹਿਲਾਂ ਸਾਬਕਾ ਫ਼ੌਜੀ ਅਫ਼ਸਰਾਂ ਨਾਲ 'ਮਸ਼ਵਰਾ' ਕੀਤੇ ਹੋਣ ਦੇ ਦਾਅਵੇ ਕੀਤੇ ਜਾ ਰਹੇ ਸਨ, ਪਰ ਸਰਕਾਰ ਨਾਲ ਸਹਿਮਤੀ ਰੱਖਣ ਵਾਲਿਆਂ ਦੀ ਸਲਾਹ ਹੀ ਲਈ ਗਈ ਹੋਵੇਗੀ। ਹਵਾਈ ਫ਼ੌਜ ਤੇ ਸਮੁੰਦਰੀ ਫ਼ੌਜ ਦੇ ਮੁਖੀ, ਜਿਨ੍ਹਾਂ ਉੱਤੇ ਥਲ ਸੈਨਾ ਦੇ ਮੁਕਾਬਲੇ ਇਸ ਬਿਨਾ ਬਹੁਤ ਸੂਝ ਸਿਆਣਪ ਦੇ ਬਣਾਈ ਯੋਜਨਾ ਦਾ ਘੱਟ ਅਸਰ ਪਵੇਗਾ, ਨੇ ਮੰਨਿਆ ਹੈ ਕਿ ਉਹ ਯੋਜਨਾ ਖ਼ਿਲਾਫ਼ ਅਜਿਹੇ ਜ਼ੋਰਦਾਰ ਹਿੰਸਕ ਪ੍ਰਤੀਕਰਮ ਤੋਂ ਹੈਰਾਨ ਹਨ ਤੇ ਉਨ੍ਹਾਂ ਨੇ ਇਸ ਲਈ 'ਗ਼ਲਤ-ਜਾਣਕਾਰੀ' ਅਤੇ 'ਗ਼ਲਤਫ਼ਹਿਮੀ' ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਅਗਨੀਵੀਰਾਂ ਦੀ ਪੈਨਸ਼ਨ ਅਤੇ ਹੋਰ ਕਿਸੇ ਵੀ ਤਰ੍ਹਾਂ ਦੇ ਭੱਤਿਆਂ ਆਦਿ ਤੋਂ ਬਿਨਾਂ ਮਹਿਜ਼ ਚਾਰ-ਸਾਲਾ ਮਿਆਦ ਅਤੇ ਉਸ ਤੋਂ ਵੀ ਵੱਧ ਇੱਜ਼ਤ ਦੀ ਅਣਹੋਂਦ ਇਸ ਸਾਰੇ ਘੜਮੱਸ ਦਾ ਕਾਰਨ ਹੈ ਜਿਸ ਦੀ ਸਰਕਾਰ ਅਗਾਊਂ ਥਾਹ ਪਾਉਣ ਵਿਚ ਨਾਕਾਮ ਰਹੀ। ਨਾਲ ਹੀ ਇਹ ਅਤਿਕਥਨੀ ਨਹੀਂ ਹੋਵੇਗੀ ਕਿ ਇਸ ਯੋਜਨਾ ਕਾਰਨ ਸਿਸਟਮ ਵਿਚ ਪੈਦਾ ਹੋਣ ਵਾਲੇ ਵਿਗਾੜਾਂ ਦੇ ਸਿੱਟੇ ਵਜੋਂ 2032 ਤੱਕ ਫ਼ੌਜ ਵਿਚ ਪੱਕੇ ਫ਼ੌਜੀਆਂ ਅਤੇ ਅਗਨੀਵੀਰਾਂ ਦੀ ਗਿਣਤੀ ਅੱਧੋ-ਅੱਧ ਹੋ ਜਾਵੇਗੀ। ਅੱਜ ਨਿਮਰਤਾ ਨਾਲ ਸੇਵਾ ਕਰਨ ਵਾਲੇ ਫ਼ੌਜੀ ਜਨਰਲ ਤੇ ਉਨ੍ਹਾਂ ਦੇ ਹਮਰੁਤਬਾ ਪੂਰੀ ਤਰ੍ਹਾਂ 'ਜੀ ਹਜ਼ੂਰੀਏ' ਬਣ ਚੁੱਕੇ ਹਨ ਜਦੋਂਕਿ ਅਗਨੀਪਥ ਯੋਜਨਾ ਸਿਆਸੀ ਫੁਟਬਾਲ ਬਣ ਗਈ ਹੈ। ਹਾਲਤ ਇਹ ਹੈ ਕਿ ਕੁਝ ਕੇਂਦਰੀ ਮੰਤਰੀ ਤਾਂ ਉਮਰ ਦੀ ਹੱਦ ਵਿਚ ਇਕ ਵਾਰ ਲਈ 21 ਤੋਂ 23 ਸਾਲ ਤੱਕ ਦੀ ਦਿੱਤੀ ਗਈ ਛੋਟ ਲਈ ਪ੍ਰਧਾਨ ਮੰਤਰੀ ਦਾ ਸ਼ੁਕਰੀਆ ਅਦਾ ਕਰ ਰਹੇ ਹਨ। ਪਿਛਲੇ ਐਤਵਾਰ (19 ਜੂਨ) ਨੂੰ ਇਸ ਇਨਕਲਾਬੀ ਪ੍ਰਾਜੈਕਟ ਦੇ ਐਲਾਨ ਦੇ ਪੰਜ ਤੋਂ ਵੀ ਘੱਟ ਦਿਨਾਂ ਦੌਰਾਨ ਇਕ ਅਲੋਕਾਰ ਪ੍ਰੈੱਸ ਕਾਨਫਰੰਸ ਵਿਚ ਦੇਸ਼ ਦੀਆਂ ਤਿੰਨੇ ਸੈਨਾਵਾਂ ਦੇ ਮੁਖੀਆਂ ਨੇ ਇਕ ਵਾਰੀ ਫਿਰ ਮੀਡੀਆ ਨੂੰ ਸੰਬੋਧਨ ਕਰਦਿਆਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਪ੍ਰਣਾਲੀ ਵਿਚ ਇਸ ਤਬਦੀਲੀ ਲਈ 'ਜਵਾਂ ਪ੍ਰੋਫਾਈਲ' ('youthful proifle') ਮੁੱਖ ਸੇਧਗਾਰ ਕਾਰਕ ਸੀ। ਇਸ ਦੌਰਾਨ ਅਗਨੀਪੱਥ ਦੇ ਸਭ ਤੋਂ ਵੱਡੇ ਆਧਾਰ ਭਾਵ ਪੈਨਸ਼ਨ ਤੇ ਤਨਖ਼ਾਹਾਂ ਦੇ ਖ਼ਰਚਿਆਂ ਵਿਚ ਪੈਣ ਵਾਲੀ ਕਟੌਤੀ ਦਾ ਇਕ ਵਾਰ ਵੀ ਜ਼ਿਕਰ ਨਹੀਂ ਕੀਤਾ ਗਿਆ। ਦੋ ਸਾਲਾਂ ਤੱਕ ਫ਼ੌਜੀ ਭਰਤੀ ਨੂੰ ਟਾਲੀ ਰੱਖਣ ਪਿੱਛੇ ਕੋਵਿਡ ਦਾ ਦਿੱਤਾ ਗਿਆ ਹਵਾਲਾ ਸਭ ਤੋਂ ਵੱਡਾ ਅਸੱਤ (ਝੂਠ) ਹੈ ਜਦੋਂਕਿ ਇਸ



ਕਾਰਨ ਇਕੱਲੀ ਥਲ ਸੈਨਾ ਵਿਚ ਹੀ 1.25 ਲੱਖ ਨਫ਼ਰੀ ਦੀ ਕਮੀ ਹੋ ਗਈ ਕਿਉਂਕਿ ਅਸਲ ਵਿਚ ਅਜਿਹਾ (ਫ਼ੌਜੀ ਭਰਤੀ ਨਾ ਕਰਨਾ) ਅਗਨੀਪਥ ਸਕੀਮ ਬਣਾਉਣ ਲਈ ਕੀਤਾ ਗਿਆ ਸੀ। ਇੰਝ ਕਰ ਕੇ ਸਰਕਾਰ ਨੇ ਦੋ ਸਾਲਾਂ ਲਈ ਮਾਲੀਆ ਖ਼ਾਤੇ ਵਿਚ ਤਨਖ਼ਾਹਾਂ ਦੇ ਪੈਸੇ ਬਚਾਏ। ਸੜਕਾਂ ਉੱਤੇ ਉਤਰੇ ਨੌਜਵਾਨ ਸਵਾਲ ਪੁੱਛ ਰਹੇ ਹਨ: ਜਦੋਂ ਲਗਾਤਾਰ ਚੋਣਾਂ ਹੋ ਰਹੀਆਂ ਹਨ, ਕੁੰਭ ਮੇਲੇ ਲੱਗ ਸਕਦੇ ਹਨ, ਤਾਂ ਭਰਤੀ ਰੈਲੀਆਂ ਕਿਉਂ ਨਹੀਂ ਹੋ ਸਕਦੀਆਂ? ਅਤੇ ਜਿਵੇਂ 19 ਜੂਨ ਵਾਲੀ ਪ੍ਰੈੱਸ ਕਾਨਫਰੰਸ ਵਿਚ ਹੋਏ ਸਵਾਲ-ਜਵਾਬ ਤੋਂ ਜ਼ਾਹਰ ਹੈ, ਫ਼ੌਜੀ ਭਰਤੀ ਦੇ ਚਾਹਵਾਨ ਬਹੁਤ ਸਾਰੇ ਨੌਜਵਾਨ ਸਰੀਰਕ ਟੈਸਟ ਤੇ ਮੈਡੀਕਲ ਤੱਕ ਵਿਚੋਂ ਸਫ਼ਲ ਹੋ ਚੁੱਕੇ ਸਨ, ਪਰ ਉਨ੍ਹਾਂ ਨੂੰ ਲਿਖਤੀ ਇਮਤਿਹਾਨ ਲਈ ਨਹੀਂ ਸੱਦਿਆ ਗਿਆ। ਹਵਾਈ ਫ਼ੌਜ ਵਿਚ ਤਾਂ ਸਾਰੀਆਂ ਪ੍ਰਕਿਰਿਆਵਾਂ ਮੁਕੰਮਲ ਹੋ ਗਈਆਂ ਸਨ ਪਰ ਫਿਰ ਵੀ ਕਿਸੇ ਨੂੰ ਨਹੀਂ ਸੱਦਿਆ ਗਿਆ। ਇਹ ਗੱਲ ਵੀ ਸਾਫ਼ ਹੋ ਜਾਣੀ ਚਾਹੀਦੀ ਹੈ ਕਿ ਨੌਜਵਾਨਾਂ ਦੇ ਜ਼ਾਹਰਾ ਤੌਰ 'ਤੇ ਭਾਰੀ ਗ਼ੁੱਸੇ ਦਾ ਕਾਰਨ ਫ਼ੌਜ ਵਿਚ ਲੰਬਾ ਚੱਲਣ ਵਾਲੇ ਕਰੀਅਰ ਦੇ ਉਲਟ ਇਹ ਮਹਿਜ਼ ਚਾਰ ਸਾਲਾਂ ਵਾਲੀ ਭਰਤੀ ਨੀਤੀ ਹੈ। ਪ੍ਰੈਸ ਕਾਨਫਰੰਸ ਦੌਰਾਨ ਜਨਰਲਾਂ ਨੇ ਕਿਹਾ, ''ਸਕੀਮ ਹਰਗਿਜ਼ ਵਾਪਸ ਨਹੀਂ ਲਈ ਜਾਵੇਗੀ। ਅਗਸਤ ਦੇ ਮੱਧ ਵਿਚ 25000 ਅਗਨੀਵੀਰਾਂ ਦੇ ਪਹਿਲੇ ਬੈਚ ਦੀ ਭਰਤੀ ਲਈ ਰੈਲੀਆਂ ਵਿਚ ਆਉਣ ਵਾਲੇ ਨੌਜਵਾਨਾਂ ਨੂੰ ਇਹ ਹਲਫ਼ ਲੈਣਾ ਹੋਵੇਗਾ ਕਿ ਉਹ ਅਨੁਸ਼ਾਸਨਹੀਣਤਾ ਵਿਚ ਸ਼ਾਮਲ ਨਹੀਂ ਸਨ ਤੇ ਦਸੰਬਰ ਦੇ ਅਖ਼ੀਰ ਵਿਚ ਅਗਨੀਵੀਰ ਵਜੋਂ ਸਿਖਲਾਈ ਸ਼ੁਰੂ ਹੋਣ ਸਮੇਂ ਉਨ੍ਹਾਂ ਨੂੰ ਪੁਲੀਸ ਤੋਂ ਤਸਦੀਕ ਕਰਾ ਕੇ ਇਸ ਸਬੰਧੀ ਦਸਤਾਵੇਜ਼ ਲਿਆਉਣੇ ਪੈਣਗੇ।''

ਇਸ ਰਾਹੀਂ ਸਿਰਫ਼ ਫ਼ੌਜੀ ਭਰਤੀ ਪ੍ਰਣਾਲੀ ਨੂੰ ਹੀ ਨਵਿਆਇਆ ਨਹੀਂ ਜਾ ਰਿਹਾ ਸਗੋਂ ਭਰਪੂਰ ਮਨੁੱਖੀ ਸਰੋਤਾਂ ਉੱਤੇ ਆਧਾਰਿਤ ਫ਼ੌਜ ਦੀ ਵਰਗ ਬਣਤਰ ਵਿਚ ਵੀ ਬੁਨਿਆਦੀ ਤਬਦੀਲੀ ਕੀਤੀ ਜਾ ਰਹੀ ਹੈ ਅਤੇ ਇਸ ਦਾ ਫ਼ੌਜ ਦੀ ਕੰਮ-ਕਾਜੀ ਸਮਰੱਥਾ ਉੱਤੇ ਉਲਟ ਅਸਰ ਪਵੇਗਾ। ਫ਼ੌਜ ਦੇ ਇਕ ਸੇਵਾ-ਮੁਕਤ ਮੁਖੀ ਨੇ ਗੁਸਤਾਖ਼ ਢੰਗ ਨਾਲ ਕਿਹਾ ਕਿ ਜੇ ਕੋਈ ਕਮਾਂਡਿੰਗ ਅਫ਼ਸਰ ਇਕ ਸਾਲ ਵਿਚ ਕਿਸੇ ਅਗਨੀਵੀਰ ਦਾ ਯੂਨਿਟ ਨਾਲ ਤਾਲਮੇਲ ਨਹੀਂ ਬਣਾ ਸਕਦਾ ਅਤੇ ਉਸ ਨੂੰ ਪ੍ਰੇਰਿਤ ਨਹੀਂ ਕਰ ਸਕਦਾ ਤਾਂ ਉਹ ਕਮਾਂਡਿੰਗ ਅਫ਼ਸਰ ਬਣਨ ਦੇ ਕਾਬਲ ਨਹੀਂ ਹੈ। ਅਸੀਂ ਕਿਸੇ ਗ਼ਲਤੀ ਦਾ ਖ਼ਤਰਾ ਮੁੱਲ ਨਹੀਂ ਲੈ ਸਕਦੇ, ਕਿਉਂਕਿ ਭਾਰਤ ਨੂੰ ਦਰਪੇਸ਼ ਫ਼ੌਜੀ ਕਾਰਵਾਈ ਸਬੰਧੀ ਚੁਣੌਤੀਆਂ ਅਨੂਠੀਆਂ ਹਨ: ਢਾਈ ਲਗਾਤਾਰ ਜਾਰੀ ਜੰਗੀ ਮੁਹਾਜ਼ ਦੇ ਨਾਲ ਨਾਲ ਅਣਗਿਣਤ ਅੰਦਰੂਨੀ ਗੜਬੜਾਂ ਹੋਰ ਹਨ। ਇਸਰਾਈਲ, ਦੱਖਣੀ ਕੋਰੀਆ ਅਤੇ ਬ੍ਰਾਜ਼ੀਲ ਨੂੰ ਭਾਰਤ ਵਾਂਗ ਖ਼ਤਰਿਆਂ ਤੇ ਵੰਗਾਰਾਂ ਦਾ ਸਾਹਮਣਾ ਨਹੀਂ ਹੈ।

ਸਾਡੀ ਮੌਜੂਦਾ ਸਿਆਸੀ ਤੇ ਫ਼ੌਜੀ ਲੀਡਰਸ਼ਿਪ ਨੇ ਕੋਈ ਜੰਗ ਨਹੀਂ ਦੇਖੀ, ਉਨ੍ਹਾਂ ਨੂੰ ਸਿਰਫ਼ ਬਗ਼ਾਵਤ-ਰੋਕੂ ਤੇ ਦਹਿਸ਼ਤਗਰਦੀ-ਰੋਕੂ ਕਾਰਵਾਈਆਂ ਦਾ ਹੀ ਤਜਰਬਾ ਹੈ। ਜਿਨ੍ਹਾਂ ਨੌਜਵਾਨ ਫ਼ੌਜੀਆਂ ਨੇ ਟਾਈਗਰ ਹਿੱਲ ਫ਼ਤਹਿ ਕੀਤੀ ਸੀ, ਉਹ ਸਾਰੇ ਪੱਕੀ ਸੇਵਾ ਵਾਲੇ ਫ਼ੌਜੀ ਸਨ ਜਿਨ੍ਹਾਂ ਪਿੱਛੇ ਮਜ਼ਬੂਤ ਪੈਨਸ਼ਨ ਤੇ ਰੈਜੀਮੈਂਟਲ ਪ੍ਰਣਾਲੀ ਖੜ੍ਹੀ ਸੀ ਜੋ ਜਨਮ ਤੋਂ ਲੈ ਕੇ ਮੌਤ ਤੱਕ ਜਵਾਨਾਂ ਦਾ ਖ਼ਿਆਲ ਰੱਖਦੀ ਹੈ। ਕੁਝ ਸਾਬਕਾ ਫ਼ੌਜੀ ਅਫ਼ਸਰ ਗ਼ਲਤ ਢੰਗ ਨਾਲ ਚਾਰ ਸਾਲ ਸੇਵਾ ਨਿਭਾਉਣ ਵਾਲੇ ਫ਼ੌਜੀ ਜਵਾਨਾਂ ਵੱਲੋਂ ਵਿਕਟੋਰੀਆ ਕਰਾਸ ਜਿੱਤੇ ਜਾਣ ਦੇ ਹਵਾਲੇ ਦੇ ਰਹੇ ਹਨ। ਅਜਿਹੇ 95 ਫ਼ੀਸਦੀ ਐਵਾਰਡ ਸੱਤ ਸਾਲ ਜਾਂ ਵੱਧ ਦੀ ਫ਼ੌਜੀ ਸੇਵਾ ਵਾਲੇ ਜਵਾਨਾਂ ਨੇ ਜਿੱਤੇ ਸਨ। ਸਿਰਫ਼ ਇਕ ਰਾਈਫਲ-ਮੈਨ ਨੇ ਹੀ ਵਿਕਟੋਰੀਆ ਕਰਾਸ ਜਿੱਤਿਆ ਹੈ। ਵਧੇਰੇ ਜਵਾਂ ਪ੍ਰੋਫਾਈਲ - 26 ਅਤੇ 32 ਸਾਲ ਵਿਚਲੇ ਫ਼ਰਕ - ਨੂੰ ਦੋਵੇਂ ਤਰੀਕੇ

(ਬਾਕੀ ਸਫ਼ਾ 22 'ਤੇ)

# ਪੰਜਾਬ ’ਚ ਅਮਨ-ਕਾਨੂੰਨ ਦੀ ਸਥਿਤੀ ਚਿੰਤਾ ਵਾਲੀ ਕਿਉਂ ਬਣੀ?



ਉਜਾਗਰ ਸਿੰਘ

ਅਮਨ-ਕਾਨੂੰਨ ਦੀ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਹਰ ਰੋਜ਼ ਅਣ-ਸੁਖਾਵੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪੰਜਾਬ ਦੇ ਲੋਕ ਅਮਨ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਬੜੇ ਮਾੜੇ ਦਿਨ ਵੇਖੇ ਹਨ। ਇਸ ਲਈ ਸਰਕਾਰ ਦੀ ਪਹਿਲ ਲੋਕਾਂ ਨੂੰ ਸ਼ਾਂਤਮਈ ਵਾਤਾਵਰਨ ਦੇਣਾ ਬਣਦਾ ਹੈ। ਜਦੋਂ ਵੀ ਕੋਈ ਨਵੀਂ ਸਰਕਾਰ ਬਣਦੀ ਹੈ ਤਾਂ ਲੋਕਾਂ ਦੀਆਂ ਉਸ ’ਤੇ ਆਸਾਂ ਬਹੁਤ ਵਧ ਜਾਂਦੀਆਂ ਹਨ। ਖ਼ਾਸ ਤੌਰ ’ਤੇ ਜਦੋਂ ਲੋਕ ਪਹਿਲੀਆਂ ਸਰਕਾਰਾਂ ਤੋਂ ਬੁਰੀ ਤਰ੍ਹਾਂ ਤੰਗ ਅਤੇ ਔਖੇ ਹੋਣ। ਨਵੀਂ ਸਰਕਾਰ ਨੂੰ ਸਰਕਾਰੀ ਪ੍ਰਬੰਧਕੀ ਢਾਂਚੇ ਨੂੰ ਸਮਝਣ ਲਈ ਵੀ ਸਮਾਂ ਚਾਹੀਦਾ ਹੁੰਦਾ ਹੈ, ਖ਼ਾਸ ਤੌਰ ’ਤੇ ਉਸ ਸਮੇਂ ਜਦੋਂ ਬਹੁਤੇ ਚੁਣੇ ਹੋਏ ਨੁਮਾਇੰਦੇ ਪਹਿਲੀ ਵਾਰ ਸਰਕਾਰੀ ਅਹੁਦਿਆਂ ’ਤੇ ਬੈਠੇ ਹੋਣ। ਅਜਿਹੀ ਸਥਿਤੀ ਵਿਚ ਉਹ ਆਪਣੇ ਅਧਿਕਾਰੀਆਂ ’ਤੇ ਨਿਰਭਰ ਹੁੰਦੇ ਹਨ। ਚੰਗੇ ਨਤੀਜੇ ਦੇਣ ਲਈ ਸਰਕਾਰ ਨੂੰ ਘੱਟੋ-ਘੱਟ 6 ਮਹੀਨੇ ਦੇਣੇ ਬਣਦੇ ਹਨ। ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਣਿਆਂ ਅਜੇ ਸਿਰਫ਼ ਤਿੰਨ ਮਹੀਨੇ ਦਾ ਸਮਾਂ ਹੋਇਆ ਹੈ। ਵੋਟਰਾਂ ਦਾ ਰਵਾਇਤੀ ਪਾਰਟੀਆਂ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਤੋਂ ਵਿਸ਼ਵਾਸ ਉਠ ਗਿਆ ਸੀ। ਇਸ ਲਈ ਪੰਜਾਬ ਦੇ ਵੋਟਰਾਂ ਨੇ ਤੀਜੇ ਬਦਲ ਦੇ ਰੂਪ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਭਾਰੀ ਬਹੁਮਤ ਨਾਲ ਚੋਣ ਕੀਤੀ ਹੈ। ਨਵੀਂ ਸਰਕਾਰ ਤੋਂ ਲੋਕਾਂ ਨੂੰ ਉਮੀਦਾਂ ਜ਼ਿਆਦਾ ਹੋਣਾ ਵੀ ਕੁਦਰਤੀ ਹੈ ਜੋ ਇੰਨੇ ਥੋੜ੍ਹੇ ਸਮੇਂ ਵਿਚ ਪੂਰੀਆਂ ਕਰਨੀਆਂ ਅਸੰਭਵ ਹਨ, ਫਿਰ ਵੀ ਸਰਕਾਰ ਨੇ ਕੁਝ ਅਹਿਮ ਫ਼ੈਸਲੇ ਕਰ ਕੇ ਲੋਕਾਂ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਨੂੰ ਚੰਗੀ ਕਾਰਗੁਜ਼ਾਰੀ ਵਿਖਾਉਣ ਲਈ ਮਾਹੌਲ ਸਦਭਾਵਨਾ ਵਾਲਾ ਅਤੇ ਸ਼ਾਂਤਮਈ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਆਪਣਾ ਧਿਆਨ ਮੁੱਖ ਮੁੱਦਿਆਂ ’ਤੇ ਕੇਂਦ੍ਰਿਤ ਕਰ ਸਕੇ। ਹੜਤਾਲਾਂ, ਧਰਨੇ ਅਤੇ ਮੁਜ਼ਾਹਰੇ ਸਰਕਾਰ ਦੀ ਕਾਰਗੁਜ਼ਾਰੀ ਦੇ ਰਾਹ ਵਿਚ ਰੋੜਾ ਬਣਦੇ ਹੁੰਦੇ ਹਨ। ਸਰਕਾਰ ਵਿਕਾਸ ਦੀ ਥਾਂ ਧਰਨਕਾਰੀਆਂ ਦੀਆ ਮੰਗਾਂ ਅਤੇ ਮਸਲਿਆਂ ’ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕਰਨ ਵਿਚ ਮਸਰੂਫ਼ ਹੋ ਜਾਂਦੀ ਹੈ। ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਇਰਾਦੇ ਨਾਲ ਸਰਕਾਰ ਨੇ ਪਹਿਲਾ ਕਦਮ ਕੁਝ ਭ੍ਰਿਸ਼ਟ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਵਿਰੁੱਧ ਕਾਰਵਾਈ ਕਰ ਕੇ ਚੁੱਕਿਆ ਹੈ। ਸਭ ਤੋਂ ਪਹਿਲਾਂ ਉਨ੍ਹਾਂ ਆਪਣੇ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਹੀ ਗ੍ਰਿਫ਼ਤਾਰ ਕਰ ਕੇ ਸ਼ੁਰੂਆਤ ਕੀਤੀ ਸੀ। ਇਸ ਕਦਮ ਨਾਲ ਸਰਕਾਰ ਨੇ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਭ੍ਰਿਸ਼ਟਾਚਾਰ ਕਿਸੇ ਕੀਮਤ ’ਤੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਦੂਜੇ ਪਾਸੇ ਭਾਰੀ ਬਹੁਮਤ ਹਾਸਲ ਕਰਨ ਵਾਲੀ ਸਰਕਾਰ ਫ਼ਿਲਹਾਲ ਅਮਨ-ਕਾਨੂੰਨ ਦੇ ਖੇਤਰ ਵਿਚ ਆਪਣਾ ਪ੍ਰਭਾਵ ਵਿਖਾਉਣ ਵਿਚ ਅਸਫਲ ਹੁੰਦੀ ਜਾਪਦੀ ਹੈ। ਇਉਂ ਮਹਿਸੂਸ ਹੋ ਰਿਹਾ ਹੈ ਕਿ ਸਰਕਾਰ ਦੀ ਪ੍ਰਬੰਧਕੀ ਢਾਂਚੇ ’ਤੇ ਪਕੜ ਨਹੀਂ ਬਣ ਰਹੀ ਕਿਉਂਕਿ ਸਿਆਸੀ ਤਾਕਤ ਦੇ ਦੋ ਧੁਰੇ ਬਣੇ ਹੋਏ ਹਨ। ਇਕ ਧੁਰਾ ਦਿੱਲੀ ਵੱਲ ਨੂੰ ਵੇਖਦਾ ਹੈ, ਦੂਜਾ ਧੁਰਾ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ਼ਾਰਿਆਂ ਦੀ ਉਡੀਕ ਕਰਦਾ ਹੈ। ਪ੍ਰਬੰਧਕੀ ਢਾਂਚਾ ਸਿਵਲ ਅਤੇ ਪੁਲਿਸ ਹਰ ਫ਼ੈਸਲੇ ਲਈ ਦਿੱਲੀ ਦੇ ਮੁੱਖ ਮੰਤਰੀ ਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ’ਤੇ ਨਿਗਾਹਾਂ ਟਿਕਾਈ ਬੈਠਾ ਹੈ। ਭਾਵੇਂ ਮੁੱਖ ਮੰਤਰੀ ਨੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਕਿਸੇ ਵੀ ਅਣਸੁਖਾਵੀਂ ਘਟਨਾ ਲਈ ਜ਼ਿੰਮੇਵਾਰ ਬਣਾਇਆ ਹੈ ਪਰ ਅਜੇ ਤਕ ਸਾਰਥਕ ਨਤੀਜੇ ਆਉਣੇ ਸ਼ੁਰੂ ਨਹੀਂ ਹੋਏ। ਪਿਛਲੇ ਤਿੰਨ ਮਹੀਨਿਆਂ ਵਿਚ 160 ਕਤਲ ਹੋ ਚੁੱਕੇ ਹਨ। ਟਾਰਗੈਟ ਕਿਲਿੰਗ ਵੀ ਹੋ ਰਹੀਆਂ ਹਨ ਜਿਨ੍ਹਾਂ ਵਿਚ ਜਲੰਧਰ ਜ਼ਿਲ੍ਹੇ ਦੇ ਨਕੋਦਰ ਨੇੜੇ ਕਬੱਡੀ ਖਿਡਾਰੀ ਸੰਦੀਪ ਅੰਬੀਆਂ, ਧਰਮਿੰਦਰ ਸਿੰਘ ਦੌਣ ਕਲਾਂ ਅਤੇ ਸ਼ੁਭਪ੍ਰੀਤ ਸਿੰਘ ਸਿੱਧੂ ਮੂਸੇਵਾਲਾ ਸ਼ਾਮਲ ਹਨ। ਇਹ ਤਿੰਨੋ ਕਤਲ ਦਿਨ-ਦਿਹਾੜੇ ਕੀਤੇ ਗਏ ਹਨ ਜਿਸ ਕਾਰਨ ਪੰਜਾਬ ਦੇ ਲੋਕਾਂ ਵਿਚ ਡਰ ਅਤੇ ਭੈਅ ਵਾਲਾ ਮਾਹੌਲ ਬਣ ਗਿਆ ਹੈ। ਇਉਂ ਮਹਿਸੂਸ ਹੋ ਰਿਹਾ ਹੈ ਕਿ ਕਾਤਲਾਂ ਨੂੰ ਪੁਲਿਸ ਅਤੇ ਸਰਕਾਰ ਦਾ ਕੋਈ ਡਰ ਹੀ ਨਹੀਂ ਰਿਹਾ। ਮੀਡੀਆ ਦੀਆਂ ਖ਼ਬਰਾਂ ਤੋਂ ਪਤਾ ਲੱਗ ਰਿਹਾ ਹੈ ਕਿ ਕਥਿਤ ਗੈਂਗਸਟਰ ਇਹ ਸਾਰੀ ਕਾਰਵਾਈ ਬੇਖ਼ੌਫ਼ ਹੋ ਕੇ ਜੇਲ੍ਹ ਵਿਚ ਬੈਠੇ ਕਰ ਰਹੇ ਹਨ। ਜੇਲ੍ਹ ਵਿਚ ਹੀ ਯੋਜਨਾਵਾਂ ਬਣਦੀਆਂ ਹਨ ਅਤੇ ਉੱਥੋਂ ਹੀ ਹੁਕਮ ਦਿੱਤੇ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਜੇਲ੍ਹਾਂ ਵਿਚ ਮੋਬਾਈਲ ਫੋਨ ਕਿਸ ਤਰ੍ਹਾਂ ਪਹੁੰਚਦੇ ਹਨ? ਇਸ ਤੋਂ ਲੱਗਦਾ ਹੈ ਕਿ ਸਾਰਾ ਤਾਣਾ-ਬਾਣਾ ਹੀ ਆਪਸ ਵਿਚ ਮਿਲਿਆ ਹੋਇਆ ਹੈ। ਜੇਲ੍ਹਾਂ ’ਚੋਂ ਹੀ ਫਿਰੌਤੀਆਂ ਦੇ ਫੋਨ ਆ ਰਹੇ ਹਨ। ਮੋਗਾ ਦੇ ਡਾਲਾ ਪਿੰਡ ਵਿਚ ਸਵੇਰੇ ਹੀ ਸੁਖਬੀਰ ਸਿੰਘ ਦੇ ਘਰ ਦੇ ਬਾਹਰ ਗੋ.ਲੀਆਂ ਚਲਾ ਦਿੱਤੀਆਂ ਗਈਆਂ ਕਿਉਂਕਿ ਪਿਛਲੇ ਕਈ ਦਿਨਾਂ ਤੋਂ ਇਕ ਕਥਿਤ ਗੈਂਗਸਟਰ ਉਸ ਕੋਲੋਂ 15 ਲੱਖ ਦੀ ਫਿਰੌਤੀ ਮੰਗ ਰਿਹਾ ਸਨ। ਪਿੱਛੇ ਜਿਹੇ ਬਠਿੰਡਾ ਜੇਲ੍ਹ ਵਿਚ ਬੰਦ ਸਰਾਜ ਮਿੰਟੂ ਨੇ ਆਪਣੀਆਂ ਤਸਵੀਰਾਂ ਜੇਲ੍ਹ ’ਚੋਂ ਹੀ ਆਪਣੀ ਆਈਡੀ ’ਤੇ ਪੋਸਟ ਕੀਤੀਆਂ ਹਨ। ਬਠਿੰਡਾ ਜੇਲ੍ਹ ਵਿਚ ਹੀ ਇਕ ਕੈਦੀ ਦੀ ਕੁੱਟਮਾਰ ਦੀਆਂ ਖ਼ਬਰਾਂ ਆਈਆਂ। ਦੋ ਪੁਲਸੀਆਂ ਨੇ ਕਥਿਤ ਗੈਂਗਸਟਰ ਦੇ ਜਾਅਲੀ ਵੈਰੀਫੀਕੇਸ਼ਨ ਕਰ ਕੇ ਪਾਸਪੋਰਟ ਬਣਾ ਦਿੱਤੇ ਜਿਹੜੇ ਵਿਦੇਸ਼ ਭੱਜ ਗਏ ਹਨ। ਗੁਪਤਚਰ ਵਿਭਾਗ ਦੀਆਂ ਸੂਚਨਾਵਾਂ ਕਹਿੰਦੀਆਂ ਹਨ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਬੈਠੇ ਗੈਂਗਸਟਰ ਬਾਹਰਲੇ ਰਾਜਾਂ ਦੇ ਗੈਂਗਸਟਰਾਂ ਨੂੰ ਹਾਇਰ ਕਰ ਕੇ ਕਾਰਵਾਈਆਂ ਕਰਵਾ ਰਹੇ ਹਨ। ਪਿੱਛੇ ਜਿਹੇ ਫਰੀਦਕੋਟ ਜੇਲ੍ਹ ’ਚੋਂ ਇਕ ਕੈਦੀ ਨੇ ਵੀਡੀਓ ਵਾਇਰਲ ਕੀਤੀ ਸੀ। ਪੁਲਿਸ ਅਤੇ ਜੇਲ੍ਹਤੰਤਰ ਦੀ ਕਾਰਗੁਜ਼ਾਰੀ ਸ਼ੱਕ ਦੀ ਨਿਗਾਹ ਨਾਲ ਵੇਖੀ ਜਾ ਰਹੀ ਹੈ। ਇਹ ਕਿਹਾ ਜਾ ਰਿਹਾ ਹੈ ਕਿ ਪੰਜਾਬ ਵਿਚ 70 ਖ਼ੂੰਖ਼ਾਰ ਗੈਂਗਸਟਰ ਅਤੇ 500 ਉਨ੍ਹਾਂ ਦੇ ਹੋਰ ਮੈਂਬਰ ਹਨ। ਜੇਲ੍ਹਾਂ ਉਨ੍ਹਾਂ ਦੀਆਂ ਸੇਫ ਪਨਾਹਗਾਹਾਂ ਬਣੀਆਂ ਹੋਈਆਂ ਹਨ।



ਪਟਿਆਲਾ ਦੇ ਕਾਲੀ ਮਾਤਾ ਮੰਦਰ ਵਿਖੇ ਦੋ ਭਾਈਚਾਰਿਆਂ ਦੇ ਹੋਏ ਝਗੜੇ ਕਾਰਨ ਪਟਿਆਲਾ ਵਿਚ ਕਰਫਿਊ ਲਗਾਉਣਾ ਪਿਆ ਸੀ। ਕਈ ਥਾਵਾਂ ’ਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਜਾ ਰਹੇ ਹਨ ਜਿਸ ਕਾਰਨ ਮਾਹੌਲ ਖ਼ਰਾਬ ਹੋਣ ਦਾ ਡਰ ਪੈਦਾ ਹੋ ਗਿਆ ਹੈ। ਦਸ ਮਈ ਨੂੰ ਪੰਜਾਬ ਗੁਪਤਚਰ ਵਿਭਾਗ ਦੇ ਮੁੱਖ ਦਫ਼ਤਰ ਮੁਹਾਲੀ ਵਿਖੇ ਹਮਲਾ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਦੇ ਸਾਹਮਣੇ ਦਿਨ-ਦਿਹਾੜੇ ਪਟਿਆਲਾ ਜ਼ਿਲ੍ਹੇ ਦੇ ਦੌਣ ਕਲਾਂ ਪਿੰਡ ਦੇ ਕਬੱਡੀ ਖਿਡਾਰੀ ਧਰਮਿੰਦਰ ਸਿੰਘ ਦਾ ਗੋ.ਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਲੁਧਿਆਣਾ ਦੇ ਪੋਸ਼ ਇਲਾਕੇ ਵਿਚ ਇਕ ਬਜ਼ੁਰਗ ਜੋੜੇ ਦਾ ਕਤਲ ਕੀਤਾ ਗਿਆ।

ਪਟਿਆਲਾ ਜ਼ਿਲ੍ਹੇ ਦੇ ਬਾਰਨ ਪਿੰਡ ਵਿੱਚੋਂ ਦੋ ਗਰਨੇਡ ਮਿਲੇ ਸਨ ਅਤੇ 30 ਮਈ ਨੂੰ ਇਕ ਇਸਤਰੀ ਅਤੇ ਉਸ ਦੀ ਲੜਕੀ ਨੂੰ ਦੇਵੀਗੜ੍ਹ ਦੇ ਇਲਾਕੇ ਵਿਚ ਸ਼ਰੇਆਮ ਕਤਲ ਕਰ ਦਿੱਤਾ ਗਿਆ। ਛੱਬੀ ਜੂਨ ਨੂੰ ਡੇਰਾਬਸੀ ਇਲਾਕੇ ਵਿਚ ਇਕ ਵਿਅਕਤੀ ਨੇ ਤਲਾਸ਼ੀ ਦੇਣ ਤੋਂ ਹੀ ਪੁਲਿਸ ਨੂੰ ਇਨਕਾਰ ਕਰ ਦਿੱਤਾ ਜਿਸ ਕਾਰਨ ਪੁਲਿਸ ਨੇ ਆਪਣੀ ਧਾਂਕ ਜਮਾਉਣ ਲਈ ਉਸ ਦੇ ਪੱਟ ਵਿਚ ਗੋ.ਲੀ ਮਾਰ ਦਿੱਤੀ। ਇਸੇ ਤਰ੍ਹਾਂ 27 ਜੂਨ ਨੂੰ ਗੋਬਿੰਦਗੜ੍ਹ ਵਿਖੇ ਲੁਟੇਰਿਆਂ ਨੇ ਇਕ ਵਿਅਕਤੀ ਤੋਂ ਦਿਨ-ਦਿਹਾੜੇ 8 ਲੱਖ ਰੁਪਏ ਲੁੱਟ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ।

ਬੱਧਨੀ ਕਲਾਂ ਮਾਰਕੀਟ ਵਿਚ ਇਕ ਲੜਕਾ ਮਾਰ ਦਿੱਤਾ ਗਿਆ ਅਤੇ ਅਹਿਮਦਗੜ੍ਹ ਕੋਲ ਇਕ ਵਿਅਕਤੀ ਦਾ ਗਲ ਵੱਢ ਕੇ ਕਤਲ ਕਰ ਦਿੱਤਾ ਗਿਆ। ਪੰਜਾਬ ਦੇ ਲੋਕਾਂ ਦੇ ਸਬਰ ਦਾ ਪਿਆਲਾ ਭਰ ਚੁੱਕਿਆ ਹੈ। ਇਕ ਬੱਚੀ ਦਾ ਬਲਾਤਕਾਰ ਕਰ ਕੇ ਮਾਰ ਦਿੱਤੀ ਗਈ ਹੈ। ਤਰਨਤਾਰਨ ਜ਼ਿਲ੍ਹੇ ਦੇ ਨੌਸ਼ਹਿਰਾ ਪੰਨੂੰਆਂ ਵਿਖੇ 8 ਮਈ ਨੂੰ ਡੇਢ ਕਿੱਲੋ ਆਰਡੀਐਕਸ ਫੜਿਆ ਗਿਆ। ਪੰਜਾਬ ਸਰਕਾਰ ਨੇ ਭਾਵੇਂ ਗੈਂਗਸਟਰਾਂ ’ਤੇ ਨਿਗਾਹ ਰੱਖਣ ਅਤੇ ਨੱਪਣ ਲਈ ਇਕ ਏਡੀਜੀਪੀ ਦੀ ਅਗਵਾਈ ’ਚ ‘ਐਂਟੀ ਗੈਂਗਸਟਰ ਟਾਸਕ ਫੋਰਸ’ ਬਣਾਈ ਹੈ ਪਰ ਹਾਲਾਤ ਕਾਬੂ ਹੇਠ ਆਉਂਦੇ ਨਹੀਂ ਲੱਗਦੇ।

# ਸੰਗਰੂਰ ਉਪ ਚੋਣ ਦੇ ਨਤੀਜਿਆਂ ਦੇ ਸੱਤਾਧਾਰੀ ਅਤੇ ਵਿਰੋਧੀ ਧਿਰਾਂ ਲਈ ਸਬਕ

23 ਸਾਲਾਂ ਬਾਅਦ ਸੰਗਰੂਰ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਐਮਪੀ ਬਣਨ ਦੇ ਬਹੁਤ ਗੂੜ੍ਹ ਅਰਥ ਹਨ। ਇਸ ਤੋਂ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਤਾਂ 5,822 ਵੋਟਾਂ ਨਾਲ ਹੋਈ ਇਹ ਜਿੱਤ ਪੰਜਾਬ ’ਚ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਚਿੰਤਾ ਦਾ ਵਿਸ਼ਾ ਹੈ। ਉਸ ਨੂੰ ਹੁਣ ਚਿੰਤਾ ਛੱਡ ਕੇ ਚਿੰਤਨ

ਸਾਲ 2014 ’ਚ ਜਦੋਂ ਪੂਰੇ ਦੇਸ਼ ਵਿਚ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਵਾ ਸੀ, ਤਦ ਇੱਥੋਂ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਲੱਖਾਂ ਵੋਟਾਂ ਦੇ ਫ਼ਰਕ ਨਾਲ ਜਿਤਾਇਆ ਸੀ। ਉਸ ਤੋਂ ਪਹਿਲਾਂ ਜਦੋਂ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, ਤਦ 2014 ’ਚ ਇਸੇ ਹਲਕੇ ਦੇ ਵੋਟਰਾਂ ਨੇ ਕਾਂਗਰਸ ਦੇ ਵਿਜੇਇੰਦਰ ਸਿੰਗਲਾ ਨੂੰ ਐਮਪੀ ਬਣਾਇਆ ਸੀ। ਐਤਕੀਂ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਧੂੜ ਚਟਾ ਦਿੱਤੀ ਹੈ ਜਦਕਿ ਇਹ ਹਲਕਾ ਤਾਂ ਹੁਣ ਤਕ ਆਮ ਆਦਮੀ ਪਾਰਟੀ ਦੀ ਰਾਜਧਾਨੀ ਮੰਨਿਆ ਜਾਂਦਾ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿਮਰਨਜੀਤ ਸਿੰਘ ਮਾਨ ਨੂੰ ਇਸ ਵਾਰ ਸਿੱਧੂ ਮੂਸੇਵਾਲਾ ਤੇ ਦੀਪ ਸਿੱਧੂ ਦੀ ਵਿਚਾਰਧਾਰਾ ਦਾ ਵੀ ਵੱਡਾ ਸਹਾਰਾ ਮਿਲਿਆ ਜੋ ਉਨ੍ਹਾਂ ਦੀ ਜਿੱਤ ਵਿਚ ਫ਼ੈਸਲਾਕੁੰਨ ਸਿੱਧ ਹੋਇਆ।



ਤੇ ਮੰਥਨ ਵੀ ਕਰਨਾ ਹੋਵੇਗਾ ਕਿ ਆਖ਼ਰ ਅਜਿਹੇ ਹਾਲਾਤ ਕਿਵੇਂ ਪੈਦਾ ਹੋ ਗਏ ਕਿ ਸਿਰਫ਼ ਤਿੰਨ ਮਹੀਨੇ ਪਹਿਲਾਂ ਵਿਧਾਨ ਸਭਾ ਚੋਣਾਂ ’ਚ ਜਿਹੜੀ ਪਾਰਟੀ ਨੇ ਹੂੰਝਾ-ਫੇਰੂ ਜਿੱਤ ਹਾਸਲ ਕੀਤੀ ਹੋਵੇ, ਉਸ ਨੂੰ ਸੰਸਦੀ ਚੋਣ ਵਿਚ ਇੰਜ ਨਮੋਸ਼ੀ ਦਾ ਸਾਹਮਣਾ ਕਰਨਾ ਪਵੇ। ਆਮ ਤੌਰ ’ਤੇ ਹੁਣ ਤਕ ਵੇਖਿਆ ਇਹੋ ਗਿਆ ਹੈ ਕਿ ਜ਼ਿਮਨੀ ਚੋਣਾਂ ਜ਼ਿਆਦਾਤਰ ਇਲਾਕੇ ਦੀ ਸੱਤਾਧਾਰੀ ਪਾਰਟੀ ਦੇ ਹੱਕ ’ਚ ਭੁਗਤਿਆ ਕਰਦੀਆਂ ਹਨ। ਉਂਜ ਵੀ ਸੰਗਰੂਰ ਹਲਕੇ ਦੇ ਵੋਟਰ ਬਾਗ਼ੀਆਨਾ ਤਬੀਅਤ ਦੇ ਮਾਲਕ ਹਨ। ਸਾਲ 2014 ’ਚ ਜਦੋਂ ਪੂਰੇ ਦੇਸ਼ ਵਿਚ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਵਾ ਸੀ, ਤਦ ਇੱਥੋਂ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਲੱਖਾਂ ਵੋਟਾਂ ਦੇ ਫ਼ਰਕ ਨਾਲ ਜਿਤਾਇਆ ਸੀ। ਉਸ ਤੋਂ ਪਹਿਲਾਂ ਜਦੋਂ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, ਤਦ 2014 ’ਚ ਇਸੇ ਹਲਕੇ ਦੇ ਵੋਟਰਾਂ ਨੇ ਕਾਂਗਰਸ ਦੇ ਵਿਜੇਇੰਦਰ ਸਿੰਗਲਾ ਨੂੰ ਐਮਪੀ ਬਣਾਇਆ ਸੀ। ਐਤਕੀਂ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਧੂੜ ਚਟਾ ਦਿੱਤੀ ਹੈ ਜਦਕਿ ਇਹ ਹਲਕਾ ਤਾਂ ਹੁਣ ਤਕ ਆਮ ਆਦਮੀ ਪਾਰਟੀ ਦੀ ਰਾਜਧਾਨੀ ਮੰਨਿਆ ਜਾਂਦਾ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿਮਰਨਜੀਤ ਸਿੰਘ ਮਾਨ ਨੂੰ ਇਸ ਵਾਰ ਸਿੱਧੂ ਮੂਸੇਵਾਲਾ ਤੇ ਦੀਪ ਸਿੱਧੂ ਦੀ ਵਿਚਾਰਧਾਰਾ ਦਾ ਵੀ ਵੱਡਾ ਸਹਾਰਾ ਮਿਲਿਆ ਜੋ ਉਨ੍ਹਾਂ ਦੀ ਜਿੱਤ ਵਿਚ ਫ਼ੈਸਲਾਕੁੰਨ ਸਿੱਧ ਹੋਇਆ। ਇਸ ਵਾਰ ਦੀ ਸੰਸਦੀ ਚੋਣ ’ਚ ਅਕਾਲੀ ਦਲ ਨਾਲੋਂ ਭਾਰਤੀ ਜਨਤਾ ਪਾਰਟੀ ਨੂੰ ਵੱਧ ਵੋਟਾਂ ਮਿਲੀਆਂ ਹਨ।

ਇਹ ਦੋਵੇਂ ਪਾਰਟੀਆਂ ਪਿਛਲੇ ਸਾਲ ਦੇ ਕਿਸਾਨ ਅੰਦੋਲਨ ਤੋਂ ਪਹਿਲਾਂ ਤਕ ਭਾਈਵਾਲ ਸਨ। ਸ਼੍ਰੋਮਣੀ ਅਕਾਲੀ ਦਲ ਦਾ ਇਸ ਚੋਣ ਵਿਚ 5ਵੇਂ ਸਥਾਨ ’ਤੇ ਰਹਿਣਾ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ’ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਹੁਣ ਉਸ ਦਾ ਇਸ ਮੁੱਦੇ ’ਤੇ ਆਤਮ-ਮੰਥਨ ਕਰਨਾ ਬਣਦਾ ਹੈ ਕਿ ਕੀ ਉਸ ਦਾ ਭਾਰਤੀ ਜਨਤਾ ਪਾਰਟੀ ਨਾਲੋਂ ਤੋੜ-ਵਿਛੋੜਾ ਠੀਕ ਸੀ ਅਤੇ ਉਨ੍ਹਾਂ ਦੋਵਾਂ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਕਿਉਂ ਜ਼ਬਤ ਹੋਈਆਂ ਹਨ। ਓਧਰ ਬੀਬੀ ਕਮਲਦੀਪ ਕੌਰ ਨੂੰ ਸੰਗਰੂਰ ਦੇ ਚੋਣ ਮੈਦਾਨ ’ਚ ਉਤਾਰ ਕੇ ਅਤੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਬਣਾ ਕੇ ਕੁਝ ਧਿਰਾਂ ਨੇ ਸਿੱਖ ਪੰਥ ਦੇ ਹਿਤੈਸ਼ੀ ਹੋਣ ਦਾ ਦਾਅਵਾ ਕੀਤਾ ਸੀ ਪਰ ਇਹ ਕੋਸ਼ਿਸ਼ ਵੀ ਨਾਕਾਮ ਰਹੀ। ਇਨ੍ਹਾਂ ਧਿਰਾਂ ਨੂੰ ਲੱਗਦਾ ਸੀ ਕਿ ਅਕਾਲੀ ਦਲ ਤਾਂ ਪੰਥਕ ਮੁੱਦੇ ਸੰਭਾਲ ਨਹੀਂ ਸਕਿਆ ਅਤੇ ਹੁਣ ਉਹ ਇਹ ਵਾਗਡੋਰ ਸੰਭਾਲ ਕੇ ਉਸ ਦੀ ਥਾਂ ਲੈ ਲੈਣਗੇ ਪਰ ਵੋਟਰਾਂ ਨੇ ਇਹ ਸਭ ਪ੍ਰਵਾਨ ਨਹੀਂ ਕੀਤਾ। ਯਕੀਨੀ ਤੌਰ ’ਤੇ ਵੋਟਰ ਬੜੇ ਸਿਆਣੇ ਹੁੰਦੇ ਹਨ। ਉਨ੍ਹਾਂ ਨੇ ਜੋ ਵੀ ਫ਼ਤਵਾ ਦਿੱਤਾ ਹੈ, ਉਹ ਆਮ ਆਦਮੀ ਪਾਰਟੀ ਸਮੇਤ ਸਭ ਨੇ ਖਿੜੇ ਮੱਥੇ ਪ੍ਰਵਾਨ ਕਰ ਲਿਆ ਹੈ। ਸਿਮਰਨਜੀਤ ਸਿੰਘ ਮਾਨ ਨੇ ਜਿੱਤ ਤੋਂ ਬਾਅਦ ਕਿਹਾ ਹੈ ਕਿ ਉਹ ਆਪਣੇ ਹਲਕੇ ਦੇ ਕਿਸਾਨਾਂ, ਖੇਤ ਮਜ਼ਦੂਰਾਂ, ਵਪਾਰੀਆਂ ਤੇ ਆਮ ਲੋਕਾਂ ਦੇ ਦੁੱਖ ਦੂਰ ਕਰਨ ਲਈ ਸਖ਼ਤ ਮਿਹਨਤ ਕਰਨਗੇ। ‘ਆਪ’ ਦੇ ਗੜ੍ਹ ’ਚ ਉਨ੍ਹਾਂ ਦੀ ਇਹ ਸੰਨ੍ਹ ਪੰਜਾਬੀਆਂ ਨੂੰ ਚਿਰਾਂ ਤਕ ਚੇਤੇ ਰਹੇਗੀ।

**Need Caretaker**

Need a male person to take care of 88 year old man who has Alzheimer and is bed ridden. He requires hands on care. Applicant should have work permit or legal immigrant. $ 3000 plus board and lodging will be provided. If a couple wants to do it that will also be considered.

**Please call at 831 359 3562.**

**ਸਿੱਖ ਪਰਿਵਾਰ ਦੇ ਬਜ਼ੁਰਗ ਨੂੰ ਸੰਭਾਲਣ ਵਾਲੇ ਦੀ ਲੋੜ**

ਇਕ 88 ਸਾਲਾ ਸਿੱਖ ਪਰਿਵਾਰ ਦੇ ਬਜ਼ੁਰਗ ਦੀ ਸੰਭਾਲ ਕਰਨ ਲਈ ਇਕ ਚੰਗੇ ਸੱਜਣ ਦੀ ਲੋੜ ਹੈ। ਤਨਖਾਹ $3000 ਡਾਲਰ ਹੋਵੇਗੀ ਅਤੇ ਰਿਹਾਇਸ਼ ਵੀ ਨਾਲ ਹੀ ਦਿੱਤੀ ਜਾਵੇਗੀ। ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ (ਪਰਮਿਟ) ਰੱਖਣ ਵਾਲੇ ਜਾਂ ਗ੍ਰੀਨ ਕਾਰਡ ਹੋਲਡਰ ਵਿਅਕਤੀ ਨੂੰ ਤਰਜੀਹ ਦਿੱਤੀ ਜਾਵੇਗੀ। ਪਤੀ-ਪਤਨੀ ਦੋਵੇਂ ਹੋਣ ਤਾਂ ਵੀ ਰਿਹਾਇਸ਼ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਨਵਦੀਪ ਜੀ ਨਾਲ **831 359 3562** ਸੇ ਸੰਪਰਕ ਕਰੋ।

# ਕੱਟੜਪੰਥੀ ਸੋਚ ਦੀ ਅੱਜ ਦੇ ਸਮੇਂ ਵਿਚ ਕੋਈ ਅਹਿਮੀਅਤ ਨਹੀਂ

**ਅਵਧੇਸ਼ ਕੁਮਾਰ**

ਉਦੈਪੁਰ ਵਿਚ ਕਨ੍ਹਈਆ ਲਾਲ ਦੀ ਗਲਾ ਕੱਟ ਕੇ ਕੀਤੀ ਗਈ ਹੱਤਿਆ ਦੀ ਭਿਆਨਕ ਘਟਨਾ ਨੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜੇਕਰ ਕਨ੍ਹਈਆ ਲਾਲ ਨੂੰ ਨੂਪੁਰ ਸ਼ਰਮਾ ਦੇ ਪੱਖ ਵਿਚ ਇਕ ਕਥਿਤ ਪੋਸਟ ਕਾਰਨ ਜਾਨ ਤੋਂ ਹੱਥ ਧੋਣੇ ਪਏ ਤਾਂ ਉਸ ਕੱਟੜ ਮਾਨਸਿਕਤਾ ਕਾਰਨ ਜਿਸ ਨਾਲ ਉਸ ਦੇ ਕਾਤਲ ਰਿਆਜ਼ ਅਖਤਰੀ ਅਤੇ ਗੌਸ ਮੁਹੰਮਦ ਭਰੇ ਹੋਏ ਸਨ। ਇਸ ਕੱਟੜ ਸੋਚ ਦੀ ਗ੍ਰਿਫਤ ਵਿਚ ਪਤਾ ਨਹੀਂ ਕਿੰਨੇ ਹੋਰ ਰਿਆਜ਼ ਅਤੇ ਗੌਸ ਮਜ਼ਹਬ ਦੇ ਨਾਂ 'ਤੇ ਅਨੇਕ ਕਨ੍ਹਈਆ ਲਾਲਾਂ ਦਾ ਕਤਲ ਕਰਨ ਲਈ ਤਿਆਰ ਬੈਠੇ ਹਨ।

ਕਨ੍ਹਈਆ ਲਾਲ ਦੀ ਹੱਤਿਆ ਕੁਝ ਉਸੇ ਤਰ੍ਹਾਂ ਹੀ ਕੀਤੀ ਗਈ ਜਿਵੇਂ ਫਰਾਂਸ ਵਿਚ ਅਕਤੂਬਰ 2020 ਵਿਚ ਅਧਿਆਪਕ ਸੈਮੂਅਲ ਪੈਟੀ ਦੀ ਇਕ ਚੇਚਨ ਜਹਾਦੀ ਅੱਤਵਾਦੀ ਨੇ ਕੀਤੀ ਸੀ। ਉਸ ਕਾਤਲ ਨੂੰ ਦੱਸਿਆ ਗਿਆ ਸੀ ਕਿ ਪੈਟੀ ਨੇ ਆਪਣੀ ਜਮਾਤ ਵਿਚ ਪ੍ਰਗਟਾਵੇ ਦੀ ਆਜ਼ਾਦੀ 'ਤੇ ਲੈਕਚਰ ਦਿੰਦੇ ਹੋਏ ਵਿਦਿਆਰਥੀਆਂ ਨੂੰ ਸ਼ਰਲੀ ਅਬਦੋ ਵਿਚ ਛਪੇ ਕਾਰਟੂਨ ਦਿਖਾਏ ਸਨ ਜੋ ਪੈਗੰਬਰ ਮੁਹੰਮਦ ਸਾਹਿਬ ਨੂੰ ਲੈ ਕੇ ਬਣਾਏ ਗਏ ਸਨ।

ਇਸ ਤੋਂ ਬਾਅਦ ਪੈਟੀ ਦੇ ਵਿਰੁੱਧ ਉਸੇ ਤਰ੍ਹਾਂ ਦੀ ਮੁਹਿੰਮ ਚਲਾਈ ਗਈ ਜਿਵੇਂ ਨੂਪੁਰ ਸ਼ਰਮਾ, ਨਵੀਨ ਕੁਮਾਰ ਜਿੰਦਲ ਅਤੇ ਉਨ੍ਹਾਂ ਦੇ ਹਮਾਇਤੀਆਂ ਖਿਲਾਫ਼ ਚਲਾਈ ਜਾ ਰਹੀ ਹੈ। ਪੈਟੀ ਦੀ ਹੱਤਿਆ ਤੋਂ ਬਾਅਦ ਫਰਾਂਸੀਸੀ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੇ ਕਿਹਾ ਸੀ ਕਿ ਅਸੀਂ ਅਜਿਹੇ ਜਹਾਦੀ ਅੱਤਵਾਦ ਦੇ ਸਾਹਮਣੇ ਝੁਕਾਂਗੇ ਨਹੀਂ। ਫਿਰ ਪੂਰੇ ਫਰਾਂਸ ਵਿਚ ਲੋਕਾਂ ਨੇ ਬਾਹਰ ਨਿਕਲ ਕੇ ਕਿਹਾ ਕਿ ਅਸੀਂ ਵੀ ਸੈਮੂਅਲ ਪੈਟੀ ਹਾਂ। ਸਾਡੇ ਇੱਥੇ ਅਜਿਹਾ ਕੁਝ ਨਹੀਂ ਹੋ ਰਿਹਾ ਹੈ। ਜੋ ਲੋਕ ਕੱਲ੍ਹ ਤਕ ਨੂਪੁਰ ਸ਼ਰਮਾ ਅਤੇ ਨਵੀਨ ਕੁਮਾਰ ਜਿੰਦਲ ਨੂੰ ਗੁਸਤਾਖ਼-ਏ-ਰਸੂਲ ਐਲਾਨ ਰਹੇ ਸਨ, ਉਹ ਹੁਣ ਕਨ੍ਹਈਆ ਲਾਲ ਦੀ ਹੱਤਿਆ ਦੀ ਨਿੰਦਾ ਵਿਚ ਲੱਗ ਗਏ ਹਨ। ਸਵਾਲ ਹੈ ਕਿ ਜੇਕਰ ਇਹ ਸਾਰੇ ਲੋਕ ਇਸ ਤਰ੍ਹਾਂ ਦੀ ਵਹਿਸ਼ੀ ਹਿੰਸਾ ਦੇ ਵਿਰੋਧੀ ਹਨ ਤਾਂ ਫਿਰ ਅਜਿਹੀ ਸਥਿਤੀ ਪੈਦਾ ਕਿਉਂ ਹੋਈ ਜਿਸ ਵਿਚ ਕਨ੍ਹਈਆ ਲਾਲ ਦੀ ਬਲੀ ਚੜ੍ਹ ਗਈ?

ਸੱਚ ਤਾਂ ਇਹ ਹੈ ਕਿ ਸਿਰ ਕਲਮ ਕਰਨ ਵਾਲਾ ਮਾਹੌਲ ਬਣਾਉਣ ਅਤੇ ਜਹਾਦੀ ਕੱਟੜਤਾ ਨੂੰ ਪ੍ਰਵਾਨ ਚੜ੍ਹਾਉਣ ਦੇ ਪਿੱਛੇ ਖ਼ੁਦ ਨੂੰ ਸੈਕੂਲਰ-ਲਿਬਰਲ ਮੰਨਣ ਵਾਲੇ ਉਨ੍ਹਾਂ ਨੇਤਾਵਾਂ, ਬੁੱਧੀਜੀਵੀਆਂ, ਪੱਤਰਕਾਰਾਂ, ਐਕਟਿਵਿਸਟਾਂ ਦੀ ਵੀ ਭੂਮਿਕਾ ਹੈ ਜਿਨ੍ਹਾਂ ਨੇ ਨਾ ਸਿਰਫ਼ ਨੂਪੁਰ ਸ਼ਰਮਾ ਕਾਂਡ ਨੂੰ ਮੰਦਭਾਵਨਾ ਨਾਲ ਪੇਸ਼ ਕੀਤਾ ਬਲਕਿ ਲੰਬੇ ਸਮੇਂ ਤੋਂ ਇਹ ਪ੍ਰਚਾਰਿਤ ਕਰਦੇ ਆ ਰਹੇ ਹਨ ਕਿ ਭਾਰਤ ਵਿਚ ਮੁਸਲਮਾਨਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਕੀ ਇਹ ਇਕ ਤੱਥ ਨਹੀਂ ਕਿ ਗਿਆਨਵਾਪੀ ਕਾਂਡ 'ਤੇ ਇਹ ਸ਼ੋਰ ਮਚਾਇਆ ਗਿਆ ਕਿ ਸਾਡੀਆਂ ਸਾਰੀਆਂ ਮਸਜਿਦਾਂ ਖੋਹ ਲਈਆਂ ਜਾਣਗੀਆਂ?

ਟੀਵੀ 'ਤੇ ਬਹਿਸ ਵਿਚ ਹਿੰਦੂ ਦੇਵੀ-ਦੇਵਤਿਆਂ ਬਾਰੇ ਕੀਤੀ ਗਈ ਟਿੱਪਣੀ ਦੇ ਪ੍ਰਤੀਕਰਮ ਵਿਚ ਕਹੀ ਗਈ ਗੱਲ ਨੂੰ ਪੈਗੰਬਰ ਮੁਹੰਮਦ ਸਾਹਿਬ ਅਤੇ ਇਸਲਾਮ ਦੇ ਅਪਮਾਨ ਦਾ ਇੰਨਾ ਵੱਡਾ ਮੁੱਦਾ ਬਣਾ ਦਿੱਤਾ ਗਿਆ ਕਿ ਦੁਨੀਆ ਭਰ ਵਿਚ ਜਹਾਦੀ ਸੋਚ ਵਾਲਿਆਂ ਨੂੰ ਖਾਦ-ਪਾਣੀ ਮਿਲ ਗਿਆ। ਕਨ੍ਹਈਆ ਲਾਲ ਦੀ ਹੱਤਿਆ ਲਈ ਉਹ ਵੀ ਜ਼ਿੰਮੇਵਾਰ ਹਨ ਜੋ 'ਗੁਸਤਾਖ਼-ਏ-ਰਸੂਲ ਕੀ ਏਕ ਹੀ ਸਜ਼ਾ,



ਸਿਰ ਤਨ ਸੇ ਜੁਦਾ...' ਦੇ ਨਾਅਰੇ ਨਾਲ ਸੜਕਾਂ 'ਤੇ ਉਤਰੇ ਸਨ। ਦੁਨੀਆ ਦਾ ਕੋਈ ਵੀ ਧਰਮ ਹਿੰਸਾ ਨੂੰ ਵਾਜਿਬ ਨਹੀਂ ਠਹਿਰਾਉਂਦਾ।

ਨਿਰਦੋਸ਼ਾਂ ਦੇ ਖ਼ੂਨ ਨਾਲ ਹੋਲੀ ਖੇਡਣਾ ਵਹਿਸ਼ੀਆਨਾ ਕਾਰਾ ਨਹੀਂ ਤਾਂ ਹੋਰ ਕੀ ਹੈ? ਅਫ਼ਸੋਸ! ਕੁਝ ਸੰਸਥਾਵਾਂ ਜਾਂ ਸਮਾਜ ਵਿਰੋਧੀ ਅਨਸਰ ਵਿਦੇਸ਼ ਵਿਚ ਬੈਠੇ ਆਪਣੇ ਆਕਾਵਾਂ ਦੇ ਇਸ਼ਾਰੇ 'ਤੇ ਵਹਿਸ਼ਤ ਅਤੇ ਦਹਿਸ਼ਤ ਵਾਲਾ ਮਾਹੌਲ ਬਣਾਉਣ 'ਤੇ ਤੁਲੇ ਹੋਏ ਹਨ। ਭਾਰਤ ਇਕ ਧਰਮ ਨਿਰਪੱਖ ਮੁਲਕ ਹੈ ਜਿੱਥੇ ਫਿਰਕਾਪ੍ਰਸਤੀ ਦੇ ਨਾਮ 'ਤੇ ਖ਼ੂਨ ਡੋਲ੍ਹਣ ਵਾਲਿਆਂ ਲਈ ਸਖ਼ਤ ਕਾਨੂੰਨ ਬਣੇ ਹੋਏ ਹਨ। ਚਾਹੀਦਾ ਤਾਂ ਇਹ ਹੈ ਕਿ ਫਿਰਕਾਪ੍ਰਸਤੀ ਦੇ ਨਾਂ 'ਤੇ ਹਿੰਸਾ ਕਰਨ ਵਾਲਿਆਂ ਨੂੰ ਮਿਸਾਲੀ ਸਜ਼ਾਵਾਂ ਮਿਲਣ ਤਾਂ ਜੋ ਹੈਵਾਨੀਅਤ ਨੂੰ ਨੱਥ ਪਾਈ ਜਾ ਸਕੇ। ਇਹ ਨੱਥ ਤਾਂ ਹੀ ਪਾਈ ਜਾ ਸਕੇਗੀ ਜੇਕਰ ਕੇਂਦਰ ਤੇ ਸੂਬਾ ਸਰਕਾਰਾਂ ਸਖ਼ਤੀ ਵਰਤਣ ਅਤੇ ਅਵਾਮ ਦਾ ਉਨ੍ਹਾਂ ਨੂੰ ਪੂਰਾ ਸਹਿਯੋਗ ਮਿਲੇ।

ਸਭ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਭਾਰਤ ਇਸੇ ਲਈ ਤਰੱਕੀ ਕਰ ਰਿਹਾ ਹੈ ਕਿਉਂਕਿ ਇੱਥੇ ਹੋਰ ਕਈ ਮੁਲਕਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਅਮਨ-ਸ਼ਾਂਤੀ ਵਾਲਾ ਮਾਹੌਲ ਹੈ। ਜੇਕਰ ਇੱਥੇ ਵੀ ਉਹੀ ਕੁਝ ਹੋਣ ਲੱਗਾ ਜੋ ਸੀਰੀਆ, ਅਫ਼ਗਾਨਿਸਤਾਨ ਜਾਂ ਹੋਰ ਕਈ ਇਸਲਾਮੀ ਮੁਲਕਾਂ ਵਿਚ ਵਾਪਰ ਰਿਹਾ ਹੈ, ਤਾਂ ਸਾਡਾ ਭਾਰਤ ਤੇ ਉਨ੍ਹਾਂ ਦੇਸ਼ਾਂ ਵਿਚਾਲੇ ਫ਼ਰਕ ਕੀ ਰਹੇਗਾ।

ਅਸ਼ੋਕ ਗਹਿਲੋਤ ਸਰਕਾਰ ਆਪਣੇ ਸੂਬੇ ਵਿਚ ਵਧਦੇ ਮਜ਼ਹਬੀ ਕੱਟੜਵਾਦ ਦੀ ਕੋਈ ਸ਼ਿਕਾਇਤ ਸੁਣਨ ਨੂੰ ਤਿਆਰ ਨਹੀਂ ਹੈ। ਹਿੰਦੂ ਸ਼ੋਭਾ ਯਾਤਰਾਵਾਂ 'ਤੇ ਹਮਲੇ ਹੋਏ ਪਰ ਉਨ੍ਹਾਂ ਦਾ ਰਵੱਈਆ ਬਦਲਿਆ ਨਹੀਂ। ਕਨ੍ਹਈਆ ਲਾਲ ਦੀ ਹੱਤਿਆ ਦੇ ਮਾਮਲੇ ਵਿਚ ਉਨ੍ਹਾਂ ਨੇ ਖ਼ੁਦ ਨੂੰ ਜਵਾਬਦੇਹ ਮੰਨਣ ਦੀ ਥਾਂ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਹੀ ਦੇਸ਼ ਨੂੰ ਹਿੰਸਾ ਵਿਰੁੱਧ ਸੰਬੋਧਿਤ ਕਰਨ ਦੀ ਮੰਗ ਕਰ ਦਿੱਤੀ। ਅਜਿਹੇ ਵਤੀਰੇ ਨਾਲ ਕੱਟੜਵਾਦੀਆਂ ਦਾ ਮਨੋਬਲ ਵਧਦਾ ਹੈ। ਕੁਝ ਸਮਾਂ ਪਹਿਲਾਂ ਉਦੈਪੁਰ ਦੀ ਤਰ੍ਹਾਂ ਲਖਨਊ ਵਿਚ ਕਮਲੇਸ਼ ਤਿਵਾੜੀ ਦੀ ਹੱਤਿਆ ਹੋਈ ਸੀ। ਯੋਗੀ ਸਰਕਾਰ ਉਸ ਤੋਂ ਬਾਅਦ ਤੋਂ ਹੀ ਅਜਿਹੀ ਕਾਰਵਾਈ ਕਰ ਰਹੀ ਹੈ ਜਿਸ ਨਾਲ ਜਹਾਦੀ ਅਨਸਰਾਂ ਦਾ ਮਨੋਬਲ ਕਮਜ਼ੋਰ ਹੋਇਆ ਹੈ। ਬੀਤੇ ਦਿਨੀਂ ਜੁਮੇ ਦੀ ਨਮਾਜ਼ ਤੋਂ ਬਾਅਦ ਸੜਕਾਂ 'ਤੇ ਉਤਰ ਕੇ ਕੀਤੀ ਗਈ ਹਿੰਸਾ 'ਤੇ ਯੋਗੀ ਸਰਕਾਰ ਦੀ ਕਾਰਵਾਈ ਸਭ ਦੇ ਸਾਹਮਣੇ ਹੈ।

ਰਾਜਸਥਾਨ ਅਤੇ ਦੂਜੀਆਂ ਸਰਕਾਰਾਂ ਲਈ ਇਹ ਇਕ ਮਿਸਾਲ ਹੈ ਪਰ ਕੋਈ ਉਸ ਦੀ ਪਾਲਣਾ ਕਰਨ ਲਈ ਤਿਆਰ ਨਹੀਂ। ਦੁੱਖ ਦੀ ਗੱਲ ਇਹ ਵੀ ਹੈ ਕਿ ਭਾਰਤ ਦੇ ਕਿਸੇ ਮੁਸਲਿਮ ਨੇਤਾ, ਬੁੱਧੀਜੀਵੀ, ਮੌਲਾਨਾ ਨੇ ਨੂਪੁਰ ਸ਼ਰਮਾ ਦਾ ਬਚਾਅ ਨਹੀਂ ਕੀਤਾ। ਉਲਟਾ ਕਥਿਤ ਪੱਤਰਕਾਰ ਜ਼ੁਬੈਰ ਦੀ ਗ੍ਰਿਫ਼ਤਾਰੀ ਨੂੰ ਮੋਦੀ ਸਰਕਾਰ ਦੇ ਮੁਸਲਿਮ ਵਿਰੋਧੀ ਸੋਚ ਦੇ ਰੂਪ ਵਿਚ ਪ੍ਰਚਾਰਨਾ ਆਰੰਭ ਕਰ ਦਿੱਤਾ।

ਕਿਵੇਂ ਇਨ੍ਹਾਂ ਸਭ ਦੀ ਭੂਮਿਕਾ ਨਾਲ ਦੇਸ਼ ਵਿਚ ਮਜ਼ਹਬੀ ਕੱਟੜਤਾ ਵਧੀ ਅਤੇ ਸਾਨੂੰ ਤਬਾਹੀ ਦਾ ਸ਼ਿਕਾਰ ਹੋਣਾ ਪਿਆ, ਇਸ ਦੀਆਂ ਕਈ ਮਿਸਾਲਾਂ ਹਨ। ਸੁਪਰੀਮ ਕੋਰਟ ਨੇ ਅਜੇ ਗੁਜਰਾਤ ਦੰਗਿਆਂ ਦੇ ਮਾਮਲੇ ਵਿਚ ਸਾਫ਼ ਕੀਤਾ ਕਿ ਉਸ ਦੇ ਪਿੱਛੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਦੀ ਕਿਸੇ ਤਰ੍ਹਾਂ ਦੀ ਕੋਈ ਸਾਜ਼ਿਸ਼ ਨਹੀਂ ਸੀ ਪਰ ਬੀਤੇ 20 ਸਾਲਾਂ ਤੋਂ ਇਹ ਪ੍ਰਚਾਰ ਕੀਤਾ ਗਿਆ ਕਿ ਗੁਜਰਾਤ ਸਰਕਾਰ ਨੇ ਜਾਣਬੁੱਝ ਕੇ ਮੁਸਲਮਾਨਾਂ ਦਾ ਘਾਣ ਕਰਵਾਇਆ ਸੀ। ਸਤੰਬਰ 2002 ਵਿਚ ਗਾਂਧੀਨਗਰ ਦੇ ਅਕਸ਼ਰਧਾਮ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਦੇ ਕਈ ਸਾਲਾਂ ਤਕ ਅਜਿਹੇ ਹੀ ਹਮਲਿਆਂ ਵਿਚ ਫੜੇ ਗਏ ਅੱਤਵਾਦੀਆਂ ਦਾ ਅਮੂਮਨ ਇਹੀ ਬਿਆਨ ਹੁੰਦਾ ਸੀ ਕਿ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਬਦਲਾ ਲੈਣ ਲਈ ਉਨ੍ਹਾਂ ਨੇ ਅਜਿਹਾ ਕੀਤਾ।

ਬਾਟਲਾ ਹਾਊਸ ਮੁੱਠਭੇੜ ਨੂੰ ਝੂਠਾ ਕਰਾਰ ਦੇਣ ਦੇ ਤਮਾਮ ਯਤਨ ਕੀਤੇ ਗਏ। ਇਸ ਕੂੜ-ਪ੍ਰਚਾਰ ਕਾਰਨ ਹੀ ਮੁਸਲਿਮ ਨੌਜਵਾਨਾਂ ਦੇ ਇਕ ਸਮੂਹ ਨੇ ਇੰਡੀਅਨ ਮੁਜਾਹਿਦੀਨ ਸੰਗਠਨ ਬਣਾਇਆ ਅਤੇ ਅਨੇਕ ਅੱਤਵਾਦੀ ਹਮਲੇ ਕੀਤੇ। ਅਸਲ ਵਿਚ ਫਰਾਂਸ ਸਾਡੇ ਸਾਹਮਣੇ ਇਕ ਮਿਸਾਲ ਹੈ ਜੋ ਅਨੇਕ ਅੱਤਵਾਦੀ ਹਮਲੇ ਸਹਾਰਨ ਦੇ ਬਾਵਜੂਦ ਝੁਕਿਆ ਨਹੀਂ। ਉਹ ਇਸ ਲਈ ਨਹੀਂ ਝੁਕਿਆ ਕਿਉਂਕਿ ਉੱਥੋਂ ਦੀ ਜਨਤਾ ਖੁੱਲ੍ਹ ਕੇ ਜਹਾਦੀ ਸੋਚ ਵਿਰੁੱਧ ਸੜਕਾਂ 'ਤੇ ਆਈ।

ਭਾਰਤ ਦੀ ਸਮੱਸਿਆ ਇਹ ਹੈ ਕਿ ਵਿਰੋਧ ਕਰਨ ਵਾਲੇ ਇੰਟਰਨੈੱਟ ਮੀਡੀਆ 'ਤੇ ਆਪਣੀ ਭੜਾਸ ਕੱਢਣ ਤਕ ਸੀਮਤ ਹਨ। ਕੁਝ ਲੋਕ ਗੁੱਸੇ ਵਿਚ ਆ ਕੇ ਭੰਨ-ਤੋੜ ਕਰਨ ਲੱਗਦੇ ਹਨ। ਇਸ ਨਾਲ ਆਪਣੀ ਕੱਟੜ ਮਾਨਸਿਕਤਾ 'ਤੇ ਲਿਬਰਲਵਾਦ ਦਾ ਚਿਹਰਾ ਲਗਾਈ ਬੈਠੇ ਲੋਕਾਂ ਦੇ ਮਾੜੇ ਮਨੋਰਥ ਹੀ ਪੂਰੇ ਹੁੰਦੇ ਹਨ। ਫਰਾਂਸ ਦੇ ਲੋਕਾਂ ਨੇ ਵਿਰੋਧ ਵਿਚ ਹਿੰਸਾ ਨਹੀਂ ਕੀਤੀ। ਜਦ ਵੀ ਅੱਤਵਾਦੀ ਹਮਲੇ ਹੋਏ, ਉਹ ਹੌਸਲੇ ਨਾਲ ਸੜਕਾਂ 'ਤੇ ਉਤਰੇ, ਅਹਿੰਸਕ ਰੋਸ ਮੁਜ਼ਾਹਰੇ ਕੀਤੇ। ਇਹੀ ਵਜ੍ਹਾ ਸੀ ਕਿ ਉਹ ਅੱਤਵਾਦੀਆਂ ਦੇ ਮਨਸੂਬੇ ਨਾਕਾਮ ਕਰਨ ਵਿਚ ਕਾਮਯਾਬ ਰਿਹਾ।

ਇਹੀ ਭਾਰਤ ਵਿਚ ਕੀਤੇ ਜਾਣ ਦੀ ਜ਼ਰੂਰਤ ਹੈ। ਅਹਿੰਸਕ ਵਿਰੋਧ ਪ੍ਰਦਰਸ਼ਨਾਂ ਦੁਆਰਾ ਜਹਾਦੀ ਅਨਸਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਦੇ ਮਨੋਰਥ ਪੂਰੇ ਨਹੀਂ ਹੋਣਗੇ। ਸਰਕਾਰਾਂ 'ਤੇ ਸਖ਼ਤ ਕਾਰਵਾਈ ਦਾ ਵੀ ਦਬਾਅ ਵਧੇਗਾ ਅਤੇ ਨਕਲੀ ਸੈਕੂਲਰ, ਲਿਬਰਲ ਨੇਤਾਵਾਂ, ਪੱਤਰਕਾਰਾਂ, ਐਕਟਿਵਿਸਟਾਂ ਆਦਿ ਦੇ ਅੰਦਰ ਵੀ ਵਿਆਪਕ ਜਨ ਵਿਰੋਧ ਦਾ ਡਰ ਪੈਦਾ ਹੋਵੇਗਾ। ਇਹੀ ਲੋਕ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਸਹਾਇਕ ਸਿੱਧ ਹੋਵੇਗਾ। ਇਸ 'ਤੇ ਜਲਦ ਅਮਲ ਕਰਨਾ ਚਾਹੀਦਾ ਹੈ।

# ਦੁਨੀਆਂ ਵਿਚ ਆਰਥਿਕ ਮੰਦੀ ਆ ਸਕਦੀ ਹੈ?



**ਧਰਮਕੀਰਤੀ ਜੋਸ਼ੀ**

ਚਾਲੂ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਸਮਾਪਤ ਹੋ ਗਈ ਹੈ। ਇਸ ਦੌਰਾਨ ਕੁਝ ਸੰਕੇਤ ਬਿਹਤਰੀ ਦੀ ਉਮੀਦ ਜਗਾਉਣ ਵਾਲੇ ਰਹੇ। ਸਭ ਤੋਂ ਵੱਡੀ ਰਾਹਤ ਤਾਂ ਇਹੀ ਹੈ ਕਿ ਕੌਮਾਂਤਰੀ ਮਹਾਂਮਾਰੀ ਦੀਆਂ ਮਾੜੀਆਂ-ਮੋਟੀਆਂ ਲਹਿਰਾਂ ਦੇ ਬਾਵਜੂਦ ਆਰਥਿਕ ਸਰਗਰਮੀਆਂ ਦੀ ਗਤੀ ਮੱਠੀ ਨਹੀਂ ਪਈ ਹੈ। ਗੂਗਲ ਮੋਬਿਲਿਟੀ ਡਾਟਾ ਇਸ ਦੀ ਪੁਸ਼ਟੀ ਕਰਦਾ ਹੈ। ਇਸ ਵਿਚ ਵੀ ਸੇਵਾ ਖੇਤਰ ਸਭ ਤੋਂ ਵੱਧ ਫ਼ਾਇਦੇ ਵਿਚ ਦਿਸਦਾ ਹੈ। ਸੇਵਾ ਖੇਤਰ ਲਈ ਮਈ ਵਿਚ ਜਾਰੀ ਹੋਇਆ ਪੀਐੱਮਆਈ ਡਾਟਾ ਬੀਤੇ 11 ਸਾਲਾਂ ਦੇ ਉੱਚਤਮ ਪੱਧਰ ਉੱਪਰ ਰਿਹਾ। ਆਲਮੀ ਬਾਜ਼ਾਰ ਵਿਚ ਉਥਲ-ਪੁਥਲ ਨੂੰ ਦੇਖਦੇ ਹੋਏ ਵੀ ਬਰਾਮਦ ਦੀ ਸਥਿਤੀ ਠੀਕ-ਠਾਕ ਕਹੀ ਜਾਵੇਗੀ। ਮਹਿੰਗਾਈ ਦੇ ਮਾਮਲੇ ਵਿਚ ਵੀ ਕੁਝ ਰਾਹਤ ਮਿਲਦੀ ਦਿਸੀ ਹੈ। ਮਹਿੰਗਾਈ ਦੀ ਦਰ 7.18 ਫ਼ੀਸਦੀ ਤੋਂ ਘਟ ਕੇ ਸੱਤ ਫ਼ੀਸਦੀ ਦੇ ਪੱਧਰ 'ਤੇ ਆ ਗਈ ਹੈ। ਹਾਲਾਂਕਿ ਇਹ ਅਜੇ ਵੀ ਅਸਹਿਜ ਪੱਧਰ ਹੈ। ਇਸ ਦੌਰਾਨ ਖ਼ੁਰਾਕੀ ਤੇਲ ਅਤੇ ਸਟੀਲ ਵਰਗੀਆਂ ਵਸਤਾਂ ਦੇ ਭਾਅ ਵੀ ਘਟੇ ਹਨ। ਇਸ ਨਾਲ ਜਿੱਥੇ ਆਮ ਆਦਮੀ ਦੀ ਰਸੋਈ ਦਾ ਬਜਟ ਸੁਧਰੇਗਾ ਤਾਂ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਨੂੰ ਗਤੀ ਮਿਲਦੀ ਦਿਸੇਗੀ ਕਿਉਂਕਿ ਉਨ੍ਹਾਂ ਵਿਚ ਸਟੀਲ ਇਕ ਬਹੁਤ ਅਹਿਮ ਘਟਕ ਹੁੰਦਾ ਹੈ। ਬੁਨਿਆਦੀ ਢਾਂਚੇ ਦੇ ਕੰਮ ਵਿਚ ਤੇਜ਼ੀ ਹੋਰ ਆਰਥਿਕ ਸਰਗਰਮੀਆਂ ਨੂੰ ਸਹਾਰਾ ਦੇਣ ਵਿਚ ਸਮਰੱਥ ਹੈ। ਸਮਰੱਥਾ ਇਸਤੇਮਾਲ ਅਰਥਾਤ ਕਪੈਸਟੀ ਯੂਟੇਲਾਈਜ਼ੇਸ਼ਨ ਦਾ ਅੰਕੜਾ ਇਸ ਦੀ ਗਵਾਹੀ ਭਰਦਾ ਹੈ। ਜਨਵਰੀ ਤੋਂ ਮਾਰਚ ਦੌਰਾਨ ਸਮਰੱਥਾ ਉਪਯੋਗਿਤਾ ਦਾ ਅੰਕੜਾ 74.5 ਪ੍ਰਤੀਸ਼ਤ ਦੇ ਪੱਧਰ 'ਤੇ ਪੁੱਜ ਗਿਆ ਜੋ ਮਹਾਮਾਰੀ ਦੇ ਦੌਰ ਵਿਚ 47.3 ਫ਼ੀਸਦੀ ਤਕ ਡਿੱਗ ਗਿਆ ਸੀ। ਸਟੀਲ ਦੇ ਨਾਲ ਹੀ ਸੀਮੈਂਟ ਦੀਆਂ ਕੀਮਤਾਂ ਵਿਚ ਮਿਲੀ ਰਾਹਤ ਵੀ ਸਮਰੱਥਾ ਉਪਯੋਗਿਤਾ ਨੂੰ ਹੱਲਾਸ਼ੇਰੀ ਦੇਵੇਗੀ। ਆਰਥਿਕ ਸਰਗਰਮੀਆਂ ਵਿਚ ਆ ਰਹੀ ਤੇਜ਼ੀ ਦਾ ਅਸਰ ਨਿਵੇਸ਼ ਦੀ ਰਫ਼ਤਾਰ 'ਤੇ ਵੀ ਦਿਸ ਰਿਹਾ ਹੈ। ਸਰਕਾਰ ਤਾਂ ਬੁਨਿਆਦੀ ਢਾਂਚਾ ਪ੍ਰਾਜੈਕਟਾਂ 'ਤੇ ਪਹਿਲਾਂ ਤੋਂ ਹੀ ਆਪਣਾ ਨਿਵੇਸ਼ ਵਧਾ ਰਹੀ ਹੈ। ਹੁਣ ਨਿੱਜੀ ਖੇਤਰ ਵੱਲੋਂ ਵੀ ਨਿਵੇਸ਼ ਲਈ ਝੋਲੀ ਖੋਲ੍ਹੇ ਜਾਣ ਦੀ ਉਮੀਦ ਵਧੀ ਹੈ। ਖ਼ਾਸ ਤੌਰ 'ਤੇ ਗਰੀਨ ਐਨਰਜੀ ਅਤੇ ਇਲੈਕਟ੍ਰਿਕ ਵਾਹਨਾਂ ਵਰਗੇ ਖੇਤਰਾਂ ਅਤੇ ਉਸ ਨਾਲ ਜੁੜੇ ਈਕੋ-ਸਿਸਟਮ ਵਿਚ ਨਿਵੇਸ਼ ਵਧਿਆ ਹੈ। ਨਿਵੇਸ਼ ਦੇ ਮਾਮਲੇ ਵਿਚ ਕਾਬਿਲੇਗ਼ੌਰ ਪਹਿਲੂ ਇਹੀ ਹੈ ਕਿ ਤਮਾਮ ਵੱਡੀਆਂ ਕੰਪਨੀਆਂ ਇਸ ਵਿਚ ਤੇਜ਼ੀ ਦਿਖਾ ਰਹੀਆਂ ਹਨ ਪਰ ਛੋਟੀਆਂ ਕੰਪਨੀਆਂ ਦੇ ਪੱਧਰ 'ਤੇ ਇਹ ਗਤੀ ਓਨੀ ਤੇਜ਼ ਨਹੀਂ ਹੈ। ਵਿਨਿਰਮਾਣ ਖੇਤਰ ਲਈ ਉਤਪਾਦਨ ਆਧਾਰਤ ਉਤਸ਼ਾਹ ਅਰਥਾਤ ਪੀਐੱਲਆਈ ਯੋਜਨਾ ਨੂੰ ਵੀ ਮਜ਼ਬੂਤੀ ਮਿਲ ਰਹੀ ਹੈ। ਤਤਕਾਲੀ ਤੌਰ 'ਤੇ ਤਾਂ ਨਹੀਂ, ਪਰ ਦਰਮਿਆਨੇ ਤੇ ਲੰਬੇ ਅਰਸੇ ਵਿਚ ਪੀਐੱਲਆਈ ਨਾਲ ਅਰਥਚਾਰੇ ਨੂੰ ਵੱਡੀ ਤਾਕਤ ਮਿਲੇਗੀ। ਅਨੁਮਾਨ ਹੈ ਕਿ ਆਉਣ ਵਾਲੇ ਸਮੇਂ ਵਿਚ ਪੀਐੱਲਆਈ ਦੇ ਮਾਧਿਅਮ ਨਾਲ ਵਿਨਿਰਮਾਣ ਸਰਗਰਮੀਆਂ 'ਚ 13 ਤੋਂ 15 ਫ਼ੀਸਦੀ ਦਾ ਵਾਧਾ ਆ ਸਕਦਾ ਹੈ।

ਭਾਰਤੀ ਅਰਥਚਾਰੇ ਲਈ ਮੌਨਸੂਨ ਇਕ ਮਹੱਤਵਪੂਰਨ ਪਹਿਲੂ ਹੈ ਅਤੇ ਉਸ ਵਿਚ ਅਜੇ ਤਕ ਸਭ ਕੁਝ ਠੀਕ ਦਿਸ ਰਿਹਾ ਹੈ। ਜੂਨ ਤਕ ਦੀ ਸਥਿਤੀ ਅਨੁਸਾਰ ਮੌਨਸੂਨ ਔਸਤ ਨਾਲੋਂ 8 ਫ਼ੀਸਦੀ ਘੱਟ ਹੀ ਰਿਹਾ ਹੈ ਜੋ ਕੋਈ ਵੱਡੀ ਚਿੰਤਾ ਦਾ ਸੂਚਕ ਨਹੀਂ। ਨਾਲ ਹੀ ਅਲੱਗ-ਅਲੱਗ ਖੇਤਰਾਂ ਵਿਚ ਮੌਨਸੂਨ ਦੀ ਕਮੀ ਵੀ ਬੇਮੇਲ ਰਹੀ ਹੈ। ਇਸ ਦਾ ਬਸ ਇੰਨਾ ਹੀ ਅਸਰ ਹੋਇਆ ਹੈ ਕਿ ਝੋਨੇ ਵਰਗੀ ਫ਼ਸਲ ਦੀ ਬਿਜਾਈ ਵਿਚ ਦੇਰੀ ਹੋਈ ਹੈ। ਵੈਸੇ ਵੀ ਜੁਲਾਈ-ਅਗਸਤ ਦੀ ਬਾਰਿਸ਼ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਅਤੇ ਉਸ ਦੇ ਬਿਹਤਰ ਰਹਿਣ ਦਾ ਅਨੁਮਾਨ ਹੈ। ਇਸ ਨਾਲ ਫ਼ਸਲ ਉਤਪਾਦਨ ਬਿਹਤਰ ਰਹਿਣ ਦੇ ਆਸਾਰ ਹਨ। ਵਰਤਮਾਨ ਆਲਮੀ ਹਾਲਾਤ ਵਿਚ ਇਹ ਹੋਰ ਮਹੱਤਵਪੂਰਨ ਹੋ ਗਿਆ ਹੈ ਕਿਉਂਕਿ ਰੂਸ-ਯੂਕਰੇਨ ਜੰਗ ਕਾਰਨ ਕਈ ਜ਼ਰੂਰੀ ਅਨਾਜਾਂ ਦੀ ਕਿੱਲਤ ਹੋ ਗਈ ਹੈ। ਅਨੇਕਾਂ ਦੇਸ਼ਾਂ ਵਿਚ ਅਨਾਜ ਦੀ ਕਮੀ ਕਾਰਨ ਉਸ ਦੇ ਭਾਅ ਅਸਮਾਨ 'ਤੇ ਚੜ੍ਹੇ ਹੋਏ ਹਨ। ਅਨਾਜ ਦੀ ਵਧੀ ਹੋਈ ਮੰਗ ਭਾਰਤ ਲਈ ਚੰਗਾ ਮੌਕਾ ਸਿੱਧ ਹੋ ਸਕਦੀ ਸੀ ਪਰ ਉਸ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਦੀ ਚਿੰਤਾ ਕਾਰਨ ਇਹ ਮੌਕਾ ਗੁਆਉਣਾ ਪਿਆ। ਕਈ ਦੇਸ਼ਾਂ ਨੇ ਉਸ ਤੋਂ ਕਣਕ ਖ਼ਰੀਦਣ ਦੀ ਰੁਚੀ ਦਿਖਾਈ ਸੀ ਪਰ ਕਈ ਸ਼ੰਕਿਆਂ ਕਾਰਨ ਭਾਰਤ ਸਰਕਾਰ ਨੂੰ ਕਣਕ ਬਰਾਮਦ ਕਰਨ 'ਤੇ ਪਾਬੰਦੀ ਲਾਉਣ ਦਾ ਫ਼ੈਸਲਾ ਲੈਣਾ ਪਿਆ।

ਅਜਿਹੇ ਹਾਲਾਤ ਵਿਚ ਮੌਨਸੂਨ ਦੀ ਮਿਹਰਬਾਨੀ ਨਾ ਸਿਰਫ਼ ਦਿਹਾਤੀ ਅਰਥਚਾਰੇ ਲਈ ਸੰਜੀਵਨੀ ਸਾਬਿਤ ਹੋਵੇਗੀ ਬਲਕਿ ਬਿਹਤਰ ਉਤਪਾਦਨ ਨਾਲ ਸਪਲਾਈ ਨੂੰ ਸੁਗਮ ਕਰ ਕੇ ਮਹਿੰਗਾਈ ਨੂੰ ਕਾਬੂ ਹੇਠ ਰੱਖਣ ਵਿਚ ਵੀ ਮਦਦ ਕਰੇਗੀ।

ਨਾਂਹ-ਪੱਖੀ ਸੰਕੇਤਾਂ ਦੀ ਗੱਲ ਕਰੀਏ ਤਾਂ ਰੁਪਏ ਦੀ ਹਾਲਤ ਲਗਾਤਾਰ ਪਤਲੀ ਹੁੰਦੀ ਜਾ ਰਹੀ ਹੈ। ਆਲਮੀ ਬੇਯਕੀਨੀਆਂ ਦੌਰਾਨ ਭਾਰਤ ਤੋਂ ਪੂੰਜੀ ਪਲਾਇਨ ਵੀ ਰੁਪਏ ਨੂੰ ਤੋੜਨ ਵਿਚ ਭੂਮਿਕਾ ਨਿਭਾ ਰਿਹਾ ਹੈ। ਅਜਿਹੇ ਵਿਚ ਕੋਈ ਹੈਰਾਨੀ ਨਹੀਂ ਕਿ ਰੁਪਏ ਵਿਚ ਗਿਰਾਵਟ ਦਾ ਰੁਖ਼ ਕੁਝ ਸਮੇਂ ਲਈ ਜਾਰੀ ਰਹੇ। ਇਸ ਦੌਰਾਨ ਡਾਲਰ ਦੇ ਮੁਕਾਬਲੇ ਰੁਪਈਆ 80 ਦੇ ਪੱਧਰ 'ਤੇ ਜਾਂ ਉਸ ਦੇ ਆਲੇ-ਦੁਆਲੇ ਘੁੰਮ ਸਕਦਾ ਹੈ। ਇਹ ਦੇਸ਼ ਤੋਂ ਹੋਣ ਵਾਲੀ ਬਰਾਮਦ ਲਈ ਤਾਂ ਠੀਕ ਹੈ ਪਰ ਦਰਾਮਦ ਦੇ ਉਲਟ। ਭਾਰਤ ਦੇ ਮਾਮਲੇ ਵਿਚ ਇਹ ਸਥਿਤੀ ਮੁਸ਼ਕਲ ਹੈ ਕਿਉਂਕਿ ਅਸੀਂ ਬਰਾਮਦ ਨਾਲੋਂ ਵੱਧ ਦਰਾਮਦ ਕਰਦੇ ਹਾਂ ਅਤੇ ਬਰਾਮਦ ਦੇ ਮਾਮਲੇ ਵਿਚ ਆਲਮੀ ਬਾਜ਼ਾਰਾਂ ਵਿਚ ਅਸਥਿਰਤਾ ਬਰਕਰਾਰ ਹੈ। ਅਜਿਹੇ ਵਿਚ ਰੁਪਏ ਦੀ ਹੈਸੀਅਤ ਦਾ ਸਿੱਧਾ ਸਬੰਧ ਆਲਮੀ ਘਟਨਾਚੱਕਰ ਨਾਲ ਜੁੜਿਆ ਹੋਇਆ ਹੈ। ਕੁਝ ਕਾਬੂ ਆਉਣ ਦੇ ਬਾਵਜੂਦ ਮਹਿੰਗਾਈ ਇਕ ਭਖਵਾਂ ਮੁੱਦਾ ਹੈ। ਸਰਕਾਰ ਨੂੰ ਮਹਿੰਗਾਈ ਕਾਰਨ ਬੜੀ ਕਸੂਤੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹ ਇਸ ਨੂੰ ਘਟਾਉਣ ਲਈ ਯਤਨਸ਼ੀਲ ਤਾਂ ਹੈ ਪਰ ਇਸ ਨੂੰ ਨੱਥ ਪਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਸਿੱਧ ਹੋ ਰਹੀ ਹੈ। ਮਹਿੰਗਾਈ ਨੇ ਜਨਤਾ ਦਾ ਜਿਊਣਾ ਮੁਹਾਲ ਕੀਤਾ ਹੋਇਆ ਹੈ। ਫਿਰ ਵੀ ਇਸ ਨਾਲ ਨਜਿੱਠਣ ਲਈ ਰਿਜ਼ਰਵ ਬੈਂਕ ਨੇ ਕਮਰ ਕੱਸੀ ਹੋਈ ਹੈ। ਮਈ ਤੋਂ ਹੀ ਉਸ ਨੇ ਦਰਾਂ ਵਧਾਉਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਜੂਨ ਵਿਚ ਵੀ ਦਰਾਂ ਵਧੀਆਂ ਹਨ। ਮਹਿੰਗਾਈ 'ਤੇ ਇਸ ਦਾ ਅਸਰ ਕੁਝ ਸਮੇਂ ਬਾਅਦ ਹੀ ਦਿਸੇਗਾ। ਅਜਿਹੇ ਵਿਚ ਪੂਰੀ ਸੰਭਾਵਨਾ ਹੈ ਕਿ ਕੇਂਦਰੀ ਬੈਂਕ ਅੱਗੇ ਵੀ ਦਰਾਂ ਵਧਾਉਣ ਦਾ ਕ੍ਰਮ ਜਾਰੀ ਰੱਖੇ। ਅਨੁਮਾਨ ਹੈ ਕਿ ਅਜੇ ਵੀ ਨੀਤੀਗਤ ਦਰਾਂ ਵਿਚ 75 ਆਧਾਰ ਅੰਕਾਂ ਦੇ ਵਾਧੇ ਦੀ ਗੁੰਜਾਇਸ਼ ਹੈ। ਉਸ ਤੋਂ ਬਾਅਦ ਹਾਲਾਤ ਦਾ ਮੁਲਾਂਕਣ ਕਰ ਕੇ ਹੀ ਕੋਈ ਰੁਝਾਨ ਤੈਅ ਹੋਵੇਗਾ। ਸਖ਼ਤ ਕਰੰਸੀ ਨੀਤੀ ਦਾ ਮਹਿੰਗਾਈ ਦੇ ਨਾਲ-ਨਾਲ ਰੁਪਏ ਦੀ ਸਿਹਤ ਨਾਲ ਵੀ ਸਬੰਧ ਹੈ। ਦੁਨੀਆ ਦੇ ਮੁੱਖ ਕੇਂਦਰੀ ਬੈਂਕ ਵਿਆਜ ਦਰਾਂ ਵਧਾ ਰਹੇ ਹਨ ਜਿਸ ਕਾਰਨ ਭਾਰਤ ਤੋਂ ਪੂੰਜੀ ਪਲਾਇਨ ਹੋ ਰਿਹਾ ਹੈ। ਇਸ ਕਾਰਨ ਰੁਪਏ 'ਤੇ ਵਧਦੇ ਦਬਾਅ ਕਾਰਨ ਵੀ ਰਿਜ਼ਰਵ ਬੈਂਕ ਨੂੰ ਸਰਗਰਮ ਹੋਣਾ ਪਿਆ ਹੈ। ਆਉਣ ਵਾਲੇ ਦਿਨਾਂ ਵਿਚ ਆਲਮੀ ਘਟਨਾਚੱਕਰ

(ਬਾਕੀ ਅਗਲੇ ਸਫੇ 'ਤੇ)

# ਪੰਜਾਬ ਦਾ ਬਜਟ ਅਤੇ ਖੇਤੀ ਸੈਕਟਰ ਦੀ ਸਮੱਸਿਆ

ਡਾ. ਸੁਖਪਾਲ ਸਿੰਘ

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਕਰਕੇ ਇੱਥੋਂ ਦੇ ਬਜਟ ਦਾ ਮੁੱਖ ਧੁਰਾ ਖੇਤੀਬਾੜੀ ਹੀ ਹੋਣਾ ਚਾਹੀਦਾ ਹੈ ਲੇਕਿਨ ਪਹਿਲਾਂ ਵਾਲੀਆਂ ਸਰਕਾਰਾਂ ਵਾਂਗ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਆਪਣੇ ਪਲੇਠੇ ਬਜਟ ਵਿਚ ਖੇਤੀ ਸੈਕਟਰ ਨੂੰ ਵਿਸ਼ੇਸ਼ ਤਰਜੀਹ ਨਹੀਂ ਦਿੱਤੀ। ਪੰਜਾਬ ਦੇ ਕੁੱਲ ਬਜਟ 155860 ਕਰੋੜ ਰੁਪਏ ਵਿਚੋਂ ਖੇਤੀ ਸੈਕਟਰ ਨੂੰ 11560 ਕਰੋੜ ਰੁਪਏ (7.41%) ਅਲਾਟ ਕੀਤੇ ਹਨ। ਕੀ ਸੱਚਮੁੱਚ ਇਹ ਰਕਮ ਖੇਤੀ ਸੈਕਟਰ ਦੀਆਂ ਪਹਾੜ ਕੱਦ ਸਮੱਸਿਆਵਾਂ ਦਾ ਹੱਲ ਕਰ ਦੇਵੇਗੀ? ਅੱਜ ਪੰਜਾਬ ਦਾ ਅਰਥਚਾਰਾ ਗੰਭੀਰ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਬੇਰੁਜ਼ਗਾਰੀ ਅਤੇ ਨੌਜਵਾਨਾਂ ਵਿਚ ਨਸ਼ਿਆਂ ਦੀ ਭਰਮਾਰ ਦੇ ਨਾਲ ਨਾਲ ਕਾਨੂੰਨ ਵਿਵਸਥਾ ਵੀ ਨਾਜ਼ੁਕ ਹੋ ਰਹੀ ਹੈ। ਕਿਸਾਨ ਅਤੇ ਮਜ਼ਦੂਰ ਵੱਡੇ ਆਰਥਿਕ ਸੰਕਟ ਦੇ ਸ਼ਿਕਾਰ ਹਨ। ਛੋਟੀ ਕਿਸਾਨੀ ਖੇਤੀ ਵਿਚੋਂ ਬਾਹਰ ਹੋ ਰਹੀ ਹੈ ਜਿਨ੍ਹਾਂ ਵਿਚੋਂ ਕਾਫ਼ੀ ਲੋਕ ਉਜਰਤੀ ਮਜ਼ਦੂਰਾਂ ਦੀ ਕਤਾਰ ਵਿਚ ਸ਼ਾਮਲ ਹੋ ਰਹੇ ਹਨ। ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਵਿਚ ਹਰ ਰੋਜ਼ ਦੋ ਕਿਸਾਨ ਅਤੇ ਇੱਕ ਮਜ਼ਦੂਰ ਖ਼ੁਦਕੁਸ਼ੀ ਕਰਕੇ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਰਹੇ ਹਨ। ਸਾਰੀਆਂ ਸਰਕਾਰਾਂ ਨੇ ਬਹੁਤ ਲੋਕ ਲੁਭਾਊ ਨਾਅਰੇ ਦਿੱਤੇ ਪਰ ਅਖ਼ੀਰ ਵਿਚ ਇਹ ਨਾਅਰੇ ਲਾਰਿਆਂ ਦੀ ਜੂਨੇ ਪੈਂਦੇ ਰਹੇ ਹਨ।

ਖੇਤੀਬਾੜੀ ਸੈਕਟਰ ਦੇ ਵਿਕਾਸ ਲਈ ਵੱਡੀ ਬਜਟ ਰਾਸ਼ੀ ਦੀ ਜ਼ਰੂਰਤ ਹੈ। ਮੁਲਕ ਵਿਚ ਹਰੀ ਕ੍ਰਾਂਤੀ ਲਿਆਉਣ ਲਈ ਖੇਤੀ ਉੱਪਰ ਕੁੱਲ ਬਜਟ ਦਾ 24 ਪ੍ਰਤੀਸ਼ਤ ਤਕ ਵੀ ਖ਼ਰਚ ਕੀਤਾ ਜਾਂਦਾ ਰਿਹਾ ਹੈ ਪਰ ਪੰਜਾਬ ਦੀ ਆਰਥਿਕ ਦਸ਼ਾ ਅਨੁਸਾਰ ਇੱਥੇ ਖੇਤੀ ਵਿਕਾਸ ਲਈ ਕੋਈ ਵੱਡੇ ਕਦਮ ਚੁੱਕਣ ਦੀਆਂ ਸੰਭਾਵਨਾਵਾਂ ਮੱਧਮ ਦਿਖਾਈ ਦਿੰਦੀਆਂ ਹਨ। ਅੱਜ ਪੰਜਾਬ ਸਿਰ 2163 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜੋ ਰਾਜ ਦੀ ਕੁੱਲ ਜੀਡੀਪੀ ਦਾ 45.9 ਪ੍ਰਤੀਸ਼ਤ ਹੈ। ਇਸ ਤੋਂ ਇਲਾਵਾ ਕਾਰਪੋਰੇਸ਼ਨਾਂ ਤੇ ਬੋਰਡਾਂ ਦਾ ਕਰਜ਼ਾ ਹੈ। ਪੰਜਾਬ ਸਰਕਾਰ 'ਕਰਜ਼ਾ ਕੁੜਿੱਕੀ' ਵਿਚ ਫਸੀ ਹੋਈ ਹੈ। ਕਰਜ਼ੇ ਦਾ ਹਰ ਰੋਜ਼ ਦਾ ਭੁਗਤਾਨ 115 ਕਰੋੜ ਰੁਪਏ ਬਣਦਾ ਹੈ। ਇਸੇ ਤਰ੍ਹਾਂ ਪੰਜਾਬ ਦੇ ਕਿਸਾਨਾਂ ਸਿਰ ਇੱਕ ਲੱਖ ਕਰੋੜ ਰੁਪਏ ਦਾ ਕਰਜ਼ ਹੈ। ਜਦੋਂ ਤਕ ਪੰਜਾਬ ਅਤੇ ਪੰਜਾਬ ਦੀ ਕਿਸਾਨੀ ਨੂੰ ਇਸ ਕਰਜ਼ੇ ਤੋਂ ਮੁਕਤ ਨਹੀਂ ਕੀਤਾ ਜਾਂਦਾ, ਉਦੋਂ ਤਕ ਸੂਬੇ ਦੇ ਵਿਕਾਸ ਵੱਲ ਕਦਮ ਨਹੀਂ ਚੁੱਕਿਆ ਜਾ ਸਕਦਾ। ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਨੂੰ ਬਹੁਤ ਵੱਡੀਆਂ ਆਸਾਂ ਸਨ। ਲੋਕਾਂ ਨੂੰ ਚਾਅ ਚੜ੍ਹਿਆ ਹੋਇਆ ਸੀ ਕਿ ਇਹ ਸਰਕਾਰ ਸਾਡੀਆਂ ਸਾਰੀਆਂ ਮੰਗਾਂ, ਮਸਲਿਆਂ ਅਤੇ ਦੁੱਖ ਤਕਲੀਫ਼ਾਂ ਦਾ ਹੱਲ ਕਰ ਦੇਵੇਗੀ। ਸਰਕਾਰ ਦੀ ਕਾਰਗੁਜ਼ਾਰੀ ਅਤੇ ਮੌਜੂਦਾ ਬਜਟ ਨੂੰ ਦੇਖ ਕੇ ਲੋਕਾਂ ਵਿਚ ਨਿਰਾਸ਼ਤਾ ਦਾ ਦੌਰ ਸ਼ੁਰੂ ਹੋ ਗਿਆ ਹੈ।

ਅੱਜ ਪੰਜਾਬ ਦੇ ਔਸਤਨ ਕਿਸਾਨ ਪਰਿਵਾਰ ਸਿਰ ਦਸ ਲੱਖ ਰੁਪਏ ਅਤੇ ਮਜ਼ਦੂਰਾਂ ਪਰਿਵਾਰ ਸਿਰ 80 ਹਜ਼ਾਰ ਰੁਪਏ ਦਾ ਕਰਜ਼ਾ ਹੈ। ਇਕ-ਤਿਹਾਈ ਛੋਟੇ ਕਿਸਾਨਾਂ ਅਤੇ ਵੱਡੀ ਗਿਣਤੀ ਮਜ਼ਦੂਰਾਂ ਦੀ ਆਰਥਿਕ ਦਸ਼ਾ ਇੰਨੀ ਮਾੜੀ ਹੈ ਕਿ ਉਹ ਕਰਜ਼ੇ ਦਾ ਵਿਆਜ ਵੀ ਵਾਪਸ ਨਹੀਂ ਕਰ ਸਕਦੇ। ਖ਼ੁਦਕੁਸ਼ੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਇਸ ਹਾਲਤ ਵਿਚ ਇਹ ਆਸ ਕੀਤੀ ਜਾਂਦੀ ਸੀ ਕਿ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਰਜ਼ੇ ਤੋਂ ਕੋਈ ਰਾਹਤ ਮਿਲੇਗੀ ਅਤੇ ਖ਼ੁਦਕਸ਼ੀ ਪੀੜਤ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਮਿਲੇਗਾ ਪਰ ਬਜਟ ਵਿਚ ਇਸ ਦਾ ਕੋਈ ਜ਼ਿਕਰ ਨਹੀਂ। ਪੂੰਜੀ ਸੰਘਣੀ ਖੇਤੀ ਵਿਚ ਮਨੁੱਖੀ ਰੁਜ਼ਗਾਰ ਵਿਚ ਕਾਫ਼ੀ ਕਮੀ ਆਈ ਹੈ। ਮਜ਼ਦੂਰਾਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਬਹੁਤ ਕਮਜ਼ੋਰ ਹੈ। ਪਹਿਲਾਂ ਵਾਲੀਆਂ ਸਰਕਾਰਾਂ ਵਾਂਗ ਮੌਜੂਦਾ ਸਰਕਾਰ ਨੇ ਵੀ ਇਸ ਬਜਟ ਵਿਚ ਮਜ਼ਦੂਰਾਂ ਨੂੰ ਅਣਗੌਲਿਆਂ ਕੀਤਾ ਹੈ। ਚੰਗਾ ਹੁੰਦਾ ਜੇਕਰ ਘਰ ਘਰ ਆਟਾ ਪਹੁੰਚਾਉਣ



ਦੀ ਥਾਂ ਕਣਕ/ਚੌਲ ਜਾਂ ਇਨ੍ਹਾਂ ਦੀ ਖਰੀਦ ਲਈ ਪੈਸੇ ਮੁਹੱਈਆ ਕੀਤੇ ਜਾਂਦੇ। ਬਜਟ ਵਿਚ ਪੇਂਡੂ ਮਜ਼ਦੂਰਾਂ ਲਈ ਕੋਈ ਰੁਜ਼ਗਾਰ ਸਕੀਮ ਸ਼ੁਰੂ ਕਰਨੀ ਚਾਹੀਦੀ ਸੀ।

ਪੰਜਾਬ ਦੇ ਖੇਤੀ ਵਿਕਾਸ ਲਈ 'ਨਵੇਂ ਰੋਡ ਮੈਪ' ਬਣਾਉਣ ਦੀ ਬੇਹੱਦ ਜ਼ਰੂਰਤ ਹੈ। ਅਸਲ ਵਿਚ ਖੇਤੀ ਖੇਤਰ ਲਈ ਨਵਾਂ ਮਾਡਲ ਚਾਹੀਦਾ ਹੈ ਜਿਸ ਵਿਚ ਫ਼ਸਲਾਂ ਦੀ ਉਤਪਾਦਕਤਾ ਵਿਚ ਵਾਧੇ ਦੇ ਨਾਲ ਨਾਲ ਲਾਹੇਵੰਦ ਖੇਤੀ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੀ ਬਹੁਤ ਜ਼ਰੂਰਤ ਹੈ। ਹਰੀ ਕ੍ਰਾਂਤੀ ਦੇ ਮਾਡਲ ਨਾਲ ਫਸਲਾਂ ਦੇ ਉਤਪਾਦਨ ਵਿਚ ਵਾਧਾ ਹੋਇਆ ਪਰ ਹੁਣ ਇਸ ਮਾਡਲ ਨੂੰ ਤਬਦੀਲ ਕਰਨ ਦੀ ਵੱਡੀ ਜ਼ਰੂਰਤ ਹੈ। ਜਿਥੇ ਮੌਜੂਦਾ ਮਾਡਲ ਨੇ ਕਿਸਾਨਾਂ ਉਪਰ ਕਰਜ਼ੇ ਦੇ ਭਾਰ ਵਿਚ ਵਾਧਾ ਕੀਤਾ ਹੈ, ਉਥੇ ਵਾਤਾਵਰਨ ਵਿਚ ਵੀ ਵੱਡਾ ਵਿਗਾੜ ਪੈਦਾ ਕੀਤਾ ਹੈ। ਅੱਜ ਸਾਡੇ ਕੁਦਰਤੀ ਸਾਧਨਾਂ, ਮੁੱਖ ਤੌਰ ਤੇ ਪਾਣੀ ਦੇ ਭੰਡਾਰਾਂ ਦਾ ਖ਼ਾਤਮਾ ਹੋ ਰਿਹਾ ਹੈ। ਹਵਾ ਜ਼ਹਿਰੀਲੀ ਹੋ ਰਹੀ ਹੈ। ਲੋਕਾਂ ਨੂੰ ਕੈਂਸਰ, ਪੀਲੀਏ, ਸ਼ੂਗਰ, ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਨਾਲ ਜੂਝਣਾ ਪੈ ਰਿਹਾ ਹੈ। ਇਨ੍ਹਾਂ ਮੁੱਦਿਆਂ ਨੂੰ ਭਾਂਪਦੇ ਹੋਏ ਸਾਨੂੰ ਚਾਹੀਦਾ ਹੈ ਕਿ ਖੇਤੀ ਵਿਚ ਫ਼ਸਲੀ ਵੰਨ-ਸਵੰਨਤਾ ਲਿਆਂਦੀ ਜਾਵੇ ਲੇਕਿਨ ਮੌਜੂਦਾ ਬਜਟ ਵਿਚ ਇਸ ਗੱਲ ਉੱਤੇ ਕੋਈ ਵੱਡੀ ਤਵੱਜੋ ਨਹੀਂ ਦਿੱਤੀ ਗਈ। ਝੋਨੇ ਦੀ ਸਿੱਧੀ ਬਿਜਾਈ ਲਈ 450 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ ਜੋ ਚੰਗਾ ਕਦਮ ਹੈ ਪਰ ਜ਼ਮੀਨੀ ਹਕੀਕਤਾਂ ਮੁਤਾਬਕ, ਇਸ ਵਿਧੀ ਨਾਲ ਬੀਜੇ ਝੋਨੇ ਹੇਠ ਏਰੀਆ ਅਨੁਮਾਨਤ ਏਰੀਏ ਨਾਲੋਂ ਕਾਫ਼ੀ ਘੱਟ ਹੈ।

ਨਵੇਂ ਖੇਤੀ ਮਾਡਲ ਅਧੀਨ ਸਾਨੂੰ ਫ਼ਸਲੀ ਵੰਨ-ਸਵੰਨਤਾ 'ਤੇ ਕੇਂਦਰਤ ਕਰਨ ਦੀ ਜ਼ਰੂਰਤ ਹੈ। ਨਵੀਆਂ ਫ਼ਸਲਾਂ ਦੀ ਖੇਤੀ ਤਾਂ ਹੀ ਪ੍ਰਫੁੱਲਤ ਹੋ ਸਕਦੀ ਹੈ, ਜੇ ਨਵੀਆਂ ਫਸਲਾਂ ਦੇ ਝਾੜ ਵਿਚ ਵਾਧੇ ਵਾਲੀਆਂ ਕਿਸਮਾਂ ਈਜਾਦ ਕੀਤੀਆਂ ਜਾਣ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਨਵੀਆਂ ਫਸਲਾਂ ਦੀ ਖੇਤੀ ਤੋਂ ਪ੍ਰਚੱਲਤ ਕਣਕ-ਝੋਨੇ ਦੇ ਫ਼ਸਲੀ ਚੱਕਰ ਨਾਲੋਂ ਵੱਧ ਮੁਨਾਫ਼ਾ ਹੋਵੇ। ਭਾਰਤ ਪੱਧਰ ਉੱਪਰ 23 ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਐਲਾਨਿਆ ਜਾਂਦਾ ਹੈ। ਪੰਜਾਬ ਸਰਕਾਰ ਨੂੰ ਘੱਟੋ-ਘੱਟ 4-5 ਫ਼ਸਲਾਂ ਨੂੰ ਐੱਮਐੱਸਪੀ ਉੱਪਰ ਖਰੀਦਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਇਹ ਕੰਮ ਫਸਲਾਂ ਦੀ ਕੀਮਤ ਭਰਪਾਈ ਕਰਕੇ ਵੀ ਕੀਤਾ ਜਾ ਸਕਦਾ ਹੈ ਜਿਸ ਵਿਚ ਐੱਮਐੱਸਪੀ ਤੋਂ ਮੰਡੀ ਕੀਮਤ ਘੱਟ ਹੋਣ ਦੀ ਸੂਰਤ ਵਿਚ ਸਰਕਾਰ ਕਿਸਾਨ ਨੂੰ ਬਾਕੀ ਕੀਮਤ ਅਦਾ ਕਰ ਸਕਦੀ ਹੈ। ਮੌਜੂਦਾ ਬਜਟ ਵਿਚ ਸਿਰਫ਼ ਮੂੰਗੀ ਦੀ ਖਰੀਦ ਲਈ 66 ਕਰੋੜ ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ ਜਦੋਂ ਕਿ ਬਾਕੀ ਫ਼ਸਲਾਂ ਦੀ ਖ਼ਰੀਦ ਨੂੰ ਅਣਗੌਲਿਆਂ ਕੀਤਾ ਗਿਆ ਹੈ। ਜਿੰਨਾ ਚਿਰ ਨਵੀਆਂ ਫਸਲਾਂ ਦੀ ਸਰਕਾਰੀ ਖਰੀਦ ਨਹੀਂ ਕੀਤੀ ਜਾਂਦੀ, ਉਨਾ ਚਿਰ ਫ਼ਸਲੀ ਵੰਨ-ਸਵੰਨਤਾ ਹੋਣਾ ਨਾਮੁਮਕਿਨ ਹੈ। ਮੌਜੂਦਾ ਬਜਟ ਵਿਚ ਪਰਾਲੀ ਦੀ ਸਾਂਭ ਸੰਭਾਲ ਲਈ 200 ਕਰੋੜ ਰੁਪਏ ਰੱਖਿਆ ਗਿਆ ਹੈ ਪਰ ਜਿੰਨਾ ਚਿਰ ਪਰਾਲੀ ਦੇ ਪ੍ਰਬੰਧਨ ਲਈ ਕੋਈ ਢੁਕਵੀਂ ਤਕਨੀਕ ਵਿਕਸਤ ਨਹੀਂ ਕੀਤੀ ਜਾਂਦੀ, ਉਨਾ ਚਿਰ ਇਸ ਸਮੱਸਿਆ ਦਾ ਹੱਲ ਸੰਭਵ ਨਹੀਂ। ਪੰਜਾਬ ਦੇ ਖੇਤੀ ਸੈਕਟਰ ਨੂੰ ਬਿਜਲੀ ਮੁਫ਼ਤ ਦੀ ਸਹੂਲਤ ਪਹਿਲਾਂ ਵਾਂਗ ਲਾਗੂ ਰੱਖੀ ਗਈ ਹੈ ਇਸ ਉਪਰ 6947 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਕਿਸਾਨਾਂ ਦੀ ਆਰਥਿਕ ਦਸ਼ਾ ਨੂੰ ਦੇਖਦੇ ਹੋਏ ਇਹ ਰੱਖਣਾ ਅਤਿਅੰਤ ਜ਼ਰੂਰੀ ਸੀ ਪਰ ਸਾਨੂੰ ਕੁਦਰਤੀ ਸਾਧਨਾਂ ਦੀ ਬਚਤ ਕਰਨ ਵਾਲੀਆਂ ਤਕਨੀਕਾਂ ਵਿਕਸਤ ਕਰਨ ਲਈ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਾਲੇ ਕਿਸਾਨਾਂ ਨੂੰ ਸਬਸਿਡੀਆਂ, ਸਹਾਇਤਾ ਅਤੇ ਰਾਹਤ ਦੇਣੀ ਚਾਹੀਦੀ ਸੀ ਜੋ ਮੌਜੂਦਾ ਬਜਟ ਵਿਚ ਨਹੀਂ ਕੀਤਾ ਗਿਆ। ਪੰਜਾਬ ਦਾ ਪਾਣੀ ਡੂੰਘਾ ਹੋ ਰਿਹਾ ਹੈ। ਹਵਾ, ਪਾਣੀ ਅਤੇ ਮਿੱਟੀ ਪ੍ਰਦੂਸ਼ਿਤ ਹੋ ਰਹੀ ਹੈ। ਇਨ੍ਹਾਂ ਕੁਦਰਤੀ ਸਾਧਨਾਂ ਨੂੰ ਬਚਾਉਣ ਲਈ ਵੱਡੇ ਉਪਰਾਲੇ ਕਰਨ ਦੀ ਜ਼ਰੂਰਤ ਸੀ। ਪਾਣੀ ਦੇ ਰੀ-ਚਾਰਜਿੰਗ ਲਈ ਫੰਡ ਮੁਹੱਈਆ ਹੋਣੇ ਜ਼ਰੂਰੀ ਸਨ। ਇਸੇ ਤਰ੍ਹਾਂ ਪਾਣੀ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਟਰੀਟਮੈਂਟ ਪਲਾਂਟ ਅਤੇ ਹੋਰ ਨਵੀਆਂ ਤਕਨੀਕਾਂ ਦੀ ਵਰਤੋਂ ਲਈ ਰਾਸ਼ੀ ਰੱਖਣੀ ਜ਼ਰੂਰੀ ਸੀ।

ਪੰਜਾਬ ਜੱਦੀ ਪੁਸ਼ਤੀ ਖੇਤੀ ਕਰਨ ਵਾਲਾ ਸੂਬਾ ਹੈ। ਇਥੋਂ ਦੇ ਵਿਕਾਸ ਲਈ ਸਾਨੂੰ ਆਪਣਾ ਸਥਾਨਕ ਮਾਡਲ ਤਿਆਰ ਕਰਨਾ ਚਾਹੀਦਾ ਹੈ। ਖੇਤੀ ਵਿਚੋਂ ਵਸੋਂ ਨੂੰ ਕੱਢਿਆ ਨਹੀਂ ਜਾ ਸਕਦਾ ਕਿਉਂਕਿ ਅਰਥਚਾਰੇ ਦਾ ਹੋਰ ਕੋਈ ਵੀ ਖੇਤਰ ਇੰਨੀ ਵੱਡੀ ਵਸੋਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਕਰ ਸਕਦਾ। ਸਾਨੂੰ ਰਵਾਇਤੀ ਫ਼ਸਲਾਂ ਦੀ ਖੇਤੀ ਕਰਨੀ ਚਾਹੀਦੀ ਹੈ ਜਿਹੜੀਆਂ ਲੰਮੇ ਸਮੇਂ ਤੋਂ ਇੱਥੇ ਹੋ ਰਹੀਆਂ ਹਨ ਅਤੇ ਜਿਨ੍ਹਾਂ ਦੀ ਖਪਤ ਵੀ ਸਾਡੀ ਖ਼ੁਰਾਕ ਦਾ ਹਿੱਸਾ ਹੋਵੇ। ਪੰਜਾਬ ਦੀ ਖੇਤੀ ਵਿਚ ਫ਼ਸਲੀ ਵੰਨ-ਸਵੰਨਤਾ ਦੇ ਨਾਲ ਨਾਲ ਇਥੇ ਸਾਡੀਆਂ ਫਸਲਾਂ ਆਧਾਰਿਤ ਐਗਰੋ-ਉਦਯੋਗ ਲੱਗਣੇ ਬਹੁਤ ਜ਼ਰੂਰੀ ਹਨ। ਇਨ੍ਹਾਂ ਉਦਯੋਗਾਂ ਨਾਲ ਜਿਥੇ ਫਸਲਾਂ ਦੀ ਪ੍ਰਾਸੈਸਿੰਗ, ਸਟੋਰੇਜ ਅਤੇ ਮੁੱਲ ਵਾਧਾ ਹੋਵੇਗਾ, ਉਥੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ। ਇਸ ਨਾਲ ਪੇਂਡੂ ਕਿਰਤ ਸ਼ਕਤੀ ਮੁੱਖ ਤੌਰ 'ਤੇ ਖੇਤ ਮਜ਼ਦੂਰਾਂ ਨੂੰ ਉਨ੍ਹਾਂ ਦੇ ਬੂਹੇ ਉੱਪਰ ਰੁਜ਼ਗਾਰ ਮਿਲ ਸਕਦਾ ਹੈ।

ਸਾਡੇ ਸੂਬੇ ਦਾ ਵਿਕਾਸ ਖੇਤੀ ਸੈਕਟਰ ਦੇ ਵਿਕਾਸ ਨਾਲ ਹੀ ਜੁੜਿਆ ਹੋਇਆ ਹੈ। ਸਾਡਾ ਬਜਟ ਖੇਤੀ ਖੋਜ ਅਤੇ ਵਿਕਾਸ ਉਪਰ ਕੇਂਦਰਤ ਹੋਣਾ ਚਾਹੀਦਾ ਹੈ ਤਾਂ ਕਿ ਨਵੀਆਂ ਫ਼ਸਲਾਂ ਅਤੇ ਨਵੀਆਂ ਖੇਤੀ ਤਕਨੀਕਾਂ ਨੂੰ ਵਿਕਸਤ ਕੀਤਾ ਜਾ ਸਕੇ। ਖੇਤੀ ਨੂੰ ਮੁੱਖ ਰੱਖ ਕੇ ਖੇਤੀ ਯੋਜਨਾ ਕਮਿਸ਼ਨ ਬਣਾਉਣਾ ਚਾਹੀਦਾ ਹੈ।

ਪੰਜਾਬ ਦੀ ਨਵੀਂ ਸਰਕਾਰ ਕੋਲ ਅਜੇ ਵੀ ਕਾਫ਼ੀ ਸਮਾਂ ਹੈ। ਯੋਜਨਾਬੱਧ ਤਰੀਕੇ ਨਾਲ ਅਰਥਚਾਰੇ ਦਾ ਸਮੁੱਚਾ ਵਿਕਾਸ ਸੰਭਵ ਹੈ। ਖੇਤੀ ਸੁਧਾਰਾਂ ਖ਼ਿਲਾਫ਼ ਉੱਠੇ ਕਿਸਾਨ ਅੰਦੋਲਨ ਨੇ ਲੋਕਾਂ ਵਿਚ ਵੱਡੀ ਜਾਗ੍ਰਿਤੀ ਪੈਦਾ ਕੀਤੀ ਜਿਸ ਨਾਲ ਰਵਾਇਤੀ ਸਿਆਸੀ ਪਾਰਟੀਆਂ ਦੇ ਆਧਾਰ ਨੂੰ ਠੇਸ ਪਹੁੰਚੀ ਹੈ। ਲੋਕਾਂ ਦੀ ਇਸ ਸਿਆਸੀ ਚੇਤਨਾ ਨਾਲ ਆਮ ਆਦਮੀ ਪਾਰਟੀ ਨੂੰ ਸੱਤਾ ਵਿਚ ਆਉਣ ਲਈ ਕਾਫ਼ੀ ਬਲ ਮਿਲਿਆ। ਇਸ ਕਰਕੇ ਮੌਜੂਦਾ ਸਰਕਾਰ ਤੋਂ ਲੋਕਾਂ ਦੇ ਮਨਾਂ ਵਿਚ ਵੱਡੀਆਂ ਉਮੀਦਾਂ ਪੈਦਾ ਹੋ ਗਈਆਂ ਪਰ ਮੌਜੂਦਾ ਬਜਟ ਇਨ੍ਹਾਂ ਉਮੀਦਾਂ ਉਪਰ ਖਰਾ ਉਤਰਦਾ ਨਜ਼ਰ ਨਹੀਂ ਆਇਆ।

# ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਦੀਆਂ ਭਾਜਪਾ 'ਚ ਰਲੇਵੇਂ ਦੀਆਂ ਸੰਭਾਵਨਾਵਾਂ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸਾਬਕਾ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਹੁਣ ਭਾਜਪਾ 'ਚ ਸ਼ਾਮਿਲ ਹੋਣ ਲਈ ਤਿਆਰ ਨਜ਼ਰ ਆ ਰਹੇ ਹਨ। ਐਨਡੀਟੀਵੀ ਦੀ ਖ਼ਬਰ ਮੁਤਾਬਕ, ਸੂਤਰਾਂ ਨੇ ਦੱਸਿਆ ਕਿ ਪਿਛਲੇ ਸਾਲ ਕਾਂਗਰਸ ਪਾਰਟੀ ਛੱਡਣ ਵਾਲੇ ਅਮਰਿੰਦਰ ਸਿੰਘ ਦੇ ਜਲਦ ਹੀ ਭਾਜਪਾ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਅਮਰਿੰਦਰ ਸਿੰਘ ਪੰਜ ਦਹਾਕਿਆਂ ਤੱਕ ਕਾਂਗਰਸ ਦਾ ਹਿੱਸਾ ਰਹੇ ਹਨ ਪਰ ਲੰਘੇ ਸਾਲ ਪਾਰਟੀ ਦੇ ਅੰਦਰੂਨੀ ਕਲੇਸ਼ ਦੇ ਚੱਲਦਿਆਂ ਉਨ੍ਹਾਂ ਨੇ ਮੁੱਖ ਮੰਤਰੀ ਅਹੁਦਾ ਛੱਡ ਦਿੱਤਾ ਅਤੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਉਸ ਸਮੇਂ ਕੈਪਟਨ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਇਸ ਸਬੰਧੀ ਇੱਕ ਪੱਤਰ ਵੀ ਲਿਖਿਆ ਸੀ। ਜਿਸ 'ਚ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੂੰ ਲੀਡਰਸ਼ਿਪ ਵੱਲੋਂ ਤਿੰਨ ਵਾਰ ਅਪਮਾਨਿਤ ਕੀਤਾ ਗਿਆ ਹੈ ਅਤੇ ਹੁਣ ਉਹ ਇਸ ਨੂੰ ਸਹਿਣ ਨਹੀਂ ਕਰ ਸਕਦੇ। ਉਸ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਵਿੱਚ ਅਜੇ ਵੀ ਸਿਆਸਤ ਹੈ।

ਅਸਤੀਫ਼ਾ ਦੇਣ ਤੋਂ ਬਾਅਦ ਉਨ੍ਹਾਂ ਨੇ ਆਪਣੀ



ਪਾਰਟੀ ਬਣਾਈ ਅਤੇ ਫਿਰ ਉਨ੍ਹਾਂ ਨੇ ਭਾਜਪਾ ਨਾਲ ਗੱਠਜੋੜ ਕਰਕੇ ਅਪ੍ਰੈਲ-ਮਈ ਦੀਆਂ ਪੰਜਾਬ ਚੋਣਾਂ ਲੜੀਆਂ, ਪਰ ਇਨ੍ਹਾਂ ਚੋਣਾਂ ਵਿੱਚ ਇਹ ਗੱਠਜੋੜ ਆਪਣਾ ਕੋਈ ਪ੍ਰਭਾਵ ਨਹੀਂ ਦਿਖਾ ਸਕਿਆ। ਪਹਿਲਾਂ ਹਾਲਾਂਕਿ ਅਮਰਿੰਦਰ ਨੇ ਆਪਣੇ ਅਸਤੀਫ਼ੇ ਤੋਂ ਬਾਅਦ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਹੁਣ ਉਨ੍ਹਾਂ ਦੇ ਪਾਰਟੀ ਦੇ ਭਾਜਪਾ ਵਿੱਚ ਰਲੇਵੇਂ ਦੀਆਂ ਸੰਭਾਵਨਾਵਾਂ ਜਤਾਈਆਂ ਜਾ ਰਹੀਆਂ ਹਨ। ਜਾਣਕਾਰੀ ਮੁਤਾਬਕ, 80 ਸਾਲਾ ਕੈਪਟਨ ਇਸ ਵੇਲੇ ਪਿੱਠ ਦੀ ਸਰਜਰੀ ਲਈ ਲੰਡਨ ਵਿੱਚ ਹਨ ਅਤੇ ਸੰਭਾਵਨਾ ਹੈ ਕਿ ਅਗਲੇ ਹਫ਼ਤੇ ਵਾਪਸੀ ਤੋਂ ਬਾਅਦ ਉਹ ਆਪਣੀ ਨਵੀਂ ਪਾਰਟੀ ਪੰਜਾਬ ਲੋਕ ਕਾਂਗਰਸ ਨੂੰ ਭਾਜਪਾ ਵਿੱਚ ਮਿਲਾ ਲੈਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਸਰਜਰੀ ਤੋਂ ਬਾਅਦ ਅਮਰਿੰਦਰ ਸਿੰਘ ਨਾਲ ਗੱਲ ਵੀ ਕੀਤੀ ਹੈ। ਭਾਵੇਂ ਕਿ ਕੈਪਟਨ ਅਮਰਿੰਦਰ ਦੇ ਸਕੱਤਰ ਕੈਪਟਨ ਅਮਰਦੀਪ ਸਿੰਘ ਨੇ ਇੰਡੀਅਨ ਐਕ-ਸਪ੍ਰੈਸ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਸਾਬਕਾ ਮੁੱਖ ਮੰਤਰੀ ਦੀ ਸਿਹਤਯਾਬੀ ਪੁੱਛਣ ਲਈ ਹੀ ਫੋਨ ਕੀਤਾ ਸੀ। ਹੋਰ ਕਿਸੇ ਵੀ ਤਰ੍ਹਾਂ ਦੀ ਸਿਆਸੀ ਗੱਲਬਾਤ ਨਹੀਂ ਹੋਈ। ਪਰ ਸੂਤਰ ਦੱਸਦੇ ਹਨ ਕਿ ਕੈਪਟਨ ਅਮਰਿੰਦਰ ਦੇ ਲੰਡਨ ਤੋਂ ਪਰਤਣ ਤੋਂ ਬਾਅਦ ਭਾਜਪਾ ਵਿਚ ਪੰਜਾਬ ਲੋਕ ਕਾਂਗਰਸ ਦੇ ਰਲੇਵੇਂ ਦੀ ਤਿਆਰੀ ਹੋਵੇਗੀ।

# ਦੁਨੀਆਂ ਵਿਚ ਆਰਥਿਕ ਮੰਦੀ ਆ ਸਕਦੀ ਹੈ?

(ਸਫਾ 8 ਦੀ ਬਾਕੀ)

ਅਰਥਚਾਰੇ ਨੂੰ ਪ੍ਰਭਾਵਿਤ ਕਰਨ ਵਿਚ ਮਹੱਤਵਪੂਰਨ ਕਾਰਨ ਬਣਿਆ ਰਹੇਗਾ। ਜਿਵੇਂ ਕਿ ਥੋਕ ਮਹਿੰਗਾਈ ਵਿਚ 60 ਪ੍ਰਤੀਸ਼ਤ ਤਕ ਦੀ ਤੇਜ਼ੀ ਲਈ ਆਲਮੀ ਕਾਰਨ ਜ਼ਿੰਮੇਵਾਰ ਹਨ। ਆਮ ਹਾਲਾਤ ਵਿਚ ਇਨ੍ਹਾਂ ਦੀ ਭੂਮਿਕਾ 30 ਪ੍ਰਤੀਸ਼ਤ ਤਕ ਰਹਿੰਦੀ ਹੈ।


ਸਪਸ਼ਟ ਹੈ ਕਿ ਆਲਮੀ ਹਾਲਾਤ ਨੇ ਹੀ ਮਹਿੰਗਾਈ ਦੀ ਅੱਗ ਨੂੰ ਮੁੱਖ ਤੌਰ 'ਤੇ ਹਵਾ ਦਿੱਤੀ ਹੋਈ ਹੈ ਜੋ ਉਪਭੋਗ ਦੇ ਰਾਹ ਵਿਚ ਸੁਧਾਰ ਅਤੇ ਵਾਧੇ ਦੇ ਮਾਰਗ ਵਿਚ ਅੜਿੱਕਾ ਬਣੇ ਹੋਏ ਹਨ। ਸੰਸਾਰ ਬੈਂਕ ਨੇ ਵੀ ਹਾਲ ਹੀ ਵਿਚ ਆਲਮੀ ਵਾਧੇ ਦੇ ਅਨੁਮਾਨ ਨੂੰ ਘਟਾਇਆ ਹੈ। ਜਦ ਆਲਮੀ ਵਾਧੇ ਵਿਚ ਕਮੀ ਆਵੇਗੀ ਤਾਂ ਉਸ ਦਾ ਅਸਰ ਤਤਕਾਲੀ ਰੂਪ ਨਾਲ ਬਰਾਮਦ 'ਤੇ ਪੈਂਦਾ ਹੈ। ਸਾਡੀ ਬਰਾਮਦ ਦੀ ਤੁਲਨਾ ਵਿਚ ਕਿਉਂਕਿ ਦਰਾਮਦ ਕਿਤੇ ਜ਼ਿਆਦਾ ਲਾਜ਼ਮੀ ਹੈ ਤਾਂ ਅਜਿਹੀ ਸਥਿਤੀ ਵਿਚ ਵਪਾਰ ਘਾਟੇ ਦਾ ਵਧਣਾ ਤੈਅ ਹੈ। ਇਸ ਦਾ ਅਸਰ ਚਾਲੂ ਖਾਤੇ ਦੇ ਘਾਟੇ 'ਤੇ ਦਿਸੇਗਾ ਜੋ ਬੀਤੇ ਸਾਲ ਜੀਡੀਪੀ ਦੇ 1.2 ਪ੍ਰਤੀਸ਼ਤ ਦੇ ਦਾਇਰੇ ਵਿਚ ਸੀ। ਉਹ ਇਸ ਸਾਲ ਵਧ ਕੇ ਲਗਪਗ ਤਿੰਨ ਪ੍ਰਤੀਸ਼ਤ ਤਕ ਪੁੱਜ ਸਕਦਾ ਹੈ।

ਆਲਮੀ ਰੁਝਾਨਾਂ ਕਾਰਨ ਹੀ ਖ਼ੁਰਾਕੀ ਅਤੇ ਰਸਾਇਣਕ ਖਾਦ ਸਬਸਿਡੀ 'ਤੇ ਸਰਕਾਰੀ ਖ਼ਰਚੇ ਵਿਚ ਵਾਧੇ ਨਾਲ ਵੀ ਰਾਜਕੋਸ਼ੀ ਸਥਿਤੀ ਦਬਾਅ ਹੇਠ ਹੈ। ਕੁੱਲ ਮਿਲਾ ਕੇ ਇਹੀ ਕਿਹਾ ਜਾ ਸਕਦਾ ਹੈ ਕਿ ਪਹਿਲੀ ਤਿਮਾਹੀ ਤਾਂ ਵਧੀਆ ਬੀਤੀ ਹੈ ਪਰ ਦੂਜੀ ਤਿਮਾਹੀ ਦੇ ਕਾਫ਼ੀ ਅਨਿਸ਼ਚਿਤ ਰਹਿਣ ਦੇ ਆਸਾਰ ਹਨ। ਅਜਿਹਾ ਇਸ ਲਈ, ਕਿਉਂਕਿ ਇਸੇ ਦੌਰਾਨ ਤਮਾਮ ਮੁਲਕਾਂ ਵਿਚ ਵਿਆਜ ਦਰਾਂ ਵਿਚ ਵਾਧਾ ਸੰਭਵ ਹੈ ਅਤੇ ਕੌਮਾਂਤਰੀ ਪੱਧਰ 'ਤੇ ਉਥਲ-ਪੁਥਲ ਵੀ ਬਰਕਰਾਰ ਰਹੇਗੀ।

# ਅਮਰੀਕਾ ਤੇ ਯੂਰਪ ਜਾਣ ਲਈ ਖਤਰਨਾਕ ਰਸਤਿਆਂ ਤੋਂ ਲੰਘਦੇ ਨੇ ਪ੍ਰਵਾਸੀ

ਲੰਘੇ ਦਿਨੀਂ ਕੌਮਾਂਤਰੀ ਸਰਹੱਦ ਪਾਰ ਕਰਦੇ ਲੋਕਾਂ ਨਾਲ ਵਾਪਰੇ ਦੋ ਭਿਆਨਕ ਹਾਦਸਿਆਂ ਨੇ ਲੋਕਾਂ ਦੇ ਮਨਾਂ ਉੱਪਰ ਡੂੰਘਾ ਅਸਰ ਪਾਇਆ ਹੈ। ਸ਼ੁੱਕਰਵਾਰ ਨੂੰ ਮੋਰੱਕੋ ਤੋਂ ਸਪੇਨ ਦੇ ਉੱਤਰੀ ਅਫ਼ਰੀਕੀ ਇਨਕਲੇਵ ਮੇਲਿਲਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਵਿੱਚ ਸਰਹੱਦੀ ਵਾੜ ਨੂੰ ਪਾਰ ਕਰਦੇ ਰਹੇ ਘੱਟੋ-ਘੱਟ 23 ਜਣਿਆਂ ਦੀ ਮੌਤ ਹੋ ਗਈ। ਤਿੰਨ ਦਿਨਾਂ ਬਾਅਦ, ਯੂਐੱਸ ਦੇ ਸੈਨ ਐਂਟੋਨੀਓ ਦੀ ਪੁਲਿਸ ਨੇ ਇੱਕ ਲਾਵਾਰਿਸ ਟਰੱਕ 'ਚੋਂ ਘੱਟੋ-ਘੱਟ 46 ਲਾਸ਼ਾਂ ਬਰਾਮਦ ਕੀਤੀਆਂ। ਰਬੜ ਦੀਆਂ ਹਵਾ ਨਾਲ ਫੁਲਾਈਆਂ ਹੋਈਆ ਕਿਸ਼ਤੀਆਂ ਵਗੈਰਾ। ਅਜਿਹੇ ਤਰੀਕਿਆਂ ਨਾਲ ਸਮੁੰਦਰ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਪਰਵਾਸੀਆਂ ਦੀ ਯਾਤਰਾ ਖਤਰਿਆਂ ਭਰੀ ਹੁੰਦੀ ਹੈ ਅਤੇ ਜਾਨ ਦਾ ਖੌਅ ਹਮੇਸ਼ਾ ਬਣਿਆ ਰਹਿੰਦਾ ਹੈ। ਅਜਿਹੀਆਂ ਕਿਸ਼ਤੀਆਂ ਜਾਂ ਜਹਾਜ਼ਾਂ ਨੂੰ ਅਕਸਰ ਅਪਰਾਧੀਆਂ ਅਤੇ ਮਨੁੱਖੀ ਤਸਕਰੀ ਵਿੱਚ ਲੱਗੇ ਲੋਕਾਂ ਵੱਲੋਂ ਚਲਾਇਆ ਜਾਂਦਾ ਹੈ।

ਲੀਬੀਆ ਨੇੜੇ ਟਿਊਨੀਸ਼ੀਆ ਇੱਕ ਅਜਿਹਾ





ਸਥਾਨ ਹੈ ਜਿੱਥੋਂ ਪਰਵਾਸੀ ਆਪਣੀ ਅਜਿਹੀ ਯਾਤਰਾ ਸ਼ੁਰੂ ਕਰਦੇ ਹਨ ਅਤੇ ਕੇਂਦਰੀ ਭੂਮੱਧ ਸਾਗਰੀ ਰੂਟ ਜ਼ਰੀਏ ਯੂਰਪ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਇੱਥੇ ਸਮੁੰਦਰ ਵਿੱਚ ਡੁੱਬ ਕੇ ਮਰ ਜਾਣ ਵਾਲਿਆਂ ਦਾ ਇੱਕ ਸਮਰਪਿਤ ਕਬਰਿਸਤਾਨ ਵੀ ਹੈ। ਇਸ ਕਬਰਿਸਤਾਨ 'ਚ ਜਾਂਦੀ ਹੋਈ ਨਾਈਜੀਰੀਅਨ ਪਰਵਾਸੀ ਵਿੱਕੀ ਨੇ ਖ਼ਬਰ ਏਜੰਸੀ ਏਐੱਫਪੀ ਨੂੰ ਦੱਸਿਆ, "ਇਥੇ ਇਨ੍ਹਾਂ ਕਬਰਾਂ ਨੂੰ ਦੇਖ ਕੇ ਮੈਨੂੰ ਬਹੁਤ ਬੁਰਾ ਲੱਗ ਰਿਹਾ ਹੈ।" ਉਸ ਮਹਿਲਾ ਪਰਵਾਸੀ ਨੂੰ ਉਮੀਦ ਹੈ ਕਿ ਉਹ ਟਿਊਨੀਸ਼ੀਆ ਤੋਂ ਆਪਣੀ ਯਾਤਰਾ ਕਰ ਸਕਣਗੇ। ਉਨ੍ਹਾਂ ਨੇ ਅੱਗੇ ਕਿਹਾ, "ਜਦੋਂ ਮੈਂ ਇਨ੍ਹਾਂ (ਕਬਰਾਂ) ਨੂੰ ਦੇਖਦੀ ਹਾਂ ਤਾਂ ਮੈਂ ਸਮੁੰਦਰ ਪਾਰ ਕਰਨ ਦੀ ਆਪਣੀ ਇੱਛਾ ਬਾਰੇ ਸ਼ਸ਼ੋਪੰਜ ਵਿੱਚ ਪੈ ਜਾਂਦੀ ਹਾਂ।" ਆਈਓਐੱਮ ਵਰਗੀਆਂ ਏਜੰਸੀਆਂ ਨੂੰ ਡਰ ਹੈ ਕਿ ਹੋਰ ਪਰਵਾਸੀਆਂ ਨੂੰ ਵੀ ਅਜਿਹਾ ਕਰਨ ਤੋਂ ਰੋਕਿਆ ਨਹੀਂ ਜਾ ਸਕੇਗਾ।

ਆਈਓਐੱਮ ਦੇ ਬੁਲਾਰੇ ਸਾਫ਼ਾ ਮਸੇਹਲੀ ਕਹਿੰਦੇ ਹਨ, "ਕੇਂਦਰੀ ਭੂਮੱਧੀ ਸਾਗਰ ਦੇ ਰਾਹੀਂ ਪਰਵਾ-ਸੀਆਂ ਦੀਆਂ ਯਾਤਰਾਵਾਂ ਜਾਰੀ ਹਨ। ਦੁਨੀਆਂ ਦੇ ਸਭ ਤੋਂ ਖਤਰਨਾਕ ਪਰਵਾਸੀ ਰੂਟ 'ਤੇ ਲਗਾਤਾਰ ਵਧ ਰਹੇ ਮੌਤ ਦੇ ਹਾਦਸੇ ਸਭ ਤੋਂ ਵੱਡੀ ਚਿੰਤਾ ਹਨ। ਸੰਬੰਧਿਕ ਦੇਸਾਂ ਵੱਲੋਂ ਪੁਖਤਾ ਕਦਮ ਨਾ ਚੁੱਕੇ ਜਾਣ ਕਾਰਨ ਇੱਥੇ ਜਾਨਾਂ ਦਾ ਜਾਣਾ ਜਾਰੀ ਹੈ।" ਯੂਰਪੀ ਬਾਰਡਰ ਅਤੇ ਕੋਸਟਗਾਰਡ ਏਜੰਸੀ, ਫਰੰਟੈਕਸ ਦੀ ਰਿਪੋਰਟ ਹੈ ਕਿ 2015 ਤੋਂ ਲੈਕੇ ਹੁਣ ਤੱਕ ਲਗਭਗ ਤਿੰਨ ਲਖ ਲੋਕਾਂ ਨੂੰ ਇਹ ਰੂਟ ਵਰਤਣ ਤੋਂ ਰੋਕਿਆ ਗਿਆ ਹੈ।

### ਅਫ਼ਰੀਕਾ ਦੇ ਅੰਦਰੂਨੀ ਰਾਹ

ਬਹੁਤ ਸਾਰੇ ਅਫ਼ਰੀਕੀ ਪਰਵਾਸੀਆਂ ਲਈ ਯੂਰਪ ਪਹੁੰਚਣ ਦਾ ਸਫ਼ਰ ਉਨ੍ਹਾਂ ਦੇ ਆਪਣੇ ਮਹਾਂਦੀਪ ਤੋਂ ਹੀ ਸ਼ੁਰੂ ਹੁੰਦਾ ਹੈ। ਇਸ ਲੰਮੀ ਯਾਤਰਾ ਵਿੱਚ ਉਨ੍ਹਾਂ ਨੂੰ ਉੱਤਰ ਅਫ਼ਰੀਕਾ ਦੇ ਦੇਸਾਂ ਤੱਕ ਪਹੁੰਚਣ ਲਈ ਸਹਾਰਾ ਮਾਰੂਥਲ ਨੂੰ ਪਾਰ ਕਰਨਾ ਪੈਂਦਾ ਹੈ। ਇਸ ਰਸਤੇ 'ਤੇ ਮਿਲਣ ਵਾਲਾ ਮੌਸਮ ਉਨ੍ਹਾਂ ਦੀ ਜ਼ਿੰਦਗੀ ਲਈ ਸਭ ਤੋਂ ਵੱਡਾ ਖਤਰਾ ਹੁੰਦਾ ਹੈ।

ਆਈਓਐੱਮ ਦਾ ਅੰਦਾਜ਼ਾ ਹੈ ਕਿ ਸਹਾਰਾ ਮਾਰੂਥਲ ਨੂੰ ਪਾਰ ਕਰਨ ਦੀਆਂ ਕੋਸ਼ਿਸ਼ਾਂ ਵਿੱਚ 2014 ਤੋਂ 2022 ਦੇ ਦਰਮਿਆਨ ਲਗਭਗ 5,400 ਲੋਕਾਂ ਦੀ ਮੌਤ ਹੋਈ ਹੈ। ਅਬਦੁੱਲ੍ਹਾ ਇਬਰਾਹੀਮ ਨਾਂਅ ਦੇ ਇੱਕ ਪਰਵਾਸੀ ਨੇ ਖ਼ਬਰ ਏਜੰਸੀ ਏਐੱਫਪੀ ਨੂੰ ਆਪਣੀ ਯਾਤਰਾ ਦੇ ਅਨੁਭਵ ਦੱਸੇ।

ਉਨ੍ਹਾਂ ਨੇ ਦਸਿਆ, "ਮਾਰੂਥਲ ਵਿੱਚ ਤੁਸੀਂ ਲੋਕਾਂ ਨੂੰ ਮਰਦੇ ਹੋਏ ਦੇਖਦੇ ਹੋ। ਕੁਝ ਲੋਕਾਂ 'ਚ ਊਰਜਾ ਮੁੱਕ ਜਾਂਦੀ ਹੈ ਅਤੇ ਉਹ ਉੱਥੇ ਮਰ ਜਾਂਦੇ ਹਨ। ਕੁਝ ਦਾ ਪਾਣੀ ਮੁੱਕ ਜਾਂਦਾ ਹੈ।"

ਇਸ ਤੋਂ ਇਲਾਵਾ ਇਸ ਇਲਾਕੇ ਵਿੱਚ ਮਨੁੱਖੀ ਤਸਕਰ ਵੀ ਇੱਕ ਵੱਡਾ ਖ਼ਤਰਾ ਹਨ। ਪਰਵਾਸ ਬਾਰੇ ਸੰਯੁਕਤ ਰਾਸ਼ਟਰ ਦੇ ਸੰਗਠਨ ਦੀ ਤਾਜ਼ਾ ਰਿਪਾਰੋਟ ਮੁਤਾਬਕ ਤਸਕਰਾਂ ਅਤੇ ਸਰਹੱਦੀ ਸੁਰੱਖਿਆ ਅਧਿਕਾਰੀਆਂ ਦੇ ਹੱਥੋਂ ਹਿੰਸਾ, ਸਹਾਰਾ ਰੇਗਿਸਤਾਨ ਵਿੱਚੋਂ ਲੰਘ ਕੇ ਜਾਣ ਵਾਲੇ ਜ਼ਿਆਦਾਤਰ ਪਰਵਾਸੀਆਂ ਦੀ ਮੌਤ ਦੀ ਵਜ੍ਹਾ ਬਣਦੀ ਹੈ।

ਕੋਵਿਡ-19 ਮਹਾਮਾਰੀ ਕਾਰਨ ਲੱਗੀਆਂ ਸਫ਼ਰੀ ਪਾਬੰਦੀਆਂ ਵਿੱਚ ਜਿਵੇਂ-ਜਿਵੇਂ ਢਿੱਲ ਮਿਲ ਰਹੀ ਹੈ, ਲੱਗ ਰਿਹਾ ਹੈ ਕਿ ਪਰਵਾਸ ਲਈ ਵਰਤੇ ਜਾਂਦੇ ਇਸ ਸਭ ਤੋਂ ਵੱਡੇ ਰੂਟ ਉੱਪਰ ਗਹਿਮਾ-ਗਹਿਮੀ ਵਧ ਰਹੀ ਹੈ। ਮਾਹਰਾਂ ਨੂੰ ਡਰ ਹੈ ਕਿ ਇਸ ਦੇ ਨਤੀਜੇ ਵਜੋਂ ਪਰਵਾਸ ਦੌਰਾਨ ਹੋਣ ਵਾਲੀਆਂ ਅਜਿਹੀਆਂ ਮੌਤਾਂ ਵਿੱਚ ਵਾਧਾ ਹੋ ਸਕਦਾ ਹੈ।

ਯੂਐੱਨ ਦੀ ਏਜੰਸੀ, ਦਿ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫ਼ਾਰ ਮਾਈਗ੍ਰੇਸ਼ਨ (ਆਈਓਐੱਮ) ਦਾ ਅੰਦਾਜ਼ਾ ਹੈ ਕਿ 2014 ਤੋਂ ਹੁਣ ਤੱਕ ਲਗਭਗ 50,000 ਪਰਵਾਸੀਆਂ ਦੀ ਜਾਂ ਤਾਂ ਮੌਤ ਹੋ ਗਈ ਹੈ ਜਾਂ ਫਿਰ ਉਹ ਅਮਰੀਕਾ ਜਾਂ ਯੂਰਪੀਅਨ ਸੰਘ ਆਦਿ ਥਾਵਾਂ 'ਤੇ ਪਹੁੰਚਣ ਦੇ ਚੱਕਰ ਵਿੱਚ ਗੁਆਚ ਗਏ। ਏਜੰਸੀ ਦਾ ਮੰਨਣਾ ਹੈ ਕਿ ਇਨ੍ਹਾਂ ਗੁੰਮਸ਼ੁਦਾ ਜਾਂ ਜਾਨ ਗਵਾਉਣ ਵਾਲਿਆਂ ਦੀ ਸੰਖਿਆ ਇਸ ਤੋਂ ਜ਼ਿਆਦਾ ਵੀ ਸਕਦੀ ਹੈ। ਪਰਵਾਸੀਆਂ ਲਈ ਦੁਨੀਆਂ ਦੇ ਸਭ ਤੋਂ ਖ਼ਤਰਨਾਕ ਰਸਤੇ ਕਿਹੜੇ ਹਨ ਅਤੇ ਕਿਉਂ?

### ਮੱਧ ਭੂਮੱਧ ਸਾਗਰੀ

ਆਈਓਐੱਮ ਦੇ ਅਨੁਸਾਰ, ਪਰਵਾਸ ਦੇ ਪੱਖੋਂ ਇਹ ਦੁਨੀਆ ਦਾ ਸਭ ਤੋਂ ਖ਼ਤਰਨਾਕ ਰਸਤਾ ਹੈ। ਅੰਦਾਜ਼ਾ ਹੈ ਕਿ 2014 ਤੋਂ, ਉੱਤਰੀ ਅਫ਼ਰੀਕਾ ਤੋਂ ਯੂਰਪ ਜਾਣ ਲਈ ਭੂਮੱਧ ਸਾਗਰ ਨੂੰ ਪਾਰ ਕਰਨ ਦੀਆਂ ਕੋਸ਼ਿਸ਼ਾਂ ਵਿੱਚ 19,500 ਤੋਂ ਵੱਧ ਜਾਨਾਂ ਗਈਆਂ ਹਨ। ਭੂਮੱਧ ਸਾਗਰ ਨੂੰ ਪਾਰ ਕਰਨ ਲਈ ਕਈ ਤਰੀਕੇ ਅਜ਼ਮਾਏ ਜਾਂਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹੈ, ਸਮਰੱਥਾ ਤੋਂ ਜ਼ਿਆਦਾ ਲੋਕਾਂ ਨੂੰ ਕਿਸ਼ਤੀਆਂ ਵਿੱਚ ਭਰਨਾ,

### ਅਮਰੀਕਾ-ਮੈਕਸੀਕੋ ਸਰਹੱਦ

ਅਮਰੀਕਾ ਵਿੱਚ ਪ੍ਰਵਾਸ ਦੇ ਸਾਰੇ ਰਾਹ ਇੱਕ ਨਵੇਂ ਦੇਸ ਵਿੱਚ ਪਹੁੰਚਣ ਦੇ ਹੀ ਜ਼ਰੀਏ ਨਹੀਂ ਹਨ ਸਗੋਂ ਇਹ ਇੱਕ ਨਵੀਂ ਥਾਂ ਤੇ ਜਾਕੇ ਨਵਾਂ ਘਰ ਵਸਾਉਣ ਦੇ ਵੀ ਸਾਧਨ ਹਨ। ਮੈਕਸੀਕੋ ਅਤੇ ਅਮਰੀਕਾ ਦੀ ਸਰਹੱਦ ਅਜਿਹੇ ਲੋਕਾਂ ਨੂੰ ਇੱਕ ਗੰਭੀਰ ਅਤੇ ਵੱਡੀ ਚੁਣੌਤੀ ਪੇਸ਼ ਕਰਦੀ ਹੈ। ਇਲਾਕੇ ਨੂੰ ਆਪਣੀ ਜ਼ਿੰਦਗੀ ਪ੍ਰਤੀ ਨਾਸਾਜ਼ਗਾਰ ਭੂਗੋਲ ਲਈ, ਜਾਣਿਆ ਜਾਂਦਾ ਹੈ। ਇਸ ਰਸਤੇ ਵਿੱਚ ਰੇਗਿਸਤਾਨ ਹਨ। ਇਸ ਵਿੱਚ ਪਰਵਾਸੀਆਂ ਨੂੰ ਹਿੰਸਕ ਰੀਓ ਗਰਾਂਡੇ ਦਰਿਆ ਪਾਰ ਕਰਨਾ ਪੈਂਦਾ ਹੈ ਜੋ ਸਰਹੱਦ ਦੇ ਨਾਲ-ਨਾਲ ਲੰਬੇ ਟੋਟੇ ਵਿੱਚ ਵਗਦੀ ਹੈ।

ਦਰਿਆ ਵਿੱਚ ਡੁੱਬ ਕੇ ਮਰਨਾ ਇਸ ਰਸਤੇ ਵਿੱਚ ਮੌਤਾਂ ਦੀ ਸਭ ਤੋਂ ਵੱਡੀ ਵਜ੍ਹਾ ਹੈ। ਕੌਮਾਂਤਰੀ ਪਰਵਾਸ ਸੰਗਠਨ ਮੁਤਾਬਕ 2014 ਤੋਂ ਲੈਕੇ ਇਸ ਰਾਹ ਵਿੱਚ ਤਿੰਨ ਹਜ਼ਾਰ ਮੌਤਾਂ ਹੋ ਚੁੱਕੀਆਂ ਹਨ। ਆਈਓਐੱਮ ਦੇ ਬੁਲਾਰੇ ਮਸਹੈਲੀ ਮੁਤਾਬਕ ਪਿਛਲੇ ਸਮੇਂ ਦੌਰਾਨ ਅਮਰੀਕਾ ਜਾਂਦੇ ਪਰਵਾਸ ਦੇ ਰਾਹਾਂ ਉੱਪਰ ਹੋਣ ਵਾਲੀਆਂ ਮੌਤਾਂ ਵਿੱਚ ਵਾਧਾ ਹੋਇਆ ਹੈ। ਲੈਟਿਨ ਅਮਰੀਕੀ ਮੁਲਕਾਂ ਤੋਂ ਅਮਰੀਕਾ ਜਾਣ ਵਾਲਿਆਂ ਦੀ ਜਾਨ ਨੂੰ ਦਰਪੇਸ਼ ਖ਼ਤਰਿਆਂ ਤੋਂ ਆਈਓਐਮ ਫਿਕਰਮੰਦ ਹੈ। ਸੰਯੁਕਤ ਰਾਸ਼ਟਰ ਦੀ ਏਜੰਸੀ ਮੁਤਾਬਕ ਪਿਛਲੇ ਅੱਠ ਸਾਲਾਂ ਦੌਰਾਨ ਏਸ਼ੀਆਈ ਮੁਲਕਾਂ ਵਿੱਚੋਂ ਲਗਭਗ 5000 ਲੋਕ ਲਾਪਤਾ ਹਨ।

ਇਨ੍ਹਾਂ ਵਿੱਚੋਂ ਜ਼ਿਆਦਾਤਰ ਮਰਨ ਵਾਲਿਆਂ ਵਿੱਚ ਰੋਹਿੰਗਿਆਂ ਅਤੇ ਬੰਗਲਾਦੇਸ਼ੀ ਪਰਵਾਸੀ ਸਨ। ਇਹ ਲੋਕ ਸਮੁੰਦਰੀ ਰਸਤੇ ਰਾਹੀਂ ਬੰਗਾਲ ਦੀ ਖਾੜੀ ਰਾਹੀਂ ਅਤੇ ਅੰਡੇਮਾਨ ਸਾਗਰ ਰਾਹੀਂ ਸੁਰੱਖਿਆ ਲਈ ਗੁਆਂਢੀ ਦੇਸਾਂ ਵਿੱਚ ਜਾਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ। ਇਸ ਤੋਂ ਬਾਅਦ ਅੰਤਿਮ ਮੰਜ਼ਿਲ ਦੇ ਰੂਪ ਵਿੱਚ ਇਹ ਲੋਕ ਯੂਰਪ ਜਾਣ ਦੀ ਕੋਸ਼ਿਸ਼ ਕਰਦੇ ਹਨ।

ਹੋਰ ਰਾਹਾਂ ਜ਼ਰੀਏ ਪਰਵਾਸ ਕਰਨ ਵਾਲਿਆਂ ਵਾਂਗ ਇਹ ਯਾਤਰੀ ਵੀ ਗਿਰੋਹਾਂ ਅਤੇ ਮਨੁੱਖੀ ਤਸਕਰਾਂ ਦੇ ਸ਼ੋਸ਼ਣ ਦਾ ਸ਼ਿਕਾਰ ਬਣਦੇ ਹਨ। ਦੂਜਾ ਸੰਕਟਪੂਰਨ ਰਾਹ ਹੈ ਈਰਾਨ ਅਤੇ ਤੁਰਕੀ ਦੀ ਸਰਹੱਦ। ਜਦੋਂ ਤੋਂ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਨੇ ਮੁੜ ਸੱਤਾ ਸੰਭਾਲੀ ਹੈ ਇਸ ਰਾਹ ਉੱਪਰ ਅਫ਼ਗਾਨ ਰਫਿਊਜੀਆਂ ਦੀ ਆਮਦ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ।

ਸੰਯੁਕਤ ਰਾਸ਼ਟਰ ਦੀ ਰਫਿਊਜੀ ਏਜੰਸੀ ਦਾ ਕਹਿਣਾ ਹੈ ਕਿ ਈਰਾਨ ਅਤੇ ਇਸ ਦੇ ਗੁਆਂਢੀ ਦੇਸਾਂ ਵਿੱਚ ਪਿਛਲੇ ਸਾਲ ਅਗਸਤ ਤੋਂ ਬਾਅਦ ਲਗਭਗ 20 ਲੱਖ ਅਫ਼ਗਾਨ ਰਫਿਊਜੀਆਂ ਨੇ ਪੰਜੀਕਰਨ ਕਰਵਾਇਆ ਹੈ।

# 14 ਸਾਲ ਦੀ ਉਮਰ ਵਿੱਚ ਟਰੱਕ ਵਿਚ ਲੁਕ ਕੇ ਆਈ ਲੜਕੀ ਦੀ ਆਪ ਬਿਆਨੀ

ਮੇਰੇ ਚਿਹਰੇ ਵੱਲ ਦੇਖੋ, ਕੀ ਮੈਂ ਤੁਹਾਨੂੰ ਅਮਰੀਕਨ ਲੱਗਦੀ ਹਾਂ? ਤੁਹਾਨੂੰ ਪਤਾ ਹੈ ਬਚਪਨ ਤੋਂ ਲੈ ਕੇ ਅੱਜ ਤੱਕ ਮੈਨੂੰ ਕਿੰਨੀ ਵਾਰ ਸਿਰਫ਼ ਬੇਇਜ਼ਤੀ ਕਰਨ ਲਈ ਮੈਕਸੀਕਨ ਆਖਿਆ ਗਿਆ ਹੈ? ਕਿੰਨੇ ਵਰ੍ਹੇ ਮੇਰੀ ਮਾਂ ਨੂੰ ਆਪਣੇ ਆਪ ਨੂੰ ਗੁਲਾਮਾਂ ਵਾਂਗ ਰੱਖਣਾ ਪਿਆ ਤਾਂ ਜੋ ਸਾਨੂੰ ਕੁਝ ਦਸਤਾਵੇਜ਼ ਮਿਲ ਜਾਣ। ਤੁਸੀਂ ਪੁੱਛਦੇ ਹੋ ਕਿ ਮੈਨੂੰ ਇਸ ਘਟਨਾ ਨੇ ਇੰਨਾ ਪ੍ਰੇਸ਼ਾਨ ਕਿਉਂ ਕੀਤਾ ਹੈ? ਅਮਰੀਕਾ ਦੇ ਟੈਕਸਸ ਦੇ ਸੈਨ ਐਨਟੋਨੀਓ ਵਿੱਚ ਇਕ ਟਰੱਕ ਵਿੱਚ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਮਾਰੇ ਗਏ 53 ਲੋਕਾਂ ਦੀ ਯਾਦ ਵਿੱਚ ਰੱਖੇ ਸਮਾਗਮ ਦੌਰਾਨ ਵੈਂਡਾ ਪੈਰੇਜ਼ ਟੌਰਿਸਕੈਨੋ ਇਹ ਸ਼ਬਦ ਆਖੇ।




ਇਨ੍ਹਾਂ ਵਿੱਚ 40 ਆਦਮੀ ਅਤੇ 13 ਔਰਤਾਂ ਸ਼ਾਮਲ ਸਨ ਜਿਨ੍ਹਾਂ ਵਿੱਚੋਂ ਕੁਝ ਟਰੱਕ ਵਿੱਚ ਅਤੇ ਕੁਝ ਸ਼ਹਿਰ ਦੇ ਵੱਖ ਵੱਖ ਹਸਪਤਾਲਾਂ ਵਿੱਚ ਇਲਾਜ ਦੌਰਾਨ ਮਾਰੇ ਗਏ। "ਅਸੀਂ ਇਨ੍ਹਾਂ ਲੋਕਾਂ ਨੂੰ ਯਾਦ ਕਰ ਰਹੇ ਹਾਂ, ਜਿਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਸ਼ਾਇਦ ਪਤਾ ਵੀ ਨਹੀਂ ਕਿ ਉਹ ਹੁਣ ਦੁਨੀਆਂ ਵਿੱਚ ਨਹੀਂ ਰਹੇ। ਉਨ੍ਹਾਂ ਦੇ ਪਰਿਵਾਰ ਸ਼ਾਇਦ ਇਕ ਫੋਨ ਦੀ ਉਡੀਕ ਕਰ ਰਹੇ ਹੋਣ ਜਿਸ ਵਿੱਚ ਉਹ ਕਹਿਣਗੇ ਕਿ ਮਾਂ ਮੈਂ ਠੀਕ ਠਾਕ ਸਰਹੱਦ ਪਾਰ ਕਰ ਲਈ ਹੈ।"

ਬੁੱਧਵਾਰ ਨੂੰ ਇਹ ਲੋਕ ਟੈਕਸਸ ਟ੍ਰੈਵਿਸ ਪਾਰਕ ਵਿੱਚ ਮਾਰੇ ਜਾ ਚੁੱਕੇ ਲੋਕਾਂ ਨੂੰ ਯਾਦ ਕਰਨ ਲਈ ਇਕੱਠੇ ਹੋਏ ਸਨ। "ਮੈਂ ਇਹ ਦਰਦ ਮਹਿਸੂਸ ਕਰ ਸਕਦੀ ਹੈ ਕਿਉਂਕਿ ਕਦੇ ਮੈਂ ਵੀ ਫੋਨ ਦੇ ਦੂਜੇ ਪਾਸੇ ਇੰਤਜ਼ਾਰ ਕੀਤਾ ਹੈ।" 'ਮੈਂ ਵੀ ਇਸੇ ਤਰ੍ਹਾਂ ਟਰੱਕ ਵਿੱਚ ਬੇਹੋਸ਼ ਹੋ ਗਈ ਸੀ'। ਮੈਕਸੀਕੋ ਵਿੱਚ ਜਨਮੀ ਅਤੇ ਸੈਨ ਐਨਟੋਨੀਓ ਵਿੱਚ ਪਲੀ ਵੈਂਡਾ ਇਕੱਲੀ ਅਜਿਹੀ ਨਹੀਂ ਹੈ, ਜਿਸ ਨੂੰ ਅਮਰੀਕਾ ਦੀ ਧਰਤੀ 'ਤੇ ਵਾਪਰੀ ਇਹ ਦੁਰਘਟਨਾ ਆਪਣੀ ਕਹਾਣੀ ਨਹੀਂ ਲੱਗਦੀ।

ਇਸੇ ਤਰ੍ਹਾਂ ਜੈਸਿਕਾ ਨੇ ਵੀ ਉਹ ਦਿਨ ਯਾਦ ਕੀਤਾ ਜਦੋਂ ਇਨ੍ਹਾਂ ਲੋਕਾਂ ਵਾਂਗ ਉਹ ਵੀ 40 ਡਿਗਰੀ



ਸੈਲਸੀਅਸ ਵਿੱਚ ਇੱਕ ਟਰੱਕ ਵਿੱਚ ਬੈਠ ਕੇ ਆਏ ਸਨ । ਉਸ ਵਿੱਚ ਵੀ ਨਾ ਏਸੀ ਸੀ ਅਤੇ ਨਾ ਹੀ ਪੀਣ ਵਾਲਾ ਪਾਣੀ। "ਉਸ ਵੇਲੇ ਮੇਰੀ ਉਮਰ 14 ਸਾਲ ਸੀ। ਮੈਂ ਵੀ ਇਸੇ ਤਰ੍ਹਾਂ ਟਰੱਕ ਵਿੱਚ ਬੇਹੋਸ਼ ਹੋ ਗਈ ਸੀ ਕਿਉਂਕਿ ਬਹੁਤ ਗਰਮੀ ਸੀ।" ਸਮਾਗਮ ਦੌਰਾਨ ਭਾਵੁਕ ਹੁੰਦੇ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਿਨਾਂ ਨੂੰ ਯਾਦ ਨਹੀਂ ਕਰਨਾ ਚਾਹੁੰਦੇ। "ਇਹ ਹੁਣ ਵੀ ਮੈਨੂੰ ਬਹੁਤ ਪਰੇਸ਼ਾਨ ਕਰਦਾ ਹੈ ਅਤੇ ਇਸ ਬਾਰੇ ਮੈਂ ਗੱਲ ਨਹੀਂ ਕਰਨੀ।"

ਕਈ ਲੋਕ ਪਾਰਕ ਵਿੱਚ ਮ੍ਰਿਤਕਾਂ ਨੂੰ ਯਾਦ ਕਰ ਰਹੇ ਸਨ ਅਤੇ ਬਹੁਤ ਸਾਰੇ ਲੋਕ ਉਸ ਜਗ੍ਹਾ 'ਤੇ ਪਹੁੰਚੇ ਸਨ, ਜਿੱਥੇ ਇਹ ਦੁਰਘਟਨਾ ਵਾਪਰੀ। ਇਸ ਜਗ੍ਹਾ ਉੱਤੇ ਸਭ ਤੋਂ ਪਹਿਲਾਂ ਯਾਦਗਾਰੀ ਚਿੰਨ੍ਹ ਐਂਜਲੀਤਾ ਵੱਲੋਂ ਰੱਖਿਆ ਗਿਆ ਸੀ, ਜੋ ਬੋਲੀਵਿਆ ਤੋਂ ਆਏ ਹਨ। ਉਨ੍ਹਾਂ ਦੇ ਨਾਲ ਡੈਬਰਾ ਵੀ ਮੌਜੂਦ ਸੀ ਜਿਸ ਨੇ ਆਖਿਆ ਕਿ ਟੈਕਸਸ ਵਿੱਚ ਬਹੁਤ ਜਲਦੀ ਹਾਲਾਤ ਬਦਲਣ ਵਾਲੇ ਹਨ। ਸੋਮਵਾਰ ਨੂੰ ਵਾਪਰੀ ਇਸ ਘਟਨਾ ਤੋਂ ਬਾਅਦ ਹੁਣ ਇਸ ਜਗ੍ਹਾ ਤੇ ਬਹੁਤ ਸਾਰੇ ਫੁੱਲ ਅਤੇ ਮੋਮਬੱਤੀਆਂ ਲਗਾਈਆਂ ਗਈਆਂ ਹਨ। ਇਸ ਰਾਹੀਂ ਮ੍ਰਿਤਕਾਂ ਨੂੰ ਯਾਦ ਕੀਤਾ ਜਾ ਰਿਹਾ ਹੈ ਅਤੇ ਕਈ ਸਾਰੇ ਪੋਸਟਰ ਵੀ ਲੱਗੇ ਹਨ।

40 ਸਾਲ ਪਹਿਲਾਂ ਸਰਹੱਦ ਪਾਰ ਕਰਕੇ ਆਏ ਕਲਾਕਾਰ ਰੋਬਰਟੋ ਮਾਰਕੁਏਜ਼ ਮ੍ਰਿਤਕਾਂ ਦੀ ਯਾਦ ਵਿੱਚ ਪੇਂਟਿੰਗ ਕਰ ਰਹੇ ਹਨ। ਇਹ ਸ਼ਹਿਰ ਹਮੇਸ਼ਾ ਤੋਂ ਪਰਵਾਸੀਆਂ ਲਈ ਸਰਹੱਦ ਪਾਰ ਕਰਨ ਦਾ ਜ਼ਰੀਆ ਬਣਦਾ

(ਬਾਕੀ ਅਗਲੇ ਸਫੇ 'ਤੇ)

# ਰੂਸ-ਯੂਕਰੇਨ ਜੰਗ ਦੌਰਾਨ ਰੂਸ ਦੇ ਲਾਪਤਾ ਫੌਜੀ ਜਰਨੈਲਾਂ ਦਾ ਭੇਦ

ਮਈ ਮਹੀਨੇ ਦੌਰਾਨ ਯੂਕਰੇਨ ਦੇ ਡੋਨਬਾਸ ਖੇਤਰ ਵਿੱਚ ਰੂਸ ਦਾ ਇੱਕ ਸੁ-25 ਲੜਾਕੂ ਜਹਾਜ਼ ਯੂਕਰੇਨੀ ਫ਼ੌਜ ਵੱਲੋਂ ਮਾਰ ਡੇਗਿਆ ਗਿਆ। ਹਾਦਸੇ ਵਿੱਚ ਜਹਾਜ਼ ਦੇ ਬਜ਼ੁਰਗ ਪਾਇਲਟ ਦੀ ਮੌਤ ਹੋ ਗਈ ਸੀ। ਇਸ ਘਟਨਾ ਤੋਂ ਬਾਅਦ ਸਵਾਲ ਉੱਠਣ ਲੱਗੇ ਕਿ ਇੱਕ ਸੇਵਾਮੁਕਤ ਆਦਮੀ, ਜਿਸ ਨੇ ਇੱਕ ਦਹਾਕੇ ਪਹਿਲਾਂ ਰੂਸੀ ਹਥਿਆਰਬੰਦ ਬਲਾਂ ਨੂੰ ਛੱਡ ਦਿੱਤਾ ਸੀ, ਜਹਾਜ਼ ਵਿੱਚ ਕੀ ਕਰ ਰਿਹਾ ਸੀ? ਇੱਕ 63 ਸਾਲ ਦਾ ਬਜ਼ੁਰਗ ਇੰਨੇ ਆਧੁਨਿਕ ਜਹਾਜ਼ ਨੂੰ ਕਿਉਂ ਉਡਾ ਰਿਹਾ ਸੀ? ਇੱਕ ਹੋਰ ਰੂਸੀ ਜਨਰਲ ਦੀ ਗੋਲੀਬਾਰੀ ਵਿੱਚ ਜਾਨ ਕਿਉਂ ਗਈ? ਇਸ ਰਹੱਸ ਨੂੰ ਸਾਹਮਣੇ ਲਿਆਉਣਾ ਸਾਨੂੰ ਰੂਸ ਦੀ ਯੁੱਧ ਮਸ਼ੀਨ ਅਤੇ ਯੁੱਧ ਦੀ ਮਨੁੱਖੀ ਕੀਮਤ ਦੀ ਸਥਿਤੀ ਬਾਰੇ ਬਹੁਤ ਕੁਝ ਦੱਸਦਾ ਹੈ, ਇੱਥੋਂ ਤੱਕ ਕਿ ਸਭ ਤੋਂ ਸੀਨੀਅਰ ਅਫਸਰਾਂ ਲਈ ਵੀ।



**ਪਾਇਲਟ, ਅੰਗਰੇਜ਼ੀ ਦੇ ਵੱਡੇ ਪੀ ਨਾਲ**

ਮੇਜਰ ਜਨਰਲ ਕਨਾਮਤ ਬੋਤਾਸ਼ੇਵ ਇੱਕ ਬਹੁਤ ਹੀ ਹੁਨਰਮੰਦ ਅਤੇ ਸਤਿਕਾਰਤ ਰੂਸੀ ਪਾਇਲਟ ਸਨ। ਆਪਣੇ ਰੈਂਕ, ਉਮਰ ਅਤੇ ਸੇਵਾਮੁਕਤ ਰੁਤਬੇ ਦੇ ਬਾਵਜੂਦ, ਉਹ ਉਸ ਭਿਆਨਕ ਦਿਨ ਕੌਕਪਿਟ ਵਿੱਚ ਵਾਪਸ ਆ ਗਏ ਸਨ। ਪੱਤਰਕਾਰਾਂ ਨੇ ਉਨ੍ਹਾਂ ਦੇ ਤਿੰਨ ਸਾਬਕਾ ਸਾਥੀਆਂ ਨਾਲ ਗੱਲਬਾਤ ਕੀਤੀ, ਜਿਨ੍ਹਾਂ ਨੇ ਕਿਹਾ ਕਿ ਉਹ "ਵਿਸ਼ੇਸ਼ ਫੌਜੀ ਕਾਰਵਾਈ" ਤੋਂ "ਦੂਰ ਨਹੀਂ ਰਹਿ ਸਕਦੇ ਸੀ" - ਰੂਸ ਇਹ ਸ਼ਬਦ ਯੂਕਰੇਨ ਦੇ ਪੂਰੇ ਪੈਮਾਨੇ 'ਤੇ ਹਮਲੇ ਲਈ ਵਰਤਦਾ ਹੈ। ਬੋਤਾਸ਼ੇਵ ਦੇ ਸਾਬਕਾ ਸਾਥੀਆਂ ਵਿੱਚੋਂ ਇੱਕ ਨੇ ਸਾਨੂੰ ਦੱਸਿਆ, "ਉਹ ਇੱਕ ਪਾਇਲਟ ਸੀ, ਜਿਸ ਦਾ ਪਹਿਲਾ ਅੱਖਰ ਕੈਪਿਟਲ ਪੀ (ਫ) ਸੀ। ਧਰਤੀ 'ਤੇ ਬਹੁਤ ਘੱਟ ਲੋਕ ਹਨ, ਜਿੰਨ੍ਹਾਂ ਦਾ ਅਸਮਾਨ ਪ੍ਰਤੀ ਜਨੂੰਨ ਸੀ।" ਇੱਕ ਹੋਰ ਸਾਥੀ ਨੇ ਕਿਹਾ, "ਮੈਨੂੰ ਹਮੇਸ਼ਾ ਇਸ ਗੱਲ ਦਾ ਮਾਣ ਰਹੇਗਾ ਕਿ ਮੈਂ ਉਨ੍ਹਾਂ ਦੇ ਅਧੀਨ ਕੰਮ ਕੀਤਾ।" ਪਰ ਇਹ ਤੱਥ ਕਿ ਬੋਤਾਸ਼ੇਵ ਯੂਕਰੇਨ ਵਿੱਚ ਲੜਾਈ ਵਿੱਚ ਹਿੱਸਾ ਲੈ ਰਹੇ ਸੀ, ਇਸ ਗੱਲ ਵਿੱਚ ਉਨ੍ਹਾਂ ਦੀ ਉਮਰ ਦੇ ਕਾਰਨ ਵਾਧਾ ਨਹੀਂ ਹੋਇਆ। ਮੇਜਰ ਜਨਰਲ ਕਨਾਮਤ ਬੋਤਾਸ਼ੇਵ ਰੂਸੀ ਫੌਜ ਦੇ ਮੈਂਬਰ ਵੀ ਨਹੀਂ ਸੀ, ਉਨ੍ਹਾਂ ਨੂੰ ਇੱਕ ਦਹਾਕਾ ਪਹਿਲਾਂ ਬਰਖਾਸਤ ਕੀਤਾ ਗਿਆ ਸੀ।

**ਮਰ ਚੁੱਕੇ ਜਨਰਲ**

ਬੋਤਾਸ਼ੇਵ ਵੱਖ-ਵੱਖ ਰੂਸੀ ਜਨਰਲਾਂ ਵਿੱਚੋਂ ਇੱਕ ਹਨ ਜੋ ਸੰਘਰਸ਼ ਵਿੱਚ ਮਾਰੇ ਗਏ ਹਨ। ਹਾਲਾਂਕਿ ਮਰਨ ਵਾਲਿਆਂ ਦੀ ਸਹੀ ਗਿਣਤੀ ਵਿਵਾਦਮਈ ਹੈ। ਹਾਲਾਂਕਿ ਇੱਕ ਵੀ ਜਨਰਲ ਨੂੰ ਗੁਆਉਣਾ ਆਧੁਨਿਕ ਯੁੱਧ ਵਿੱਚ ਬਹੁਤ ਹੀ ਅਸਾਧਾਰਨ ਹੈ। ਤੁਲਨਾ ਦੇ ਤੌਰ 'ਤੇ ਜਦੋਂ ਅਮਰੀਕੀ ਮੇਜਰ ਜਨਰਲ ਹੈਰੋਲਡ ਗ੍ਰੀਨ 2014 ਵਿੱਚ ਇੱਕ ਅੰਦਰੂਨੀ ਹਮਲੇ ਵਿੱਚ ਇੱਕ ਅਫਗਾਨ ਫੌਜੀ ਵੱਲੋਂ ਮਾਰੇ ਗਏ ਸੀ ਤਾਂ ਉਨ੍ਹਾਂ ਦੀ ਮੌਤ 40 ਤੋਂ ਵੱਧ ਸਾਲਾਂ ਵਿੱਚ ਪਹਿਲੀ ਵਾਰ ਸੀ ਜਦੋਂ ਇੱਕ ਜਨਰਲ ਲੜਾਈ ਵਿੱਚ ਮਾਰਿਆ ਗਿਆ ਹੋਵੇ। ਯੂਕਰੇਨ ਨੇ ਕਿਸੇ ਵੇਲੇ ਦਾਅਵਾ ਕੀਤਾ ਕਿ ਸੰਘਰਸ਼ ਵਿੱਚ ਹੁਣ ਤੱਕ 11 ਰੂਸੀ ਜਨਰਲ ਮਾਰੇ ਗਏ ਹਨ, ਹਾਲਾਂਕਿ ਕੁਝ ਰਿਪੋਰਟਾਂ ਬਾਅਦ ਵਿੱਚ ਗਲਤ ਸਾਬਤ ਹੋਈਆਂ। ਯੂਕਰੇਨ ਵੱਲੋਂ ਮਰਨ ਦਾ ਦਾਅਵਾ ਕਰਨ ਵਾਲਿਆਂ ਵਿੱਚੋਂ ਤਿੰਨ ਦੀ ਬਾਅਦ ਵਿੱਚ ਮੌਤ ਦੀ ਖ਼ਬਰ ਤੋਂ ਇਨਕਾਰ ਕਰਦੇ ਹੋਏ ਆਨਲਾਈਨ ਪੋਸਟ ਕੀਤੇ ਗਏ ਵੀਡੀਓ ਸੋਸ਼ਲ ਮੀਡੀਆ ਉੱਤੇ ਪਾਏ ਗਏ। ਇਸ ਸਮੇਂ ਲੜਾਈ ਵਿੱਚ ਅੱਠ ਰੂਸੀ ਜਨਰਲਾਂ ਦੇ ਮਾਰੇ ਜਾਣ ਦੀ ਰਿਪੋਰਟ ਹੈ। ਜਿਨ੍ਹਾਂ ਵਿੱਚੋਂ ਚਾਰ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਜਦਕਿ ਚਾਰ ਹੋਰ ਦੀ ਮੌਤ ਬਾਰੇ ਪੁਸ਼ਟੀ ਨਹੀਂ ਹੈ। (ਪਰ ਨਾ ਹੀ ਉਨ੍ਹਾਂ ਦੀ ਮੌਤ ਦਾ ਖੰਡਨ ਕੀਤਾ ਗਿਆ ਹੈ)। ਬੋਤਾਸ਼ੇਵ ਤੋਂ ਇਲਾਵਾ ਜਿਨ੍ਹਾਂ ਤਿੰਨ ਦੀ ਮੌਤ ਬਾਰੇ ਪੁਸ਼ਟੀ ਕੀਤੀ ਗਈ ਹੈ, ਉਹ ਇਹ ਨਾਮ ਹਨ। ਮੇਜਰ ਜਨਰਲ ਆਂਦਰੇ ਸੁਖੋਵੇਤਸਕੀ ਬਾਰੇ 1 ਮਾਰਚ ਨੂੰ ਮਾਰਨ ਬਾਰੇ ਰਿਪੋਰਟ ਸੀ। ਇੱਕ ਸੇਵਾਮੁਕਤ ਰੂਸੀ ਫੌਜੀ ਅਧਿਕਾਰੀ ਨੇ ਟਵੀਟ ਕੀਤਾ ਕਿ ਸੁਖੋਵੇਤਸਕੀ ਨੂੰ ਹੋਸਟੋਮੇਲ ਖੇਤਰ ਵਿੱਚ ਇੱਕ ਯੂਕਰੇਨੀ ਸਨਾਈਪਰ ਨੇ ਗੋਲੀ ਮਾਰ ਦਿੱਤੀ ਹੈ। ਇਹ ਇਲਾਕਾ ਰਾਜਧਾਨੀ ਕੀਵ ਤੋਂ ਬਹੁਤੀ ਦੂਰ ਨਹੀਂ ਸੀ। ਮੇਜਰ ਜਨਰਲ ਵਲਾਦੀਮੀਰ ਫਰੋਲੋਵ ਨੂੰ 16 ਅਪ੍ਰੈਲ ਨੂੰ ਯੂਕਰੇਨੀ ਫੌਜ ਵੱਲੋਂ ਮਾਰਿਆ ਗਿਆ ਸੀ ਅਤੇ ਇਸਦੀ ਪੁਸ਼ਟੀ ਉਦੋਂ ਹੋਈ ਸੀ ਜਦੋਂ ਰੂਸ ਦੇ ਸ਼ਹਿਰ ਸੇਂਟ ਪੀਟਰਸਬਰਗ ਵਿੱਚ ਉਨ੍ਹਾਂ ਦੇ ਅੰਤਿਮ ਸੰਸਕਾਰ ਬਾਰੇ ਇੱਕ ਨੋਟਿਸ ਸਾਹਮਣੇ ਆਇਆ ਸੀ। ਉਨ੍ਹਾਂ ਦੀ ਮੌਤ ਦੇ ਵੇਰਵਿਆਂ ਬਾਰੇ ਰਿਪੋਰਟ ਸਾਹਮਣੇ ਨਹੀਂ ਆਈ। ਹਾਲ ਹੀ ਵਿੱਚ 5 ਜੂਨ ਨੂੰ ਇੱਕ ਰੂਸੀ ਮੀਡੀਆ ਪੱਤਰਕਾਰ ਨੇ ਟੈਲੀਗ੍ਰਾਮ ਮੈਸੇਂਜਰ 'ਤੇ ਪੋਸਟ ਕੀਤਾ ਕਿ ਮੇਜਰ ਜਨਰਲ ਰੋਮਨ ਕੁਤੁਜ਼ੋਵ ਡੋਨਬਾਸ ਵਿੱਚ ਯੂਕਰੇਨੀ ਬਲਾਂ 'ਤੇ ਹਮਲੇ ਦੀ ਅਗਵਾਈ ਕਰਦੇ ਹੋਏ ਮਾਰੇ ਗਏ। ਅਸੀਂ ਕਿਉਂ ਨਹੀਂ ਜਾਣਦੇ ਕਿ ਕਿੰਨੇ ਰੂਸੀ ਜਨਰਲ ਮਾਰੇ ਗਏ ਹਨ? ਸਧਾਰਨ ਜਵਾਬ ਇਹ ਹੈ ਕਿ ਯੂਕਰੇਨੀਅਨ ਯਕੀਨੀ ਤੌਰ 'ਤੇ ਨਹੀਂ ਜਾਣਦੇ ਅਤੇ ਰੂਸੀ ਨਹੀਂ ਦੱਸਣਗੇ। ਰੂਸ ਲਈ ਸ਼ਾਂਤੀ ਦੇ ਸਮੇਂ ਵੀ ਫੌਜੀ ਮੌਤਾਂ ਨੂੰ ਮੁਲਕ ਦਾ ਰਹੱਸ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਨੇ 25 ਮਾਰਚ ਤੋਂ ਯੂਕਰੇਨ ਵਿੱਚ ਆਪਣੀਆਂ ਅਧਿਕਾਰਤ ਮੌਤਾਂ ਦੇ ਅੰਕੜਿਆਂ ਨੂੰ ਅਪਡੇਟ ਨਹੀਂ ਕੀਤਾ ਹੈ, ਜਦੋਂ ਇਹ ਕਿਹਾ ਗਿਆ ਸੀ ਕਿ ਯੁੱਧ ਦੇ ਪਹਿਲੇ ਮਹੀਨੇ ਵਿੱਚ 1,351 ਰੂਸੀ ਫੌਜੀ ਮਾਰੇ ਗਏ ਸਨ। ਇੱਕ ਲਗਾਤਾਰ ਚੱਲ ਰਹੇ ਪੜਤਾਲ ਵਾਲੇ ਪ੍ਰੋਜੈਕਟ ਵਿੱਚ ਸਰੋਤਾਂ ਦੀ ਵਰਤੋਂ ਕਰਦੇ ਹੋਏ ਅਤੇ ਰੂਸੀ ਫੌਜੀਆਂ ਦੇ ਪਰਿਵਾਰਾਂ ਨਾਲ ਗੱਲ ਕਰਦੇ ਹੋਏ, ਬੀਬੀਸੀ ਨੇ 3,500 ਤੋਂ ਵੱਧ ਮੌਤਾਂ ਦੀ ਲਿਸਟ ਉਨ੍ਹਾਂ ਦੇ ਨਾਮ ਅਤੇ ਰੈਂਕ ਦੇ ਨਾਲ ਤਿਆਰ ਕੀਤੀ ਹੈ। ਇਹ ਦਰਸਾਉਂਦਾ ਹੈ ਕਿ ਅਸਲ ਅੰਕੜਾ ਸੰਭਾਵਤ ਤੌਰ 'ਤੇ ਬਹੁਤ ਜ਼ਿਆਦਾ ਹੈ। ਸਾਡੀ ਖੋਜ ਇਹ ਵੀ ਦਰਸਾਉਂਦੀ ਹੈ ਕਿ ਹਰ 5ਵਾਂ ਰੂਸੀ ਫੌਜੀ ਜੋ ਮਾਰਿਆ ਗਿਆ ਹੈ, ਉਹ ਇੱਕ ਮੱਧ ਜਾਂ ਸੀਨੀਅਰ ਰੈਂਕ ਵਾਲਾ ਅਧਿਕਾਰੀ ਹੈ।

**ਇਹ ਸਭ ਸਾਨੂੰ ਕੀ ਦੱਸਦਾ ਹੈ?**

ਸੀਨੀਅਰ ਰੈਂਕ ਵਾਲੇ ਅਫਸਰਾਂ ਦੀ ਮੌਤ ਦਾ ਅਨੁਪਾਤ ਹੈਰਾਨੀਜਨਕ ਹੈ, ਪਰ ਰੂਸੀ ਫੌਜ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਸੀਨੀਅਰ ਅਧਿਕਾਰੀ ਹਨ। ਕੁੱਲ ਮਿਲਾ ਕੇ ਲਗਭਗ 1,300 ਜਨਰਲ ਰੈਂਕ ਦੇ ਅਧਿਕਾਰੀ, ਹਾਲਾਂਕਿ ਕਈਆਂ ਦੀ ਕਦੇ ਵੀ ਯੁੱਧ ਦੇ ਨੇੜੇ ਆਉਣ ਦੀ ਉਮੀਦ ਨਹੀਂ ਕੀਤੀ ਜਾਂਦੀ। ਹੋਰ ਅਫ਼ਸਰ ਇੰਨੇ ਖੁਸ਼ਕਿਸਮਤ ਨਹੀਂ ਰਹੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਜਨਰਲਾਂ ਨੇ ਆਪਣੇ ਆਪ ਨੂੰ ਗਲਤ ਸਮੇਂ 'ਤੇ ਗਲਤ ਜਗ੍ਹਾ 'ਤੇ ਪਾਇਆ ਹੈ। ਇਹ ਇਸ ਲਈ ਹੋ ਸਕਦਾ ਹੈ ਕਿਉਂਕਿ ਸੀਨੀਅਰ ਅਫ਼ਸਰਾਂ ਤੋਂ ਕੰਮ ਕਰਨ ਅਤੇ ਫੈਸਲੇ ਲੈਣ ਦੀ ਉਮੀਦ ਕੀਤੀ ਜਾਂਦੀ ਹੈ ਜੋ ਹੋਰ ਫੌਜਾਂ ਵਿੱਚ ਹੇਠਲੇ ਦਰਜੇ ਦੇ ਅਫਸਰਾਂ ਵੱਲੋਂ ਲਏ ਜਾਣਗੇ। ਪੱਛਮੀ ਅਧਿਕਾਰੀਆਂ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਰੂਸੀ ਫੌਜੀਆਂ ਦੇ ਨੀਵੇਂ ਮਨੋਬਲ ਨੇ ਫੌਜ ਦੇ ਹੱਥਾਂ ਨੂੰ ਨੈਤਿਕ ਸਮਰਥਨ ਲਈ ਕਾਰਵਾਈ ਵਿੱਚ ਅੱਗੇ ਵਧਾਉਣ ਲਈ ਮਜਬੂਰ ਕੀਤਾ ਹੈ।

ਸੰਚਾਰ ਉਪਕਰਨਾਂ ਦੀ ਘਾਟ ਨੂੰ ਵੀ ਇਨ੍ਹਾਂ ਅਫਸਰਾਂ ਦੇ ਤਜਰਬੇ ਵਿੱਚ ਯੋਗਦਾਨ ਪਾਉਣ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਕਥਿਤ ਤੌਰ 'ਤੇ ਉਨ੍ਹਾਂ ਨੂੰ ਰਵਾਇਤੀ ਫੋਨ ਵਰਤਣ ਲਈ ਮਜਬੂਰ ਕੀਤਾ ਗਿਆ ਹੈ ਜੋ ਉਨ੍ਹਾਂ ਨੂੰ ਲੜਾਈ ਦੇ ਨੇੜੇ ਲਿਆਉਂਦਾ ਹੈ ਅਤੇ ਸੁਰੱਖਿਆ ਨਾਲ ਸਮਝੌਤਾ ਕਰਦਾ ਹੈ। ਅੰਤ ਵਿੱਚ ਅਮਰੀਕੀ ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਯੂਕਰੇਨ ਦੇ ਫੌਜੀ ਖੁਫੀਆ ਅਧਿਕਾਰੀ ਜਾਣਬੁੱਝ ਕੇ ਰੂਸ ਦੇ ਅਫਸਰ ਵਰਗ ਨੂੰ ਸਨਾਈਪਰ ਫਾਇਰ ਜਾਂ ਤੋਪਖਾਨੇ ਨਾਲ ਨਿਸ਼ਾਨਾ ਬਣਾ ਰਹੇ ਹਨ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ ਨੇ ਯੂਕਰੇਨ ਨੂੰ ਉਨ੍ਹਾਂ ਦੇ ਠਿਕਾਣਿਆਂ ਬਾਰੇ ਖੁਫ਼ੀਆ ਜਾਣਕਾਰੀ ਦਿੱਤੀ ਹੈ।

**ਅਣਅਧਿਕਾਰਤ ਉਡਾਨਾਂ**

ਪਰ ਇਹ ਸਭ ਬੋਤਾਸ਼ੇਵ ਲਈ ਪੂਰੀ ਤਰ੍ਹਾਂ ਅਕਾਦਮਿਕ ਹੋਵੇਗਾ ਜੇ ਉਹ ਸੇਵਾਮੁਕਤ ਹੁੰਦੇ। ਆਖਿਰ ਉਨ੍ਹਾਂ ਆਪਣੇ ਆਪ ਨੂੰ ਲੜਾਈ ਦੀ ਗਰਮੀ ਵਿੱਚ ਕਿਵੇਂ ਦਾ ਮਹਿਸੂਸ ਕੀਤਾ? ਬੋਤਾਸ਼ੇਵ ਦਾ ਕਰੀਅਰ ਸਿੱਧਾ ਨਹੀਂ ਸੀ: 2012 ਵਿੱਚ ਉਨ੍ਹਾਂ ਨੂੰ ਇੱਕ ਜਹਾਜ਼ ਦੇ ਕਰੈਸ਼ ਹੋਣ ਤੋਂ ਬਾਅਦ ਫੌਜ ਵਿੱਚੋਂ ਬਰਖਾਸਤ ਕਰ ਦਿੱਤਾ ਗਿਆ ਸੀ। ਇਹ ਜਹਾਜ਼ ਉਨ੍ਹਾਂ ਵੱਲੋਂ ਉਡਾਉਣ ਲਈ ਨਹੀਂ ਸੀ। ਉਨ੍ਹਾਂ ਨੇ ਰੂਸੀ ਫੌਜੀ ਤਕਨਾਲੋਜੀ ਦੇ ਜਹਾਜ਼ ਇੱਕ ਆਧੁਨਿਕ ਜੈੱਟ ਐਸ-27 ਲੜਾਕੂ ਜਹਾਜ਼ ਨੂੰ ਕੰਟਰੋਲ ਕਰ ਲਿਆ ਸੀ। ਰੂਸੀ ਫੌਜ ਵਿੱਚ ਇੱਕ ਖਾਸ ਕਿਸਮ ਦੇ ਜੈੱਟ ਨੂੰ ਉਡਾਉਣ ਲਈ ਅਧਿਕਾਰ ਕਈ ਘੰਟਿਆਂ ਦੀ ਵਿਸ਼ੇਸ਼ ਟ੍ਰੇਨਿੰਗ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ। ਬੋਤਾਸ਼ੇਵ ਕੋਲ ਐਸ-27 ਉਡਾਉਣ ਲਈ ਅਧਿਕਾਰ ਨਹੀਂ ਸੀ, ਪਰ ਕਿਸੇ ਤਰ੍ਹਾਂ ਜੈੱਟ ਤੱਕ ਪਹੁੰਚ ਕਾਇਮ ਕਰਨ ਵਿੱਚ ਕਾਮਯਾਬ ਰਹੇ। ਉਨ੍ਹਾਂ ਨੇ ਉਡਾਨ ਸਮੇਂ ਕੰਟਰੋਲ ਗੁਆ ਦਿੱਤਾ, ਪਰ ਉਹ ਅਤੇ ਇੱਕ ਸਾਥੀ ਸਫਲਤਾਪੂਰਵਕ ਬਾਹਰ ਨਿਕਲ ਗਏ।

ਉਹ ਬੁਰੇ ਹਾਦਸੇ ਤੋਂ ਬੱਚ ਗਏ, ਪਰ ਜਾਣਦੇ ਸੀ ਕਿ ਇਸ ਦੀ ਕੀਮਤ ਚੁਕਾਉਣੀ ਪਵੇਗੀ। ਜਿਸ ਚੀਜ਼ ਨੇ ਹਲਾਤ ਨੂੰ ਹੋਰ ਬਦਤਰ ਬਣਾਇਆ ਉਹ ਤੱਥ ਇਹ ਸੀ ਕਿ ਉਹ ਪਹਿਲਾ ਮੌਕਾ ਨਹੀਂ ਸੀ ਜਦੋਂ ਉਨ੍ਹਾਂ ਨੇ ਇੱਕ ਅਜਿਹਾ ਜਹਾਜ਼ ਲਿਆ ਜੋ ਉਡਾਉਣ ਲਈ ਨਹੀਂ ਸੀ। 2011 ਵਿੱਚ ਉਹ ਇੱਕ ਐਸ-34 ਜੈੱਟ ਦੇ ਕੌਕਪਿਟ ਵਿੱਚ ਦਾਖਲ ਹੋ ਗਏ। ਇਹ ਇੱਕ ਆਧੁਨਿਕ ਰੂਸੀ ਜੈੱਟ ਸੀ, ਜਿਸ ਦਾ ਉਨ੍ਹਾਂ ਕੋਲ ਲਾਇਸੈਂਸ ਨਹੀਂ ਸੀ ਅਤੇ ਇਸ ਨੂੰ ਇੱਕ ਉਡਾਉਣ ਲਈ ਲੈ ਗਏ ਸੀ।

**ਕਰਜ਼ਿਆਂ ਦਾ ਭੁਗਤਾਨ ਕਰਨਾ**

2012 ਵਿੱਚ ਇੱਕ ਅਦਾਲਤ ਨੇ ਫੈਸਲਾ ਸੁਣਾਇਆ ਕਿ ਬੋਤਾਸ਼ੇਵ ਨੂੰ ਜਹਾਜ਼ ਦੇ ਕਰੈਸ਼ ਕਾਰਨ ਹੋਏ ਨੁਕਸਾਨ ਲਈ ਮੁਲਕ ਨੂੰ ਲਗਭਗ 75,000 ਡਾਲਰਾਂ ਦਾ ਭੁਗਤਾਨ ਕਰਨਾ ਹੋਵੇਗਾ, ਭਾਵੇਂ ਜਹਾਜ਼ ਦੀ ਕੀਮਤ ਲੱਖਾਂ ਡਾਲਰ ਹੀ ਸੀ। ਜਦੋਂ ਬੋਤਾਸ਼ੇਵ ਦੀ ਪਿਛਲੇ ਮਹੀਨੇ ਮੌਤ ਹੋਈ ਤਾਂ ਓਪਨ-ਸੋਰਸ ਸਟੇਟ ਡੇਟਾਬੇਸ ਅਨੁਸਾਰ ਉਸ ਵੱਲ ਅਜੇ ਵੀ ਅੱਧੀ ਰਕਮ ਦਾ ਬਕਾਇਆ ਸੀ। ਬੋਤਾਸ਼ੇਵ ਨੂੰ ਉਨ੍ਹਾਂ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ ਅਤੇ ਉਹ 1950 ਦੇ ਦਹਾਕੇ ਦੀ ਇੱਕ ਸਵੈਸੇਵੀ ਸੰਸਥਾ ਧੌਓਓਂ ਲਈ ਕੰਮ ਕਰਨ ਲਈ ਅੱਗੇ ਵਧੇ। ਇਸ ਸੰਸਥਾ ਦਾ ਰੂਸੀ ਫੌਜ ਅਤੇ ਜਲ ਸੈਨਾ ਨਾਲ ਸਬੰਧ ਹੈ। ਇਸ ਦਾ ਉਦੇਸ਼ ਫੌਜ ਵਿੱਚ ਨੌਜਵਾਨਾਂ ਦੀ ਦਿਲਚਸਪੀ ਨੂੰ ਵਧਾਉਣਾ ਹੈ। ਬੋਤਾਸ਼ੇਵ ਦੀ ਫੌਜ ਦੀ ਪੈਨਸ਼ਨ ਲਗਭਗ 360 ਡਾਲਰ ਸੀ ਅਤੇ ਉਨ੍ਹਾਂ ਦੀ ਤਨਖਾਹ ਇਸ ਤੋਂ ਵੱਧ ਨਹੀਂ ਹੋ ਸਕਦੀ ਸੀ। ਇਹ ਇਲਜ਼ਾਮ ਲਗਾਇਆ ਗਿਆ ਕਿ ਮੌਤ ਸਮੇਂ ਬੋਤਾਸ਼ੇਵ ਇੱਕ ਨਿੱਜੀ ਫੌਜੀ ਕੰਪਨੀ ਲਈ ਕੰਮ ਕਰ ਰਹੇ ਸੀ। ਰੂਸੀ ਅਧਿਕਾਰੀ ਇਸ ਗੱਲ ਤੋਂ ਇਨਕਾਰ ਕਰਦੇ ਹਨ ਕਿ ਅਜਿਹੀਆਂ ਪ੍ਰਾਈਵੇਟ ਕੰਪਨੀਆਂ ਦਾ ਰੂਸ ਨਾਲ ਕੋਈ ਸਬੰਧ ਹੈ।



# 14 ਸਾਲ ਦੀ ਉਮਰ ਵਿੱਚ ਟਰੱਕ ਵਿਚ ਲੁਕ ਕੇ ਆਈ ਲੜਕੀ ਦੀ ਆਪ ਬਿਆਨੀ

**(ਸਫਾ 10 ਦੀ ਬਾਕੀ)**

ਰਿਹਾ ਹੈ। ਮੈਕਸੀਕੋ ਅਤੇ ਅਮਰੀਕਾ ਦੀ ਸਰਹੱਦ ਇੱਥੋਂ ਕੇਵਲ 250 ਕਿਲੋਮੀਟਰ ਦੂਰ ਹੈ। ਕਈਆਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਇਹ ਸ਼ਹਿਰ ਪਰਵਾਸੀਆਂ ਲਈ ਅਹਿਮ ਹੈ ਕਿਉਂਕਿ ਇੱਥੋਂ ਪੂਰਬ ਤੋਂ ਪੱਛਮ ਅਤੇ ਉੱਤਰ ਤੋਂ ਦੱਖਣ ਨੂੰ ਜੋੜਨ ਵਾਲੀਆਂ ਸੜਕਾਂ ਨਿਕਲਦੀਆਂ ਹਨ। ਐਡਵਰਡ ਰੈਨ ਇਸ ਜਗ੍ਹਾ 'ਤੇ ਮੌਜੂਦ ਕੰਪਨੀ ਵਿੱਚ ਸਕਿਊਰਿਟੀ ਕਰਮਚਾਰੀ ਹਨ।

ਜਿਸ ਜਗ੍ਹਾ 'ਤੇ ਇਹ ਹਾਦਸਾ ਹੋਇਆ ਹੈ, ਉਨ੍ਹਾਂ ਨੇ ਕਈ ਵਾਰ ਉੱਚੇ ਮੈਕਸੀਕਨ ਅਤੇ ਮੱਧ ਅਮਰੀਕੀ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨੂੰ ਟਰੇਨ ਤੋਂ ਉਤਰਦੇ ਵੇਖਿਆ ਹੈ। "ਮੈਨੂੰ ਯਾਦ ਵੀ ਨਹੀਂ ਕਿ ਕਿੰਨੀ ਵਾਰ ਲੋਕਾਂ ਲੋਕਾਂ ਨੂੰ ਟਰੇਨ ਚੋਂ ਛਾਲ ਮਾਰਦੇ ਹੋਏ ਦੇਖਿਆ ਹੈ।ਮੈਨੂੰ ਪਤਾ ਸੀ ਕਿ ਕਦੇ ਨਾ ਕਦੇ ਅਜਿਹਾ ਹਾਦਸਾ ਹੋਵੇਗਾ। ਲੋਕਾਂ ਨੂੰ ਗੈਰਕਾਨੂੰਨੀ ਢੰਗ ਨਾਲ ਲੈ ਕੇ ਆਉਣ ਵਾਲੇ ਕਦੇ ਉਨ੍ਹਾਂ ਦੀ ਜਾਨ ਅਤੇ ਸਿਹਤ ਦੀ ਪ੍ਰਵਾਹ ਨਹੀਂ ਕਰਦੇ।"

ਇਸੇ ਸਾਲ ਮਈ ਵਿੱਚ ਕਸਟਮ ਤੇ ਬਾਰਡਰ ਪ੍ਰੋਟੈਕਸ਼ਨ ਮਹਿਕਮੇ ਵੱਲੋਂ ਦੱਸਿਆ ਗਿਆ ਕਿ ਪੂਰੇ ਸਾਲ ਵਿੱਚ ਤਕਰੀਬਨ ਅਜਿਹੀਆਂ 215 ਲੱਖ ਘਟਨਾਵਾਂ ਸਾਹਮਣੇ ਆਈਆਂ ਸਨ। ਇਹ ਪਿਛਲੇ ਸਾਲ ਨਾਲੋਂ 33 ਫ਼ੀਸਦ ਜ਼ਿਆਦਾ ਹਨ। ਪਿਛਲੇ ਸਾਲ ਟੈਕਸਾਸ ਦੇ ਰਾਜਪਾਲ ਗਰੇਗ ਐਬਟ ਵੱਲੋਂ ਇਸ ਦੇ ਖ਼ਿਲਾਫ਼ ਮਾਰਚ 2021 ਵਿੱਚ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਸੀ ਜਿਸ ਨੂੰ ਆਪ੍ਰੇਸ਼ਨ ਨੂੰ ਲੋਨ ਸਟਾਰ ਦਾ ਨਾਮ ਕੀਤਾ ਗਿਆ ਸੀ। ਇਸ ਤੋਂ ਬਾਅਦ ਸਰਹੱਦ ਉੱਪਰ ਗਾਰਡ ਵੀ ਤਾਇਨਾਤ ਕੀਤੇ ਗਏ ਸਨ।

ਇਹ ਸਾਰਾ ਕੁਝ ਸਰਹੱਦ ਤੋਂ ਆਉਣ ਵਾਲੇ ਲੋਕਾਂ ਨੂੰ ਰੋਕਣ ਲਈ ਕੀਤਾ ਗਿਆ ਸੀ ਅਤੇ ਇਸ ਲਈ ਅਮਰੀਕਾ ਦੇ ਰਾਸ਼ਟਰਪਤੀ ਪਰਵਾਸ ਜੋਅ ਬਾਇਡਨ ਦੀਆਂ ਨਵੀਆਂ ਪਰਵਾਸ ਨੀਤੀਆਂ ਨੂੰ ਜ਼ਿੰਮੇਵਾਰ ਮੰਨਿਆ ਗਿਆ ਹੈ। ਇਸ ਦੇ ਬਾਵਜੂਦ ਵੀ ਲੋਕਾਂ ਨੇ ਸ਼ਹਾਦਤ ਆਉਣਾ ਜਾਰੀ ਰਿਹਾ ਅਤੇ ਇਸ ਇਲਾਕੇ ਤੋਂ ਲੋਕ ਲੁਕ ਛਿਪ ਕੇ ਆਉਂਦੇ ਰਹੇ।

ਅਮਰੀਕਾ ਦੀ ਜੋਰਜ ਮੈਸਨ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਕਰੈਰਾ ਕਈ ਸਾਲਾਂ ਤੋਂ ਪਰਵਾਸੀਆਂ ਦੇ ਆਉਣ ਵਾਲੇ ਰਸਤਿਆਂ ਦਾ ਅਧਿਐਨ ਕਰ ਰਹੇ ਹਨ। ਉਹ ਆਖਦੇ ਹਨ,"ਇਸ ਬਾਰੇ ਕੋਈ ਅਧਿਕਾਰਤ ਅੰਕੜੇ ਮੌਜੂਦ ਨਹੀਂ ਹਨ ਪਰ ਅਨੁਮਾਨ ਮੁਤਾਬਕ 5 ਫ਼ੀਸਦ ਤੋਂ ਘੱਟ ਹੀ ਜਾਣਕਾਰੀ ਵਿੱਚ ਆਉਂਦੇ ਹਨ।"

ਉਹ ਆਖਦੇ ਹਨ ਕਿ ਇਹ ਜ਼ਰੂਰੀ ਨਹੀਂ ਕਿ ਪਰਵਾਸੀ ਨੂੰ ਮੈਕਸੀਕੋ ਵਿਚ ਹੀ ਇਕੱਠੇ ਹੋਣ। ਕਈ ਵਾਰ ਟੈਕਸਸ ਦੇ ਇਸ ਪਾਸੇ ਵੀ ਤਸਕਰਾਂ ਟਰੱਕਾਂ ਵਿੱਚ ਲੋਕਾਂ ਨੂੰ ਇਕੱਠਾ ਕਰਦੇ ਹਨ। ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਿਟੀ ਦੇ ਮਾਹਿਰਾਂ ਮੁਤਾਬਕ ਸੋਮਵਾਰ ਨੂੰ ਵਾਪਰੀ ਘਟਨਾ ਵਿੱਚ ਵੀ ਅਜਿਹਾ ਹੀ ਹੋਇਆ ਹੋਵੇਗਾ। ਖ਼ਬਰ ਏਜੰਸੀ ਏਪੀ ਨੂੰ ਸੰਸਦ ਮੈਂਬਰ ਹੈਨਰੀ ਕਿਊਲਰ ਨੇ ਵੀ ਅਜਿਹੀ ਜਾਣਕਾਰੀ ਦਿੱਤੀ ਸੀ।

ਸੈਨ ਐਨਟੋਨੀਓ ਵਿੱਚ ਆਉਣ ਵਾਲੇ ਵੱਡੀ ਗਿਣਤੀ ਵਿੱਚ ਪਰਵਾਸੀ ਇੱਥੋਂ ਅੱਗੇ ਚਲੇ ਜਾਂਦੇ ਹਨ। ਚਾਹੇ ਉਹ ਕਿਸੇ ਵੀ ਸਾਧਨ ਰਾਹੀਂ ਆਉਣ ਉਨ੍ਹਾਂ ਵਿੱਚੋਂ ਜ਼ਿਆਦਾਤਰ ਇੱਥੇ ਇਕ ਰਾਤ ਬਿਤਾਉਂਦੇ ਹਨ ਅਤੇ ਉਸ ਤੋਂ ਬਾਅਦ ਉਹ ਏਅਰਪੋਰਟ ਬੱਸ ਸਟੇਸ਼ਨ 'ਤੇ ਪਹੁੰਚ ਜਾਂਦੇ ਹਨ।ਕਈ ਸੰਸਥਾਵਾਂ ਉਨ੍ਹਾਂ ਦੀ ਸਹਾਇਤਾ ਕਰਦੀਆਂ ਹਨ। ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਇੱਥੇ ਰੁਕ ਜਾਂਦੇ ਹਨ। ਇਨ੍ਹਾਂ ਵਿੱਚੋਂ ਇਕ ਲੱਮੀ ਹੈ ਜੋ ਚਾਰ ਸਾਲ ਪਹਿਲਾਂ ਕਿਊਬਾ ਤੋਂ ਆਏ ਸਨ ਅਤੇ ਹੁਣ ਸ਼ਹਿਰ ਵਿੱਚ ਟੈਕਸੀ ਚਲਾਉਂਦੇ ਹਨ।

ਉਨ੍ਹਾਂ ਦਾ ਇਸ ਤੋਂ ਬਾਅਦ ਆਪਣੇ ਇੱਕ ਸਾਲ ਦੇ ਬੱਚੇ ਅਤੇ ਪਤਨੀ ਨਾਲ ਫਲੋਰੀਡਾ ਜਾਣ ਦਾ ਟੀਚਾ ਹੈ। ਇਸੇ ਤਰ੍ਹਾਂ ਜੋਸ ਹਨ ਜੋ ਇਕੁਆਡੋਰ ਤੋਂ ਆਏ ਹਨ ਅਤੇ ਕੋਲੰਬੀਆ ਅਤੇ ਪਨਾਮਾ ਦੇ ਜੰਗਲਾਂ ਵਿੱਚੋਂ ਸੰਘਰਸ਼ ਕਰਨ ਤੋਂ ਬਾਅਦ ਸ਼ਹਿਰ ਵਿੱਚ ਪਹੁੰਚੇ ਸਨ। ਉਸ ਬਾਅਦ ਉਹ ਮਈ ਵਿੱਚ ਗ੍ਰਿਫ਼ਤਾਰ ਕੀਤੇ ਗਏ। ਜੇਲ੍ਹ ਵਿੱਚੋਂ ਛੁੱਟਣ ਤੋਂ ਬਾਅਦ ਉਨ੍ਹਾਂ ਨੇ ਗ੍ਰੇਹਾਊਂਡ ਲਈ ਬੱਸ ਲਈ ਜਿਸ ਵਿੱਚ ਉਨ੍ਹਾਂ ਨੇ ਮੈਨੂੰ ਆਪਣੀ ਕਹਾਣੀ ਦੱਸੀ। 34 ਸਾਲਾ ਕਾਰਲੋਸ ਵੈਨਜ਼ੁਏਲਾ ਤੋਂ ਹਨ ਅਤੇ ਕਈ ਦੇਸ਼ਾਂ ਵਿੱਚ ਘੁੰਮ ਕੇ ਸਰਹੱਦ ਪਾਰ ਕਰ ਕੇ ਇੱਥੇ ਪਹੁੰਚੇ ਸਨ।

ਜਦੋਂ ਉਹ ਮੈਕਸੀਕੋ ਦੇ ਦੱਖਣੀ ਸਰਹੱਦ ਤੇ ਪਹੁੰਚੇ ਤਾਂ ਉਨ੍ਹਾਂ ਨੇ ਉੱਤਰ ਤਕ ਮੋਟਰ ਸਾਈਕਲ ਰਾਹੀਂ ਜਾਣ ਬਾਰੇ ਸੋਚਿਆ। "ਮੈਕਸੀਕੋ ਦੇ ਸ਼ਹਿਰ ਮੋਨ ਕਲੋਆ ਵਿੱਚ ਮੇਰਾ ਐਕਸੀਡੈਂਟ ਹੋ ਗਿਆ ਉਸ ਤੋਂ ਬਾਅਦ ਹੁਣ ਮੇਰੀ ਲੱਤ ਵਿਚ ਇਕ ਪਲੇਟ ਪਾਈ ਗਈ ਹੈ।" ਆਪਣੀ ਲੱਤ ਵੱਲ ਇਸ਼ਾਰਾ ਕਰਦੇ ਹੋਏ ਕਾਰਲੋਸ ਨੇ ਦੱਸਿਆ। ਭਾਵੇਂ ਹੁਣ ਉਨ੍ਹਾਂ ਦੀ ਲੱਤ ਕੰਮ ਕਰਦੀ ਹੈ ਪਰ ਪੂਰੀ ਤਰ੍ਹਾਂ ਠੀਕ ਹੋਣ ਵਿਚ ਹਾਲੇ ਸਮਾਂ ਲੱਗੇਗਾ।

ਫਿਲਹਾਲ ਕਾਰਲੋਸ ਪਰਵਾਸੀਆਂ ਲਈ ਬਣਾਏ ਗਏ ਇੱਕ ਸ਼ਰਨਾਰਥੀ ਕੈਂਪ ਵਿੱਚ ਰਹਿ ਰਹੇ ਹਨ ਜਿਸ ਨੂੰ ਫਾਦਰ ਫਿਲ ਏ ਚਲਾ ਰਹੇ ਹਨ। ਫਾਦਰ ਫ਼ਿਲਮ ਇੰਡੀਆਨਾ ਤੋਂ ਹਨ ਅਤੇ ਉਨ੍ਹਾਂ ਨੇ ਪਹਿਲਾ ਪਰਵਾਸੀ ਸ਼ਰਨਾਰਥੀ ਕੈਂਪ ਅੱਜ ਤੋਂ 16 ਸਾਲ ਪਹਿਲਾਂ ਸ਼ੁਰੂ ਕੀਤਾ ਸੀ। ਸ਼ੁਰੂਆਤ ਵਿੱਚ ਉਹ ਲੋਕ ਆਏ ਜਿਨ੍ਹਾਂ ਨੂੰ ਹਸਪਤਾਲਾਂ ਨੇ ਵਾਪਸ ਭੇਜਿਆ ਸੀ। ਇਨ੍ਹਾਂ ਵਿੱਚੋਂ ਕਈ ਬਿਮਾਰ ਸਨ ਅਤੇ ਕਈਆਂ ਨੂੰ ਡਾਈਬਿਟੀਜ਼ ਦੀ ਬਿਮਾਰੀ ਸੀ। ਕੁਝ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਸਨ, ਉਨ੍ਹਾਂ ਨੂੰ ਡਾਇਲੇਸਿਸ ਦੀ ਲੋੜ ਸੀ।

"ਮੈਂ ਇਹ ਸਭ ਕਰਦਾ ਰਿਹਾ ਅਤੇ ਉਸ ਤੋਂ ਬਾਅਦ ਇਕ ਵਕੀਲ ਨੇ ਸਹਾਇਤਾ ਕੀਤੀ। ਉਹ ਇਮੀਗਰੇਸ਼ਨ ਨਾਲ ਸਬੰਧਤ ਮਾਮਲਿਆਂ ਦਾ ਮਾਹਿਰ ਸੀ।" ਉਹ ਵਕੀਲ ਇਕ ਅਜਿਹੇ ਪਰਵਾਸੀ ਦਾ ਕੇਸ ਲੜ ਰਹੇ ਸਨ ਜਿਸ ਨੂੰ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ ਆਪਣੀ ਹਿਰਾਸਤ ਵਿੱਚ ਨਹੀਂ ਰੱਖ ਸਕਦੇ ਸਨ ਕਿਉਂਕਿ ਉਹ 18 ਸਾਲ ਤੋਂ ਉੱਪਰ ਹੋ ਗਿਆ ਸੀ।

ਇਹ ਡਿਟੈਂਸ਼ਨ ਸੈਂਟਰ ਕੇਵਲ ਨਾਬਾਲਗਾਂ ਲਈ ਬਣਿਆ ਹੋਇਆ ਸੀ। ਉਸ ਤੋਂ ਬਾਅਦ ਬਾਕੀ ਵਕੀਲਾਂ ਵਿੱਚ ਇਹ ਗੱਲ ਫੈਲ ਗਈ। ਫਾਦਰ ਫ਼ਿਲ ਆਖਦੇ ਹਨ ਕਿ ਇਸ ਤੋਂ ਬਾਅਦ ਉਨ੍ਹਾਂ ਦਾ ਸੈਂਟਰ ਨੌਜਵਾਨ ਪਰਵਾਸੀਆਂ ਨੂੰ ਸ਼ਰਨ ਦੇਣ ਲਈ ਜਾਣਿਆ ਜਾਣ ਲੱਗਿਆ। ਬੁੱਧਵਾਰ ਤੱਕ ਉਨ੍ਹਾਂ ਦੇ ਸੈਂਟਰ ਵਿੱਚ 21 ਨੌਜਵਾਨ ਸਨ।



Cosmetic & Family Dentistry

UPPAL DENTAL CARE

50 % Discount for Cash Patients



Charanjit S Uppal D.D.S.

INVISALIGN

Call for Details
Straighten Teeth Without Wires

FREE TEETH WHITENING WITH PAID EXAM, X-RAY & CLEANING.
YOUR INSURANCE USUALLY COVER THESE SERVICES

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards
Most Insurance Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com




Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

Onkar Singh Saini

5156 Mowry AVE. Fremont. CA 94538
Tel- 510-797-7111

# Moon Indian Cuisine
## 510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

**Fish Pakora**

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

**ਮੂਨ ਇੰਡੀਅਨ ਕੁਜ਼ੀਨ (ਹੇਵਰਡ)**
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net

# Raja

New Introducing Chaat Corner

King of Sweets Now Presents

Come and Enjoy Mouth Watering Chaat All Day





ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ


- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

## RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100

# FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Gurdial Aujla



Darshan Aujla
510-750-6116

1421 Industrial Parkway West #C
Hayward, CA 94644

510-538-2983

# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

**KASH FABRICS**
29576 Mission Blvd
Hayward,CA 94544
510-538-1138

# ਹਾਲੇ ਵੀ ਨਾ ਸੰਭਲੇ ਤਾਂ ਰੇਗਿਸਤਾਨ ਬਣ ਜਾਵੇਗਾ ਪੰਜਾਬ

ਪੰਜਾਬ ਦੇ ਘਟਦੇ ਜ਼ਮੀਨਦੋਜ਼ ਪਾਣੀ ਦੀ ਚਰਚਾ ਸਮੇਂ-ਸਮੇਂ 'ਤੇ ਹੁੰਦੀ ਹੀ ਰਹਿੰਦੀ ਹੈ। ਝੋਨੇ ਦੇ ਸੀਜ਼ਨ ਵਿਚ ਇਹ ਚਰਚਾ ਹੋਰ ਜ਼ਿਆਦਾ ਜ਼ੋਰ ਫੜ ਜਾਂਦੀ ਹੈ। ਖੇਤੀਬਾੜੀ ਮਾਹਰ, ਸਰਕਾਰ ਅਤੇ ਵਾਤਾਵਰਨ ਪ੍ਰੇਮੀ ਸੂਬੇ ਦੇ ਘਟਦੇ ਪਾਣੀ ਦੇ ਪੱਤਣ ਉਤੇ ਲਗਾਤਾਰ ਚਿੰਤਾ ਪ੍ਰਗਟ ਕਰਦੇ ਰਹੇ ਹਨ। ਪਰ ਇਸ ਦੇ ਬਾਵਜੂਦ ਪਿਛਲੇ ਸਾਲਾਂ ਵਾਂਗ ਇਸ ਵਾਰ ਵੀ ਪੰਜਾਬ ਵਿਚ ਝੋਨੇ ਦੀ ਖੇਤੀ ਵੱਡੇ ਪੱਧਰ 'ਤੇ ਹੋ ਰਹੀ ਹੈ। ਪੰਜਾਬ ਵਿਧਾਨ ਸਭਾ ਦੀ ਸਾਲ 2021-22 ਦੀ ਰਿਪੋਰਟ ਦੇ ਮੁਤਾਬਕ ਜੇਕਰ ਜ਼ਮੀਨ ਵਿਚੋਂ ਪਾਣੀ ਇਸੇ ਤਰੀਕੇ ਨਾਲ ਨਿਕਲਦਾ ਰਿਹਾ ਤਾਂ ਸੂਬੇ ਵਿਚ ਜ਼ਮੀਨਦੋਜ਼ ਪਾਣੀ ਦਾ ਸੰਕਟ ਖੜ੍ਹਾ ਹੋ ਜਾਵੇਗਾ। ਇਸੇ ਤਰੀਕੇ ਨਾਲ ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਵਿੱਚ ਇਸ ਗੱਲ ਦਾ ਖੁਲਾਸਾ ਪਹਿਲਾਂ ਹੀ ਹੋ ਚੁੱਕਾ ਹੈ। ਰਿਪੋਰਟ ਮੁਤਾਬਕ ਜੇਕਰ ਜ਼ਮੀਨ ਵਿਚੋਂ ਪਾਣੀ ਇਸੇ ਰਫ਼ਤਾਰ ਨਾਲ ਕੱਢਿਆ ਗਿਆ ਤਾਂ ਆਉਣ ਵਾਲੇ ਕੁਝ ਸਾਲਾਂ ਵਿੱਚ ਸੂਬਾ ਰੇਗਿਸਤਾਨ ਬਣ ਜਾਵੇਗਾ। ਪੰਜਾਬ ਵਿਚ ਜ਼ਮੀਨਦੋਜ਼ ਪਾਣੀ ਘਟਣ ਦੇ ਕਾਰਨ, ਮੌਜੂਦਾ ਸਥਿਤੀ, ਸਰਕਾਰ ਦੀ ਦਲੀਲ, ਪਾਣੀ ਬਚਾਉਣ ਲਈ ਹੋ ਰਹੇ ਯਤਨਾਂ ਬਾਰੇ ਬੀਬੀਸੀ ਪੰਜਾਬੀ ਨੇ ਕਿਸਾਨਾਂ, ਸਰਕਾਰ ਦੇ ਨੁਮਾਇੰਦਿਆਂ ਅਤੇ ਮਾਹਰਾਂ ਨਾਲ ਗੱਲਬਾਤ ਕੀਤੀ।



### ਮੌਜੂਦਾ ਸਥਿਤੀ

ਪੰਜਾਬ ਦੇ ਜ਼ਮੀਨੀ ਪਾਣੀ 'ਤੇ ਪੰਜਾਬ ਵਿਧਾਨ ਸਭਾ ਵਲੋਂ ਵੀ ਇੱਕ ਰਿਪੋਰਟ ਤਿਆਰ ਕਰਵਾਈ ਗਈ। ਇਹ ਰਿਪੋਰਟ 2021 ਦੇ ਵਿੱਚ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ ਸੀ। ਇਸ ਰਿਪੋਰਟ ਵਿਚ ਕਾਫ਼ੀ ਚਿੰਤਾ ਤੇ ਹੈਰਾਨੀਜਨਕ ਤੱਥ ਉੱਭਰ ਕੇ ਸਾਹਮਣੇ ਆਏ ਹਨ। ਸੈਂਟਰਲ ਗਰਾਊਂਡ ਵਾਟਰ ਬੋਰਡ ਨੇ ਸਮੁੱਚੇ ਪੰਜਾਬ ਨੂੰ 150 ਬਲਾਕਾਂ ਵਿਚ ਵੰਡਿਆ ਹੋਇਆ ਹੈ। ਇਸ ਅਦਾਰੇ ਦੀ ਰਿਪੋਰਟ ਮੁਤਾਬਕ ਸਾਲ 2000 ਵਿੱਚ ਸੂਬੇ ਦੇ 150 ਵਿਕਾਸ ਬਲਾਕਾਂ ਵਿਚੋਂ 80 ਡਾਰਕ ਬਲਾਕ ਸਨ, ਜੋ ਕਿ 2017 ਵਿੱਚ ਵੱਧ ਕੇ 109 ਹੋ ਗਏ। 2020 ਦੇ ਤਾਜ਼ਾ ਅੰਕੜਿਆ ਮੁਤਾਬਕ ਇਹਨਾਂ ਡਾਰਕ ਬਲਾਕਾਂ ਦੀ ਗਿਣਤੀ 117 ਹੋ ਗਈ ਹੈ। ਇਸ ਰਿਪੋਰਟ ਵਿਚ ਇਸ ਗੱਲ ਦਾ ਵੀ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਵਿਚ ਜਿਹੜੇ ਬਲਾਕ ਇਸ ਸਮੇਂ ਸੁਰੱਖਿਅਤ ਹਨ, ਉਹਨਾਂ ਦਾ ਜ਼ਮੀਨੀ ਪਾਣੀ ਖੇਤੀ ਅਤੇ ਮਨੁੱਖੀ ਖ਼ਪਤ ਲਈ ਵਰਤੋਂਯੋਗ ਨਹੀਂ ਹੈ। ਜਾਣਕਾਰ ਆਖਦੇ ਹਨ ਕਿ ਜ਼ਮੀਨੀ ਪਾਣੀ ਅਸੀਮਤ ਹੈ ਪਰ ਇਹ ਰੀਚਾਰਜ ਨਾਲ ਜੁੜਿਆ ਹੋਇਆ ਹੈ। ਜੇਕਰ ਜ਼ਮੀਨ ਵਿਚੋਂ ਪਾਣੀ ਕੱਢਦੇ ਰਹੇ, ਉਸ ਵਿਚ ਦੁਬਾਰਾ ਨਾ ਰੀਚਾਰਜ ਕੀਤਾ ਜਾਵੇ ਤਾਂ ਹਾਲਾਤ ਵਿਗੜ ਜਾਂਦੇ ਹਨ। ਡਾਕਟਰ ਸਮਨਪ੍ਰੀਤ ਕੌਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਮਿੱਟੀ ਅਤੇ ਪਾਣੀ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਤਰੀਕੇ ਨਾਲ ਜ਼ਮੀਨ ਵਿਚੋਂ ਪਾਣੀ ਜ਼ਮੀਨ ਕੱਢਿਆ ਜਾ ਰਿਹਾ ਹੈ ,ਆਉਣ ਵਾਲੇ ਸਾਲਾਂ ਵਿਚ 300 ਫੁੱਟ ਤੱਕ ਦੀ ਡੂੰਘਾਈ ਤੱਕ ਪਾਣੀ ਖ਼ਤਮ ਹੋ ਜਾਵੇਗਾ। ਸਮਨਪ੍ਰੀਤ ਕੌਰ ਜਿਹੜਾ ਦਾਅਵਾ ਕਰਦੇ ਹਨ, ਉਸ ਦੀ ਪੁਸ਼ਟੀ ਸੈਂਟਰਲ ਗਰਾਊਂਡ ਵਾਟਰ ਬੋਰਡ ਨੇ ਆਪਣੀ ਰਿਪੋਰਟ ਵਿੱਚ ਪਹਿਲਾਂ ਹੀ ਕਰ ਦਿੱਤੀ ਹੈ।

### ਕਿਸੇ ਖਿੱਤੇ ਦੀ ਹੈ ਸਭ ਤੋਂ ਮਾੜੀ ਸਥਿਤੀ


ਪੰਜਾਬ ਦੇ ਮਾਲਵਾ ਖਿੱਤੇ ਦੀ ਸਥਿਤੀ ਸਭ ਤੋਂ ਗੰਭੀਰ ਹੈ, ਜਿਸ ਵਿੱਚ ਸੰਗਰੂਰ, ਬਰਨਾਲਾ, ਪਟਿਆਲਾ ਅਤੇ ਲੁਧਿਆਣਾ ਜ਼ਿਲ੍ਹੇ ਪ੍ਰਮੁੱਖ ਹਨ। ਡਾਰਕ ਜੋਨ ਵਾਲੇ ਇਲਾਕੇ ਵਿੱਚ ਸਭ ਤੋਂ ਪਹਿਲਾਂ ਨਾਮ ਸੰਗਰੂਰ ਜ਼ਿਲ੍ਹੇ ਦਾ ਆਉਂਦਾ ਹੈ। ਵਿਧਾਨ ਸਭਾ ਦੀ ਰਿਪੋਰਟ ਦੇ ਮੁਤਾਬਕ ਸੰਗਰੂਰ ਜ਼ਿਲ੍ਹੇ ਵਿੱਚ 301 ਫੀਸਦੀ ਦੀ ਦਰ ਨਾਲ ਪਾਣੀ ਕੱਢਿਆ ਗਿਆ ਹੈ। ਇਸ ਤੋਂ ਇਲਾਵਾ ਮੋਗਾ ਵਿਚ 250% , ਜਲੰਧਰ ਵਿਚ 257% ਅਤੇ ਪਟਿਆਲਾ ਵਿੱਚ 226% ਦੀ ਦਰ ਨਾਲ ਜ਼ਮੀਨਦੋਜ਼ ਪਾਣੀ ਕੱਢਿਆ ਜਾ ਰਿਹਾ ਹੈ। ਸਰਕਾਰੀ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਜ਼ਮੀਨ ਵਿੱਚ ਸਭ ਤੋਂ ਘੱਟ ਪਾਣੀ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਵਿਚ ਹੈ।

### ਕਿਉਂ ਖਤਮ ਹੋ ਰਿਹਾ ਹੈ ਪੰਜਾਬ ਦਾ ਪਾਣੀ

ਪੰਜਾਬ ਵਿਚ ਕੁੱਲ 41 ਲੱਖ ਹੈਕਟੇਅਰ ਵਿੱਚ ਖੇਤੀ ਹੁੰਦੀ ਹੈ ਅਤੇ ਇਸ ਵਿਚੋਂ ਸਾਉਣੀ ਸੀਜ਼ਨ ਦੌਰਾਨ 30 ਲੱਖ ਹੈਕਟੇਅਰ (75 ਫੀਸਦ) ਰਕਬੇ ਵਿੱਚ ਝੋਨੇ ਦੀ ਕਾਸ਼ਤ ਹੁੰਦੀ ਹੈ। ਝੋਨੇ ਦੀ ਇੰਨੀ ਜ਼ਿਆਦਾ ਕਾਸ਼ਤ ਲਈ ਪਾਣੀ ਦੀ ਕਿੰਨੀ ਜਰੂਰਤ ਹੋਵੇਗੀ, ਇਸ ਦਾ ਅੰਦਾਜ਼ਾ ਤੁਸੀ ਆਪ ਲਗਾ ਸਕਦੇ ਹੋ। ਡਾਕਟਰ ਸਮ-ਨਪ੍ਰੀਤ ਕੌਰ ਦਾ ਕਹਿਣਾ ਹੈ ਕਿ ਮੀਂਹ ਤੋਂ ਇਲਾਵਾ ਝੋਨੇ ਦੇ ਪੌਦੇ ਨੂੰ 150 ਤੋਂ 200 ਸੈਂਟੀਮੀਟਰ ਪਾਣੀ ਦੀ ਲੋੜ ਹੁੰਦੀ ਹੈ ਅਤੇ ਇਸ ਦੀ ਪੂਰਤੀ ਜ਼ਮੀਨਦੋਜ਼ ਪਾਣੀ ਤੋਂ ਕੀਤੀ ਜਾ ਰਹੀ ਹੈ। ਇਸ ਕਰਕੇ ਝੋਨੇ ਨੂੰ ਪੰਜਾਬ ਦੇ ਪਾਣੀ ਖ਼ਤਮ ਦਾ ਸਭ ਤੋਂ ਵੱਡਾ ਕਾਰਨ ਮੰਨਿਆਂ ਜਾ ਰਿਹਾ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਦੇ ਮੁਤਾਬਕ ਪੰਜਾਬ ਵਿਚ ਖੇਤੀ, ਸਨਅਤ ਅਤੇ ਘਰੇਲੂ ਖੇਤਰਾਂ ਲਈ ਪਾਣੀ ਦੀ ਸਲਾਨਾ ਜਰੂਰਤ 35.8 ਬਿਲੀਅਨ ikB (ਅਰਬ ਘਣ ਮੀਟਰ) ਹੈ। ਇੰਨੀ ਪਾਣੀ ਦੀ ਮਾਤਰਾ ਧਰਤੀ ਵਿਚੋਂ ਕੱਢੀ ਜਾਂਦੀ ਹੈ। ਜਦਕਿ ਇਸ ਦੀ ਭਰਪਾਈ (ਰੀਚਾਰਜ ਅਤੇ ਹੋਰ ਸਾਧਨਾਂ) 21।6 ਅਰਬ ਘਣ ਮੀਟਰ (ਬੀ.ਸੀ.ਐਮ) ਹੁੰਦੀ ਹੈ ਇਸ ਤਰਾਂ ਦੋਵਾਂ ਵਿਚਾਲੇ 14.2 ਅਰਬ ਘਣ ਮੀਟਰ (ਬੀ.ਸੀ.ਐਮ) ਖੱਪਾ ਹੈ। ਪੰਜਾਬ ਵਿਚ 27% ਫੀਸਦੀ ਸਿੰਚਾਈ ਨਹਿਰੀ ਪਾਣੀ ਰਾਹੀਂ ਹੁੰਦੀ ਹੈ ਅਤੇ ਬਾਕੀ ਸਿੰਚਾਈ ਟਿਊਬਲਾਂ ਰਾਹੀਂ ਹੁੰਦੀ ਹੈ। ਮਾਹਰਾਂ ਮੁਤਾਬਕ ਇਸ ਵੇਲੇ ਜ਼ਮੀਨਦੋਜ਼ ਪਾਣੀ 86 ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਥੱਲੇ ਜਾ ਰਿਹਾ ਹੈ। ਜੇਕਰ ਇਹ ਰਫ਼ਤਾਰ ਇਸੇ ਤਰੀਕੇ ਨਾਲ ਜਾਰੀ ਰਹੀ ਤਾਂ ਆਉਣ ਵਾਲੇ 15-20 ਸਾਲਾਂ ਵਿੱਚ ਸੂਬੇ ਕੋਲ ਧਰਤੀ ਹੇਠਲਾ ਪਾਣੀ ਨਹੀਂ ਬਚੇਗਾ।

### ਟਿਊਬਵੈੱਲ ਦਾ ਕੀ ਹੈ ਅੰਕੜਾ

ਦਰਅਸਲ ਪੰਜਾਬ ਵਿਚ ਜ਼ਮੀਨੀ ਪਾਣੀ ਦਾ ਸਭ ਤੋਂ ਵੱਡਾ ਖ਼ਪਤਕਾਰ ਖੇਤੀਬਾੜੀ ਸੈਕਟਰ ਹੈ, ਜਿਸ ਵਿਚ 94% ਖ਼ਪਤ ਹੁੰਦੀ ਹੈ ਜਦੋਂਕਿ ਬਾਕੀ ਭਾਰਤ ਵਿੱਚ ਇਹ ਦਰ 80 ਫੀਸਦੀ ਹੈ। ਪੰਜਾਬ ਵਿੱਚ ਜ਼ਿਆਦਾਤਰ ਸਿੰਚਾਈ ਟਿਊਬਲਾਂ ਦੇ ਪਾਣੀ ਰਾਹੀਂ ਕੀਤੀ ਜਾਂਦੀ ਹੈ। ਪੰਜਾਬ ਬਿਜਲੀ ਬੋਰਡ ਦੇ ਅੰਕੜਿਆ ਮੁਤਾਬਕ 1960 ਵਿੱਚ ਸੂਬੇ ਵਿਚ ਇਕ ਲੱਖ ਟਿਊਬਵੈੱਲ ਸਨ ਅਤੇ 2020 ਤੱਕ ਇਹ ਗਿਣਤੀ ਵੱਧ ਕੇ ਕਰੀਬ 14 ਲੱਖ ਹੋ ਗਈ। ਜੇਕਰ ਸੂਬੇ ਵਿੱਚ ਤੁਪਕਾ ਪ੍ਰਣਾਲੀ ਦੀ ਗੱਲ ਕੀਤੀ ਜਾਵੇ ਤਾਂ ਇਹ ਕੁੱਲ ਖੇਤੀਬਾੜੀ ਰਕਬੇ ਵਿੱਚ ਸਿਰਫ 1.2 ਫੀਸਦੀ ਹੈ, ਜੋ ਕਿ ਦੂਜੇ ਸੂਬਿਆਂ ਦੇ ਮੁਕਾਬਲੇ ਨਾਮਾਂਤਰ ਹੈ। ਸਵਾਲ ਇਹ ਹੈ ਕਿ ਜਦੋਂ ਕਿਸਾਨਾਂ ਅਤੇ ਸਰਕਾਰ ਦੋਵਾਂ ਨੂੰ ਪਤਾ ਹੈ ਕਿ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾ ਰਿਹਾ ਹੈ ਤਾਂ ਕਿਸਾਨ ਝੋਨੇ ਦੀ ਥਾਂ ਹੋਰ ਫਸਲਾਂ ਕਿਉਂ ਨਹੀਂ ਬੀਜਦੇ। ਇਸ ਦਾ ਵੱਡਾ ਕਾਰਨ ਹੈ ਝੋਨੇ ਦੀ ਫ਼ਸਲ ਉਤੇ ਮਿਲਣ ਵਾਲਾ ਘੱਟੋ ਘੱਟ ਸਮਰਥਨ ਮੁੱਲ ਜਦਕਿ ਬਾਕੀ ਫਸਲਾਂ ਉੱਤੇ ਅਜਿਹਾ ਨਹੀਂ ਹੈ। ਇਸ ਕਰਕੇ ਕਿਸਾਨ ਇਸ ਫ਼ਸਲ ਨੂੰ ਪੈਦਾ ਕਰਨ ਨੂੰ ਤਰਜੀਹ ਦਿੰਦਾ ਹੈ। ਸੰਗਰੂਰ ਜ਼ਿਲ੍ਹੇ ਦੇ ਕਿਸਾਨ ਗੁਰਨਾਮ ਸਿੰਘ ਠੇਕੇਦਾਰ



ਆਖਦੇ ਹਨ ਕਿ ਸਰਕਾਰਾਂ ਨੇ ਸਾਨੂੰ ਝੋਨੇ ਦੀ ਪੈਦਾਵਾਰ ਕਰਨ ਉਤੇ ਖੁਦ ਲਗਾਇਆ ਹੈ, ਸਾਨੂੰ ਫ਼ਸਲ ਦਾ ਮੁੱਲ ਦਿੱਤਾ ਅਤੇ ਅਸੀਂ ਇਸ ਨੂੰ ਪੈਦਾ ਕਰ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਇਸ ਵਾਰ ਮੂੰਗੀ ਦੀ ਫ਼ਸਲ ਉਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦਾ ਐਲਾਨ ਕੀਤਾ ਹੈ, ਇਸ ਕਰਕੇ ਉਹਨਾਂ ਨੇ ਆਪਣੇ ਪੰਜ ਏਕੜ ਰਕਬੇ ਵਿਚ ਮੂੰਗੀ ਬੀਜੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਦੀ ਆਰਥਿਕ ਹਾਲਤ ਬਹੁਤ ਕਮਜ਼ੋਰ ਹੈ ਉਹ ਉਸੇ ਫ਼ਸਲ ਨੂੰ ਪੈਦਾ ਕਰੇਗਾ ਜਿਸ ਦਾ ਉਸ ਨੂੰ ਮੁੱਲ ਮਿਲੇਗਾ। ਉਨ੍ਹਾਂ ਨੇ ਉਦਾਹਰਨ ਦਿੰਦਿਆਂ ਆਖਿਆ ਕਿ ਮੱਕੀ ਦਾ ਕੇਂਦਰ ਸਰਕਾਰ ਨੇ ਸਮਰਥਨ ਮੁੱਲ ਤੈਅ ਕੀਤਾ ਹੋਇਆ ਹੈ ਪਰ ਮਾਰਕੀਟ ਵਿਚ ਕਿਸਾਨ ਨੂੰ ਉਹ ਮਿਲਦਾ ਨਹੀਂ ਹੈ। ਇਸੇ ਲਈ ਕਿਸਾਨ ਮੱਕੀ ਦੀ ਬਜਾਇ ਝੋਨਾ ਬੀਜਣ ਨੂੰ ਤਰਜੀਹ ਦਿੰਦੇ ਹਨ।

ਪਾਣੀ ਦੀ ਬੱਚਤ ਲਈ ਪੰਜਾਬ ਸਰਕਾਰ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਪ੍ਰੇਰਿਤ ਕਰ ਰਹੀ ਹੈ। ਸਰਕਾਰ ਦੀ ਦਲੀਲ ਹੈ ਕਿ ਇਸ ਤਕਨੀਕ ਨਾਲ ਬਿਜਾਈ ਕਰਨ ਨਾਲ ਪਾਣੀ ਦੀ ਘੱਟੋ-ਘੱਟ 15-20% ਬੱਚਤ ਹੋਵੇਗੀ। ਇਹ ਜ਼ਮੀਨ ਵਿੱਚ ਪਾਣੀ ਦੇ ਰਿਸਣ ਵਿੱਚ ਸੁਧਾਰ ਕਰਦੀ ਹੈ, ਜਿਸ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਸੁਧਾਰ ਹੋਵੇਗਾ। ਇਸ ਤਕਨੀਕ ਰਾਹੀਂ ਲਾਗਤ ਖਰਚਾ ਵੀ ਤਕਰੀਬਨ 4000 ਰੁਪਏ ਪ੍ਰਤੀ ਏਕੜ ਘੱਟ ਆਉਂਦਾ ਹੈ। ਸਰਕਾਰ ਨੇ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇਣ ਦਾ ਐਲਾਨ ਵੀ ਕੀਤਾ ਹੈ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਪਿਛਲੇ ਸਾਲ ਡੀ.ਐੱਸ.ਆਰ ਪ੍ਰਣਾਲੀ ਰਾਹੀਂ 6 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਈ ਕੀਤੀ ਗਈ ਸੀ। ਇਸ ਸੀਜ਼ਨ ਦੌਰਾਨ ਸੂਬਾ ਸਰਕਾਰ ਨੇ ਇਸ ਰਕਬੇ ਨੂੰ ਦੁੱਗਣਾ ਭਾਵ 12 ਲੱਖ ਹੈਕਟੇਅਰ ਕਰਨ ਦਾ ਟਿੱਚਾ ਮਿਥਿਆ ਹੈ। ਹਾਲਾਂਕਿ ਕੁਝ ਕਿਸਾਨ ਸਰਕਾਰ ਦੀ ਇਸ ਅਪੀਲ ਨੂੰ ਮੰਨ ਵੀ ਰਹੇ ਹਨ ।

### ਭਗਵੰਤ ਮਾਨ ਕੀ ਕਰ ਸਕਦੇ ਨੇ

ਪਾਣੀ ਦੇ ਤੇਜ਼ੀ ਨਾਲ ਘਟਦੇ ਪੱਧਰ ਕਾਰਨ ਪੈਦਾ ਹੋ ਰਹੀ ਸਥਿਤੀ ਦੀ ਗੰਭੀਰਤਾ ਉਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਹਿਣਾ ਹੈ ਕਿ ਜ਼ਮੀਨਦੋਜ਼ ਪਾਣੀ ਲਈ ਸੂਬੇ ਦੇ ਲਗਪਗ ਸਾਰੇ ਬਲਾਕ 'ਡਾਰਕ ਜ਼ੋਨ' ਵਿੱਚ ਹਨ।

ਭਗਵੰਤ ਮਾਨ ਦਾ ਕਹਿਣਾ ਹੈ ਕਿ ਦੁਬਈ ਤੇ ਹੋਰ ਅਰਬ ਮੁਲਕਾਂ ਵਿੱਚ ਤੇਲ ਕੱਢਣ ਲਈ ਵਰਤੀਆਂ ਜਾਣ ਵਾਲੀਆਂ ਮੋਟਰਾਂ ਦੀ ਹੁਣ ਪੰਜਾਬ ਵਿੱਚ ਧਰਤੀ ਹੇਠੋਂ ਪਾਣੀ ਕੱਢਣ ਲਈ ਵਰਤੋਂ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਲਾਪਰਵਾਹੀ ਵਾਲੇ ਰੁਝਾਨ ਨੂੰ ਫੌਰੀ ਰੋਕਣ ਦੀ ਲੋੜ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਪਾਣੀ ਲਈ ਤਰਸਣ ਲਈ ਮਜਬੂਰ ਨਾ ਹੋਣ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਆਪਣੇ ਵੱਲੋਂ ਪੂਰੀਆਂ ਕੋਸ਼ਿਸ਼ਾਂ ਕਰ ਰਹੀ ਹੈ ਕਿ ਧਰਤੀ ਹੇਠਲੇ ਪਾਣੀ ਦੀ ਵਰਤੋਂ ਨੂੰ ਘਟਾਇਆ ਜਾਵੇ, ਅਤੇ ਧਰਤੀ ਉਪਰਲੇ ਪਾਣੀ ਦੀ ਸੁਚੱਜੀ ਵਰਤੋਂ ਯਕੀਨੀ ਬਣਾਈ ਜਾਵੇ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਦਾ ਧਿਆਨ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਤੋਂ ਹਟਾਉਣ ਲਈ ਮੂੰਗੀ ਉਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਇਕ ਹੋਰ ਪਹਿਲਕਦਮੀ ਕੀਤੀ ਹੈ ਤਾਂ ਕਿ ਫਸਲੀ ਵਿਭਿੰਨਤਾ ਰਾਹੀਂ ਪਾਣੀ ਦੀ ਬੱਚਤ ਹੋਵੇ।

# ਤੇਜੀ ਨਾਲ ਕਿਉਂ ਵੱਧ ਰਿਹਾ ਹੈ ਕਾਰਪਲ ਟਨਲ ਸਿੰਡਰੋਮ

ਕਾਰਪਲ ਟਨਲ ਸਿੰਡਰੋਮ ਹੱਥ ਅਤੇ ਗੁੱਟ ਵਿੱਚ ਪੈਦਾ ਹੋਣ ਵਾਲਾ ਭਿਆਨਕ ਦਰਦ ਹੈ। ਕਾਰਪਲ ਸੁਰੰਗ ਹੱਡੀਆਂ ਅਤੇ ਗੁੱਟ ਦੇ ਹੋਰ ਸੈਲਾਂ ਦੁਆਰਾ ਬਣਾਈ ਗਈ ਇੱਕ ਤੰਗ ਟਿਊਬ ਹੈ। ਇਹ ਟਿਊਬ ਸਾਡੀ ਮੱਧ ਨਰਵ ਦੀ ਰੱਖਿਆ ਕਰਦੀ ਹੈ। ਮੱਧ ਨਸ ਸਾਡੇ ਅੰਗੂਠੇ, ਵਿਚਕਾਰਲੀ ਅਤੇ ਮੁੰ-ਦਰੀ ਉਂਗਲਾਂ ਨਾਲ ਜੁੜੀ ਹੋਈ ਹੈ।

### ਇਹ ਦਰਦ ਕਿੱਥੇ ਹੈ

ਕਾਰਪਲ ਟਨਲ ਸਿੰਡਰੋਮ ਸ਼ੁਰੂਆਤ ਵਿੱਚ ਆਮ ਹੁੰਦਾ ਹੈ ਪਰ ਜੇ ਇਲਾਜ ਨਾ ਕੀਤਾ ਜਾਵੇ, ਤਾਂ ਬਾਂਹ ਅਤੇ ਬਾਂਹ ਵਿੱਚ ਸੁੰਨ ਹੋਣਾ, ਝਰਨਾਹਟ ਅਤੇ ਦਰਦ ਹੋ ਸਕਦਾ ਹੈ। ਇਹ ਸਥਿਤੀ ਉਦੋਂ ਵਾਪਰਦੀ ਹੈ ਜਦੋਂ ਹੱਥ ਦੀਆਂ ਮੁੱਖ ਤੰਤੂਆਂ ਵਿੱਚੋਂ ਇੱਕ - ਮੱਧ ਨਸ - ਗੁੱਟ ਵਿੱਚੋਂ ਲੰਘਦੇ ਸਮੇਂ ਸੰਕੁਚਿਤ ਹੋ ਜਾਂਦੀ ਹੈ।

### ਕਾਰਪਲ ਟਨਲ ਸਿੰਡਰੋਮ ਦਾ ਕਾਰਨ

ਜੈਨੇਟਿਕਸ
ਸ਼ੂਗਰ
ਥਾਇਰਾਇਡ ਦੀ ਸਮੱਸਿਆ
ਹਾਈ ਬਲੱਡ ਪ੍ਰੈਸ਼ਰ
ਗੁੱਟ 'ਤੇ ਕੋਈ ਸੱਟ ਜਾਂ ਫ੍ਰੈਕਚਰ
ਆਟੋਇਮਿਊਨ ਰੋਗ, ਜਿਵੇਂ ਕਿ ਰਾਇਮੇਟਾਇਡ ਗਠੀਏ
ਗੁੱਟ ਦੇ ਅੰਦਰ ਟਿਊਮਰ ਵਧ ਰਿਹਾ ਹੈ।
ਮੋਟਾਪਾ
ਸ਼ਰਾਬ ਦਾ ਬਹੁਤ ਜ਼ਿਆਦਾ ਸੇਵਨ
ਕੀਬੋਰਡ ਜਾਂ ਮਾਊਸ ਦੀ ਬਹੁਤ ਜ਼ਿਆਦਾ ਵਰਤੋਂ




ਟਾਈਪਿੰਗ

### ਕਾਰਪਲ ਟਨਲ ਸਿੰਡਰੋਮ ਦੇ ਲੱਛਣ

ਹੱਥ ਦੇ ਅੰਗੂਠੇ ਅਤੇ ਉਂਗਲਾਂ ਵਿੱਚ ਸੁੰਨ ਹੋਣਾ, ਝਰਨਾਹਟ ਅਤੇ ਦਰਦ।
ਉਂਗਲਾਂ ਦੇ ਨਾਲ-ਨਾਲ ਮੋਢਿਆਂ ਅਤੇ ਕੂਹਣੀਆਂ ਵਿੱਚ ਦਰਦ ਮਹਿਸੂਸ ਹੋਣਾ।
ਚੀਜ਼ਾਂ ਨੂੰ ਹੱਥਾਂ ਨਾਲ ਫੜਨ ਵੇਲੇ ਸਮੱਸਿਆਵਾਂ।
ਭਾਰੀ ਵਸਤੂਆਂ ਨੂੰ ਚੁੱਕਣ ਵਿੱਚ ਮੁਸ਼ਕਲ।
ਬਾਂਹ ਦੀਆਂ ਮਾਸਪੇਸ਼ੀਆਂ ਵਿੱਚ ਕਮਜ਼ੋਰੀ।
ਇੱਕ ਜਾਂ ਦੋਵੇਂ ਹੱਥਾਂ ਵਿੱਚ ਤਾਲਮੇਲ ਨਾਲ ਸਮੱਸਿਆਵਾਂ।

ਉਂਗਲਾਂ ਵਿੱਚ ਜਲਣ ਦੀ ਭਾਵਨਾ, ਖਾਸ ਤੌਰ 'ਤੇ ਸੂਚਕਾਂਕ ਅਤੇ ਵਿਚਕਾਰਲੀਆਂ ਉਂਗਲਾਂ ਵਿੱਚ। ਇਹ ਜਲਣ ਹੌਲੀ-ਹੌਲੀ ਦਰਦ ਵਿੱਚ ਬਦਲ ਜਾਂਦੀ ਹੈ।
ਨੀਂਦ ਦੀਆਂ ਸਮੱਸਿਆਵਾਂ

ਕਾਰਪਲ ਟਨਲ ਸਿੰਡਰੋਮ ਨੂੰ ਰੋਕਣ ਲਈ ਇਹ ਸੁਝਾਅ ਕਾਰਗਰ ਸਾਬਤ ਹੋ ਸਕਦੇ ਹਨ

ਜੇਕਰ ਤੁਹਾਡੇ ਕੋਲ ਲਗਾਤਾਰ ਬੈਠਣ ਦਾ ਕੰਮ ਹੈ, ਤਾਂ ਇਸ ਦੇ ਵਿਚਕਾਰ ਛੋਟੇ-ਛੋਟੇ ਬ੍ਰੇਕ ਲਓ। ਤਾਂ ਜੋ ਸਰੀਰ ਦੀ ਹਰ ਇੱਕ ਮਾਸਪੇਸ਼ੀ ਆਪਣਾ ਕੰਮ ਸਹੀ ਢੰਗ ਨਾਲ ਕਰ ਸਕੇ।

ਗੁੱਟ ਨੂੰ ਘੁਮਾਓ ਅਤੇ ਹਥੇਲੀਆਂ ਅਤੇ ਉਂਗਲਾਂ ਦੀ ਕਸਰਤ ਕਰੋ।

ਹੱਥ 'ਤੇ ਸੌਣ ਤੋਂ ਬਚਾਅ।

# ਅਫਗਾਨਿਸਤਾਨ ਦੀ ਮਹਿਲਾ ਫੁੱਟਬਾਲ ਟੀਮ ਕਿਵੇਂ ਬਚੀ

ਕਾਬੁਲ ਹਵਾਈ ਅੱਡੇ ਉੱਪਰ ਅਫ਼ਰਾ-ਤਫ਼ਰੀ ਅਤੇ ਨਿਰਾਸ਼ਾ ਦਾ ਆਲਮ ਸੀ ਲੋਕ ਵਰ੍ਹਦੀਆਂ ਗੋਲੀਆਂ ਵਿੱਚ ਇੱਧਰ-ਉੱਧਰ ਭੱਜ ਰਹੇ ਸਨ ਅਤੇ ਜਾਨ ਬਚਾਉਣ ਲਈ ਸੰਘਰਸ਼ ਕਰ ਰਹੇ ਸਨ। ਹਜ਼ਾਰਾਂ ਹੀ ਲੋਕ ਤਾਲਿਬਾਨ ਤੋਂ ਬਚਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਸਨ ਅਤੇ ਫਾਤੀ ਵੀ ਉਨ੍ਹਾਂ 'ਚੋਂ ਇੱਕ ਸਨ।

ਫਾਤੀ ਇੱਕ ਫੁੱਟਬਾਲ ਗੋਲਕੀਪਰ ਹਨ। ਉਨ੍ਹਾਂ ਨੇ ਟੀਵੀ ਲੜੀਵਾਰਾਂ ਅਤੇ ਫਿਲਮਾਂ ਤੋਂ ਫਰਾਟੇਦਾਰ ਅੰਗਰੇਜ਼ੀ ਬੋਲਣੀ ਸਿੱਖੀ ਸੀ। ਉਨ੍ਹਾਂ ਦੀ ਆਪਣੀ ਅਤੇ ਪਰਿਵਾਰ ਦੀ ਸੁਰੱਖਿਆ ਦੇ ਮੱਦੇਨਜ਼ਰ ਉਨ੍ਹਾਂ ਦਾ ਨਾਮ ਅਤੇ ਉਮਰ ਦੱਸੀ ਨਹੀਂ ਜਾ ਰਹੀ ਹੈ। ਜਦੋਂ ਤਾਲਿਬਾਨ ਨੇ ਅਗਸਤ 2021 ਵਿੱਚ ਤੇਜ਼ੀ ਨਾਲ ਉਨ੍ਹਾਂ ਦੇ ਮੁਲਕ 'ਤੇ ਕਬਜ਼ਾ ਕੀਤਾ ਅਤੇ ਉਸ ਸਮੇਂ ਫਾਤੀ ਅਤੇ ਉਨ੍ਹਾਂ ਦੀ ਟੀਮ ਦੇ ਦੂਜੇ ਮੈਂਬਰਾਂ ਨੇ ਤੁਰੰਤ ਹੀ ਆਪਣਾ ਵਤਨ ਅਤੇ ਅਜ਼ੀਜ਼ਾਂ ਨੂੰ ਪਿੱਛੇ ਛੱਡ ਕਿਤੇ ਹੋਰ ਜਾ ਵਸਣ ਦਾ ਫ਼ੈਸਲਾ ਲਿਆ। ਸਾਲਾਂ ਤੋਂ ਉਹ ਇੱਕਠੇ ਖੇਡਦੇ ਰਹੇ ਸਨ। ਉਸ ਸਮੇਂ ਅਫ਼ਗਾਨਿ-ਸਤਾਨ ਦੀ ਫੁੱਟਬਾਲ ਟੀਮ ਇਸ ਗੱਲ ਦੀ ਨੁਮਾਇੰਦਗੀ ਕਰਦੀ ਸੀ। ਕਿ ਔਰਤਾਂ ਲਈ ਉੱਥੇ ਕਿੰਨੇ ਮੌਕੇ ਅਤੇ ਆਜ਼ਾਦੀ ਸੀ। ਹੁਣ ਇੱਕ ਵਾਰ ਫਿਰ ਜਨਤਕ ਤੌਰ ’ਤੇ ਦਿੱਤੀਆਂ ਜਾ ਰਹੀਆਂ ਫ਼ਾਸੀਆਂ ਨਾਲ ਵਿਚਾਰਾਂ ਦੀ ਸੁਤੰਤਰਤਾ ਦੀ ਦਾ ਗਲਾ ਘੁੱਟਿਆ ਜਾ ਰਿਹਾ ਹੈ । ਜਨਤਕ ਤੌਰ ’ਤੇ ਫਾਂਸੀ ਦਿੱਤੇ ਜਾਣਾ 1996 ਤੋਂ 2001 ਤੱਕ ਰਹੇ ਤਾਲਿਬਾਨ ਦੇ ਪਿਛਲੇ ਸ਼ਾਸਨ ਵੇਲੇ ਆਮ ਗੱਲ ਸੀ। ਫਾਤੀ ਨੇ ਤਾਲਿਬਾਨ ਦੀ ਵਾਪਸੀ ਨੂੰ ਅਸੰਭਵ ਮੰਨਿਆ ਸੀ ਪਰ ਉਨ੍ਹਾਂ ਦਾ ਇਹ ਵਿਸ਼ਵਾਸ ਜਲਦੀ ਹੀ ਚਕਨਾਚੂਰ ਹੋ ਗਿਆ ਅਤੇ ਉਨ੍ਹਾਂ ਨੂੰ ਨਿਰਾਸ਼ਾ ਅਤੇ ਡਰ ਦੀ ਭਾਵਨਾ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਆਪਣਾ ਵਤਨ ਛੱਡ ਕੇ ਪਰਵਾਸ ਕਰਨਾ ਪਿਆ। ਫਾਤੀ ਨੇ ਕਿਹਾ, "ਮੈਂ ਮੰਨ ਲਿਆ ਹੈ ਕਿ ਅਫ਼ਗਾਨਿਸਤਾਨ ਖ਼ਤਮ ਹੋ ਗਿਆ ਹੈ।"





"ਮੈਂ ਸੋਚਿਆ ਕਿ ਹੁਣ ਇੱਥੇ ਜੀਉਣ ਦਾ ਕੋਈ ਵਿਕਲਪ ਨਹੀਂ ਹੈ ਅਤੇ ਨਾ ਹੀ ਬਾਹਰ ਜਾ ਕੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੀ ਵੀ ਕੋਈ ਸੰਭਾਵਨਾ ਹੈ।" "ਦੇਸ਼ ਵਿੱਚ ਕੋਈ ਸਕੂਲ ਨਹੀਂ ਹੈ, ਮੀਡੀਆ ਨਹੀਂ ਹੈ, ਕੋਈ ਖਿਡਾਰੀ ਨਹੀਂ ਹੈ, ਕਹਿ ਸਕਦੇ ਹੋ ਕਿ ਸਭ ਖ਼ਤਮ ਹੋ ਗਿਆ ਹੈ। ਅਸੀਂ ਆਪਣੇ ਘਰਾਂ 'ਚ ਜਿੰਦਾ ਲੋਥਾਂ ਵਾਂਗ ਹਾਂ।" "ਦੋ ਹਫ਼ਤਿਆਂ ਤੋਂ ਮੈਂ ਸੁੱਤੀ ਹੀ ਨਹੀਂ ਸੀ। ਮੈਂ 24 ਘੰਟੇ ਆਪਣੇ ਫੋਨ ਉੱਤੇ ਸੀ ਤਾਂ ਜੋ ਮਦਦ ਲਈ ਕਿਸੇ ਤੱਕ ਪਹੁੰਚ ਕਰ ਸਕਾਂ। ਸਾਰਾ ਦਿਨ ਅਤੇ ਸਾਰੀ ਰਾਤ ਮੈਂ ਜਾਗ ਕੇ ਕੱਢੀ ਤਾਂ ਜੋ ਸੋਸ਼ਲ ਮੀਡੀਆ 'ਤੇ ਕੋਈ ਮਦਦ ਲੱਭ ਸਕਾਂ।" ਫਾਤੀ ਅਤੇ ਉਨ੍ਹਾਂ ਦੀ ਟੀਮ ਦੇ ਸਾਥੀਆਂ ਨੇ ਇੱਕ ਰਾਹ ਲੱਭ ਹੀ ਲਿਆ। ਉਨ੍ਹਾਂ ਨੂੰ ਸੁਰੱਖਿਅਤ ਉੱਥੋਂ ਬਾਹਰ ਕੱਢਣ ਲਈ ਔਰਤਾਂ ਦੇ ਇੱਕ ਗੁਪਤ ਕੌਮਾਂਤਰੀ ਨੈਟਵਰਕ ਨੇ ਉਨ੍ਹਾਂ ਦੀ ਬਾਂਹ ਫੜੀ।

ਇਹ ਉਨ੍ਹਾਂ ਦੇ ਆਪਣੇ ਹੀ ਮੁਲਕ (ਅਫ਼ਗਾਨਿਸਤਾਨ) ਵਿੱਚੋਂ ਸੁਰੱਖਿਅਤ ਬਾਹਰ ਨਿਕਲਣ ਦੀ ਕਹਾਣੀ ਹੈ। ਕਹਾਣੀ ਅਫ਼ਗਾਨਿਸਤਾਨ ਤੋਂ 12,700 ਕਿਲੋਮੀਟਰ ਦੂਰ ਹਿਊਸਟਨ ਟੈਕਸਾਸ (ਅਮਰੀਕਾ) ਤੋਂ ਸ਼ੁਰੂ ਹੁੰਦੀ ਹੈ, ਜਿੱਥੇ ਇੱਕ 37 ਸਾਲਾ ਸਾਬਕਾ ਅਮਰੀਕੀ ਨੇਵੀ ਫ਼ੌਜੀ ਉਨ੍ਹਾਂ ਨੂੰ ਕੱਢਣ ਦੀ ਵਿਉਂਤ ਬਣਾ ਰਹੀ ਸੀ। 37 ਸਾਲਾ ਹੇਲੀ ਕਾਰਟਰ ਵੀ ਇੱਕ ਗੋਲਕੀਪਰ ਸਨ। ਉਨ੍ਹਾਂ ਦੱਸਿਆ, "ਇਹ ਇੱਕ ਛੋਟੇ ਜਿਹੇ ਵਰਚੁਅਲ ਓਪਰੇਸ਼ਨ ਸੈਂਟਰ ਵਰਗਾ ਸੀ ਜੋ ਕਿ ਵੱਟਸਐਪ ਤੋਂ ਚੱਲ ਰਿਹਾ ਸੀ। ਉਹ ਕਹਿੰਦੇ ਹਨ, "ਸਮਾਰਟਫੋਨ ਵਾਲੀਆਂ ਔਰਤਾਂ ਦੀ ਤਾਕਤ ਨੂੰ ਕਦੇ ਵੀ ਘੱਟ ਨਾ ਸਮਝੋ।" ਫ਼ੌਜ ਦੇ ਆਪਣੇ ਕਾਰਜਕਾਲ ਦੌਰਾਨ ਹੇਲੀ ਨੇ ਇਰਾਕ ਵਿੱਚ ਡਿਊਟੀ ਨਿਭਾਈ ਸੀ ਅਤੇ ਇਸ ਤੋਂ ਬਾਅਦ ਉਨ੍ਹਾਂ ਨੇ ਐੱਨਡਬਲਿਊਐੱਸਐੱਲ (NWSL) ਵੱਲੋਂ ਹਿਊਸਟਨ ਡੈਸ਼ ਨਾਲ ਤਿੰਨ ਸੀਜ਼ਨ ਖੇਡੇ ਸਨ। 2016 ਅਤੇ 2018 ਦੇ ਅਰਸੇ ਦੌਰਾਨ ਉਹ ਅਫ਼ਗਾਨਿਸਤਾਨ ਟੀਮ ਦੇ ਸਹਾਇਕ ਕੋਚ ਵੀ ਰਹੇ ਸਨ।

ਹੇਲੀ ਭਾਵੇਂ ਹਜ਼ਾਰਾਂ ਮੀਲ ਦੂਰ ਸਨ ਪਰ ਉਹ ਵੱਟਸਐਪ ਅਤੇ ਸਿਗਨਲ ਵਰਗੀਆਂ ਮੈਸੇਜਿੰਗ ਐਪਲੀਕੇਸ਼ਨਾਂ ਰਾਹੀਂ ਸਮੁੰਦਰੀ ਫੌਜਾਂ ਅਤੇ ਨੈਸ਼ਨਲ ਸਕਿਊਰਿਟੀ ਸਟਾਫ਼ ਨਾਲ ਕਾਬੁਲ ਵਿੱਚ ਤੇਜ਼ੀ ਨਾਲ ਬਦਲ ਰਹੀ ਸਥਿਤੀ ਬਾਰੇ ਖੁਫ਼ੀਆ ਜਾਣਕਾਰੀ ਸਾਂਝਾ ਕਰ ਰਹੇ ਸਨ। ਇਸ ਅਪਰੇਸ਼ਨ ਨੂੰ 'ਡਿਜੀਟਲ ਡੰਕਿਰਕ' ਦਾ ਕੋਡ ਨਾਮ ਦਿੱਤਾ ਗਿਆ ਸੀ। ਕਾਰਟਰ ਕਹਿੰਦੇ ਹਨ, "ਇੱਕ ਆਮ ਲੜਾਈ ਦੇ ਮਾਹੌਲ ਵਿੱਚ ਇਸ ਕਿਸਮ ਦੀ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਂਦੀ ਹੈ, ਪਰ ਇਹ ਲੋਕਾਂ ਨੂੰ ਬਾਹਰ ਕੱਢਣ ਦਾ ਮਾਮਲਾ ਸੀ।" "ਮੈਂ ਤੁਹਾਡੇ ਨਾਲ ਇਮਾਨਦਾਰ ਰਹਾਂਗੀ, ਮੈਂ ਨਹੀਂ ਸੋਚਿਆ ਸੀ ਕਿ ਇਹ ਸਭ ਸੰਭਵ ਹੋਵੇਗਾ। ਇਹ ਇੱਕ ਪਾਗਲਪਨ ਸੀ, ਜਿਸ 'ਚ ਬਹੁਤ ਸਾਰਾ ਖ਼ਤਰਾ ਸੀ।" ਕਾਰਟਰ ਨੂੰ ਉਨ੍ਹਾਂ ਦੀ ਕੌਮੀ ਟੀਮ ਦੀ ਸਾਬਕਾ ਕਪਤਾਨ ਖਾਲਿਦਾ ਪੋਪਲ ਵੱਲੋਂ ਮਦਦ ਲਈ ਕਿਹਾ ਗਿਆ ਸੀ, ਜੋ ਕਿ ਕਈ ਸਾਲਾਂ ਤੋਂ ਅਫ਼ਗਾਨਿਸਤਾਨ ਮਹਿਲਾ ਫੁੱਟਬਾਲ ਟੀਮ 'ਚ ਸ਼ਾਮਲ ਸਨ। ਤਾਲਿਬਾਨ ਦੇ ਸ਼ਾਸਨਕਾਲ ਦੌਰਾਨ ਕਿਸ਼ੋਰ ਅਵਸਥਾ ਵਿੱਚ ਪੋਪਲ ਅਤੇ ਉਨ੍ਹਾਂ ਦੇ ਸਾਥੀ ਪੂਰੀ ਤਰ੍ਹਾਂ ਨਾਲ ਲੁਕ ਕੇ ਮੈਚ ਖੇਡਿਆ ਕਰਦੇ ਸਨ ਤਾਂ ਜੋ ਤਾਲਿਬਾਨ ਉਨ੍ਹਾਂ ਨੂੰ ਸੁਣ ਜਾਂ ਦੇਖ ਨਾ ਸਕਣ।

ਪੋਪਲ ਨੇ ਖੇਡਾਂ ਵਿੱਚ ਸ਼ਾਮਲ ਹੋਣ ਅਤੇ ਜਾਨੋਂ ਮਾਰੇ ਜਾਣ ਦੀਆਂ ਧਮਕੀਆਂ ਮਿਲਣ ਤੋਂ ਬਾਅਦ ਅਫ਼ਗਾਨਿਸਤਾਨ ਛੱਡ ਦਿੱਤਾ ਸੀ ਅਤੇ 2011 ਤੋਂ ਉਹ ਡੈਨਮਾਰਕ ਵਿੱਚ ਰਹਿ ਰਹੇ ਸਨ। ਇਹ ਸਮਾਂ ਕੁਝ ਕਰਨ ਦਾ ਸੀ। ਪੋਪਲ ਜਾਣਦੇ ਸਨ ਕਿ ਫਾਤੀ ਅਤੇ ਉਨ੍ਹਾਂ ਦੀ ਟੀਮ ਦੀਆਂ ਹੋਰ ਸਾਥਣਾਂ ਆਪਣੀ ਖੇਡ ਦੇ ਕਾਰਨ ਤਾਲਿਬਾਨ ਦਾ ਨਿਸ਼ਾਨਾ ਬਣਨਗੀਆਂ। ਉਹ ਇਹ ਵੀ ਜਾਣਦੇ ਸਨ ਕਿ ਤਾਲਿਬਾਨ ਲੜਾਕੇ ਘਰੋ-ਘਰੀਂ ਜਾ ਰਹੇ ਸਨ। ਕਾਬੁਲ ਵਿੱਚ ਕਈ ਖਿਡਾਰਨਾਂ ਅੰਡਰਗਰਾਊਂਡ ਰਹਿ ਰਹੀਆਂ ਸਨ। ਕਈ ਅਪਣੀ ਜਾਨ ਕਾਰਨ ਡਰੀਆਂ ਹੋਈਆਂ ਸਨ। ਪੋਪਲ ਨੇ ਫਾਤੀ ਅਤੇ ਹੋਰ ਖਿਡਾਰਣਾਂ ਨੂੰ ਆਪਣੇ ਸੋਸ਼ਲ ਮੀਡੀਆ ਅਕਾਊਂਟ ਬੰਦ ਕਰਨ ਅਤੇ ਨਾਲ ਹੀ ਆਪਣੀਆਂ ਕਿੱਟਾਂ ਨੂੰ ਸਾੜਨ ਤੇ ਟਰਾਫੀਆਂ ਨੂੰ ਨਸ਼ਟ ਕਰਨ ਦੀ ਹਿਦਾਇਤ ਦਿੱਤੀ।

ਫਾਤੀ ਨੇ ਦੱਸਿਆ ਕਿ "ਸਾਡੇ ਲਈ ਇਹ ਬਹੁਤ ਹੀ ਮੁਸ਼ਕਲ ਕਦਮ ਸੀ ਕਿਉਂਕਿ ਇਹ ਤਾਂ ਸਾਡੀਆਂ ਪ੍ਰਾਪਤੀਆਂ ਸਨ।" "ਕੌਣ ਆਪਣੀ ਹੀ ਜਰਸੀ ਸਾੜਨਾ ਚਾਹੁੰਦਾ ਹੈ?" "ਮੈਂ ਸੋਚਿਆ ਕਿ ਜੇਕਰ ਜ਼ਿੰਦਾ ਰਹੇ ਤਾਂ ਇਹ ਪ੍ਰਾਪਤੀਆਂ ਮੁੜ ਹਾਸਲ ਕਰ ਲਵਾਂਗੇ।" ਦੂਜੇ ਪਾਸੇ ਕਾਰੇਟਰ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਫੌਜੀ ਜਹਾਜ਼ ਜ਼ਰੀਏ ਦੇਸ਼ ਤੋਂ ਬਾਹਰ ਕੱਢਣ ਦੀ ਯੋਜਨਾ ਉੱਤੇ ਕੰਮ ਕਰ ਰਹੇ ਸਨ। ਉਹ ਇਸ ਗੱਲ ਤੋਂ ਵਾਕਫ਼ ਸਨ ਕਿ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਸਥਿਤੀ ਵਧੇਰੇ ਖ਼ਤਰਨਾਕ ਹੋ ਜਾਵੇਗੀ। ਉਨ੍ਹਾਂ ਨੂੰ ਇਸ ਗੱਲ ਦਾ ਪੱਕਾ ਵਿਸ਼ਵਾਸ ਸੀ ਕਿ ਅਮਰੀਕਾ ਅਤੇ ਬ੍ਰਿਟਿਸ਼ ਸਰਕਾਰਾਂ ਸਥਿਤੀ ਨਾਲ ਨਿਆਂ ਨਹੀਂ ਕਰ ਰਹੀਆਂ ਸਨ ਅਤੇ ਤਾਲਿਬਾਨ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਲਗਾਤਾਰ ਚੌਕੀਆਂ ਬਣਾ ਰਹੇ ਸਨ। ਫਾਤੀ ਦਾ ਕਹਿਣਾ ਹੈ, "ਖਾਲਿਦਾ ਨੇ ਸਾਨੂੰ ਸਾਰਿਆਂ ਨੂੰ ਮੈਸੇਜ ਕੀਤਾ ਕਿ 'ਕੁੜੀਓ, ਇੱਕਠੇ ਹਵਾਈ ਅੱਡੇ ਲਈ ਰਵਾਨਾ ਹੋਣ ਲਈ ਤਿਆਰ ਰਹੋ। ਸਿਰਫ ਇੱਕ ਹੀ ਪਿੱਠੂ ਬੈਗ ਰੱਖਣਾ।" "ਉਨ੍ਹਾਂ ਨੇ ਕਿਹਾ: ਅਸੀਂ ਤੁਹਾਨੂੰ ਨਹੀਂ ਦੱਸ ਸਕਦੇ ਕਿ ਤੁਸੀਂ ਹਵਾਈ ਅੱਡੇ ਦੇ ਅੰਦਰ ਜਾਓਗੀਆਂ ਜਾਂ ਨਹੀਂ। ਪਰ ਜੇਕਰ ਤੁਸੀਂ ਲੜੋਗੀਆਂ ਤਾਂ ਤੁਸੀਂ ਬਚ ਜਾਓਗੀਆਂ।" ਆਖ਼ਰਕਾਰ ਜਦੋਂ ਉਹ ਸਮਾਂ ਆਇਆ ਤਾਂ ਫਾਤੀ ਨੇ ਕਾਰਟਰ ਦਾ ਫੋਨ ਨੰਬਰ ਆਪਣੀ ਬਾਂਹ 'ਤੇ ਲਿਖ ਲਿਆ ਤਾਂ ਜੋ ਮੋਬਾਈਲ ਚੋਰੀ ਹੋਣ, ਗੁਆਚਣ ਜਾਂ ਜ਼ਬਤ ਹੋਣ ਦੀ ਸੂਰਤ 'ਚ ਉਸ ਕੋਲ ਕਾਰਟਰ ਦਾ ਨੰਬਰ ਹੋਵੇ।

ਕਾਰਟਰ ਨੇ ਫਾਤੀ ਨੂੰ ਇਹ ਵੀ ਕਿਹਾ ਸੀ ਕਿ ਸਾਰੀਆਂ ਕੁੜੀਆਂ ਵਾਰੋ-ਵਾਰੀ ਆਪਣੇ ਮੋਬਾਈਲ ਆਨ ਕਰਨ ਤਾਂ ਗਰੁੱਪ ਕੋਲ ਬੈਟਰੀ ਜ਼ਿਆਦਾ ਦੇਰ ਤੱਕ ਚੱਲ ਸਕੇ। ਫਾਤੀ ਨੇ ਹਿਦਾਇਤ ਅਨੁਸਾਰ ਹੀ ਥੋੜ੍ਹੇ ਤੋਂ ਥੋੜ੍ਹਾ ਸਮਾਨ ਨਾਲ ਲੈ ਕੇ ਘਰੋਂ ਤੁਰ ਪਏ। ਫਾਤੀ ਨੇ ਇੱਕ ਲੰਮਾ ਬੁਰਕਾ ਤਾਂ ਜੋ ਉਨ੍ਹਾਂ ਦਾ ਚਿਹਰਾ ਵੀ ਢੱਕਿਆ ਰਹੇ। ਹਵਾਈ ਅੱਡੇ ਤੱਕ ਦਾ ਰਸਤਾ ਖ਼ਤਰਿਆਂ ਨਾਲ ਭਰਿਆ ਹੋਇਆ ਸੀ, ਕੋਈ ਵੀ ਕਿਸੇ ਵੀ ਖਿਡਾਰੀ ਨੂੰ ਰਸਤੇ ਵਿੱਚ ਹੀ ਰੋਕ ਸਕਦਾ ਸੀ। ਪੋਪਲ ਨੇ ਸਾਰੀਆਂ ਨੂੰ ਸਿਰਫ ਤਿੰਨ ਦਿਨਾਂ ਜੋਗਾ ਸਮਾਨ ਚੁੱਕਣ ਨੂੰ ਕਿਹਾ ਸੀ। ਹਾਲਾਂਕਿ ਉਹ ਖ਼ੁਦ ਇੱਕ ਅਜਿਹੀ ਚੀਜ਼ ਲਿਜਾ ਰਹੇ ਸਨ ਜੋ ਕਿਸੇ ਵੱਡੇ ਖ਼ਤਰੇ ਨੂੰ ਸੱਦਾ ਦੇਣ ਨਾਲੋਂ ਘੱਟ ਨਹੀਂ ਸੀ। ਫਾਤੀ ਨੇ ਦੱਸਿਆ, "ਮੇਰੇ ਕੋਲ ਕੌਮੀ ਟੀਮ ਦੀ ਇੱਕ ਨਿੱਕਰ ਸੀ।" "ਮੈਂ ਉਸ ਨੂੰ ਅੰਡਰਵਿਅਰ ਦੀ ਤਰ੍ਹਾਂ ਪਾਇਆ ਹੋਇਆ ਸੀ ਅਤੇ ਮੈਨੂੰ ਡਰ ਵੀ ਲੱਗ ਰਿਹਾ ਸੀ।"

ਹਵਾਈ ਅੱਡੇ ਉੱਤੇ ਸਥਿਤੀ ਸੱਚਮੁੱਚ ਹੀ ਨਿਰਾਸ਼ਾਜਨਕ ਸੀ। ਹਜ਼ਾਰਾਂ ਲੋਕ ਉੱਥੇ ਇੱਕਠੇ ਹੋਏ ਸਨ, ਕਈ ਤਾਂ ਮੁਲਕ ਦੇ ਦੂਰ-ਦਰਾਡੇ ਦੇ ਖੇਤਰਾਂ ਤੋਂ ਆਏ ਸਨ। ਫਾਤੀ ਦੱਸਦੇ ਹਨ, "ਲੋਕ ਅੰਦਰ ਜਾਣ ਲਈ ਇੱਕ-ਦੂਜੇ ਨਾਲ ਧੱਕਾ-ਮੁੱਕੀ ਕਰ ਰਹੇ ਸਨ।" "ਇਹ ਜ਼ਿੰਦਗੀ ਅਤੇ ਮੌਤ ਦਾ ਸਵਾਲ ਸੀ। ਹਰ ਕੋਈ ਬਚੇ ਰਹਿਣ ਦਾ ਯਤਨ ਕਰ ਰਿਹਾ ਸੀ।" ਕਾਰਟਰ ਕਹਿੰਦੇ ਹਨ, "ਜੇਕਰ ਤੁਹਾਡਾ ਨਾਮ ਸੂਚੀ ਵਿੱਚ ਨਹੀਂ ਸੀ, ਜਾਂ ਫਿਰ ਹਵਾਈ ਅੱਡੇ ਦੇ ਅੰਦਰੋਂ ਕੋਈ ਵੀ ਤੁਹਾਨੂੰ ਲੈਣ ਨਹੀਂ ਆ ਰਿਹਾ ਸੀ ਤਾਂ ਤੁਸੀਂ ਅੰਦਰ ਨਹੀਂ ਜਾ ਸਕਦੇ ਸੀ।"

ਕਾਰਟਰ ਅੱਗੇ ਦੱਸਦੇ ਹਨ, "ਇਸ ਲਈ ਸਾਨੂੰ ਵਾਧੂ ਮਿਹਨਤ ਕਰਨੀ ਪਈ ਕਿ ਹਵਾਈ ਅੱਡੇ ਦੇ ਗੇਟਾਂ 'ਤੇ ਖੜ੍ਹੇ ਨੇਵੀ ਸੀਲਜ਼ ਤੱਕ ਉਨ੍ਹਾਂ ਬਾਰੇ ਜਾਣਕਾਰੀ ਪਹੁੰਚ ਸਕੇ ਤਾਂ ਜੋ ਉਹ ਉਨ੍ਹਾਂ ਨੂੰ ਅੰਦਰ ਲਿਆ ਸਕਣ।" ਕਾਰਟਰ ਨੇ ਫਾਤੀ ਨੂੰ ਕਿਹਾ ਕਿ "ਉੱਤਰੀ ਗੇਟ 'ਤੇ ਇੱਕ ਮੁੰਡਾ ਹੋਵੇਗਾ।" ਉਨ੍ਹਾਂ ਨੇ ਅੱਗੇ ਕਿਹਾ, "ਤੁਹਾਨੂੰ ਸਹੀ ਸਮੇਂ 'ਤੇ ਉੱਥੇ ਮੌਜੂਦ ਰਹਿਣਾ ਹੋਵੇਗਾ ਅਤੇ ਇੱਕ ਪਾਸਵਰਡ ਲਿਖਣਾ ਪਵੇਗਾ ਜੋ ਕਿ ਮੈਂ ਤੁਹਾਨੂੰ ਦੱਸ ਰਹੀ ਹਾਂ।" "ਉਹ ਸਮਝ ਜਾਵੇਗਾ ਅਤੇ ਤੁਹਾਡੇ ਤੋਂ ਕੋਈ ਪੁੱਛਗਿੱਛ ਨਹੀਂ ਹੋਵੇਗੀ ਅਤੇ ਤੁਸੀਂ ਸਾਰੇ ਅੰਦਰ ਆ ਜਾਵੋਗੇ।" ਉਹ ਪਾਸਵਰਡ ਦੂਜੇ ਵਿਸ਼ਵ ਯੁੱਧ ਦੇ ਸਮੁੰਦਰੀ ਨਾਇਕ ਜੌਨ ਬੇਸਿਲੋਨ ਦਾ ਨਾਮ ਸੀ ਅਤੇ ਨਾਲ ਹੀ ਸਮੁੰਦਰੀ ਸੈਨਾ ਦੀ ਸਥਾਪਨਾ ਮਿਤੀ 10 ਨਵੰਬਰ 1775 ਸੀ, ਜਿਸ 'ਚ ਹੋਰ ਕਈ ਚਿੰਨ੍ਹ ਵੀ ਜੋੜੇ ਗਏ ਸਨ। ਕਾਰਟਰ ਦਾ ਕਹਿਣਾ ਹੈ, "ਮੈਨੂੰ ਇਹੀ ਦੱਸਿਆ ਗਿਆ ਸੀ ਕਿ ਗੇਟ 'ਤੇ ਨੇਵੀ ਸੀਲ ਇਸੇ ਪਾਸਵਰਡ ਦੀ ਭਾਲ ਕਰਨਗੇ।"

ਹਾਲਾਂਕਿ ਪਰ ਉੱਤਰੀ ਗੇਟ ਤੋਂ ਫਾਤੀ ਅਤੇ ਉਨ੍ਹਾਂ ਦੇ ਸਮੂਹ ਨੂੰ ਵਾਪਸ ਭੇਜ ਦਿੱਤਾ ਗਿਆ। ਉਨ੍ਹਾਂ ਤੱਕ ਸੁਨੇਹਾ ਨਹੀਂ ਪਹੁੰਚਿਆ ਸੀ। ਅਸਲ ਵਿੱਚ ਮਰੀਨਜ਼ ਤੱਕ ਸੁਨੇਹਾ ਨਹੀਂ ਪਹੁੰਚ ਸਕਿਆ ਸੀ। ਫਾਤੀ ਨੇ ਕਿਹਾ, "ਮੈਂ ਉਹੀ ਪਾਸਵਰਡ ਦਿਖਾਉਣ ਦੀ ਕੋਸ਼ਿਸ਼ ਕੀਤੀ ਪਰ ਸਿਪਾਹੀ ਨੇ ਮਨ੍ਹਾਂ ਕਰ ਦਿੱਤਾ ਅਤੇ ਕਿਹਾ, ਕਿਹੜੀ ਰਾਸ਼ਟਰੀ ਟੀਮ? ਕੌਣ ਹੋ ਤੁਸੀਂ?" ਸੀਲ ਨੇ ਕਿਹਾ, “ਜੇਕਰ ਤੁਹਾਡੇ ਕੋਲ ਅਮਰੀਕੀ ਪਾਸਪੋਰਟ ਹੈ ਤਾਂ ਅਸੀਂ ਤੁਹਾਨੂੰ ਅੰਦਰ ਆਉਣ ਦੇਵਾਂਗੇ, ਇਸ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਹੈ।” ਉੱਧਰ ਹਿਊਸਟਨ 'ਚ ਕਾਰਟਰ ਨੂੰ ਸਾਰੀ ਯੋਜਨਾ ਦੀ ਮੁੜ ਜਾਂਚ ਕਰਨੀ ਪਈ। ਕਾਰਟਰ ਨੇ ਕਿਹਾ,"ਉਸ ਸਮੇਂ ਮੈਂ ਕੰਮ ਦੇ ਮੂਡ ਵਿੱਚ ਸੀ ਇਸ ਲਈ ਮੇਰਾ ਦਿਲ ਨਹੀਂ ਬੈਠਿਆ।" "ਮੈਂ ਆਪਣੇ ਆਪ ਨੂੰ ਹੌਂਸਲਾ ਦਿੱਤਾ ਅਤੇ ਕਿਹਾ ਸਭ ਠੀਕ ਹੈ, ਇਹ ਕੋਈ ਸਮੱਸਿਆ ਨਹੀਂ ਹੈ, ਬਸ ਮੈਨੂੰ ਕੁਝ ਸਮਾਂ ਦਿਓ ਤਾਂ ਜੋ ਮੈਂ ਗੇਟ 'ਤੇ ਖੜ੍ਹੇ ਲੋਕਾਂ ਨਾਲ ਗੱਲ ਕਰ ਸਕਾਂ ਅਤੇ ਉਨ੍ਹਾਂ ਨੂੰ ਦੱਸ ਸਕਾਂ।" ਕਾਰਟਰ ਦੱਸਦੇ ਹਨ, "ਮੈਨੂੰ ਲੱਗਦਾ ਹੈ ਕਿ ਉਹ ਤਣਾਅ ਵਿੱਚ ਸੀ ਅਤੇ ਹੋਣਾ ਠੀਕ ਵੀ ਸੀ। ਮੈਂ ਤਣਾਅ ਵਿੱਚ ਨਹੀਂ ਸੀ ਕਿਉਂਕਿ ਜੇਕਰ ਮੈਂ ਤਣਾਅ 'ਚ ਆ ਜਾਂਦੀ ਤਾਂ ਉਹ ਸਾਰੇ ਵੀ ਘਬਰਾ ਜਾਂਦੇ।"

ਇਸ ਦੌਰਾਨ ਫਾਤੀ ਅਤੇ ਦੂਜੇ ਖਿਡਾਰੀ ਸਿਰਫ ਇੰਤਜ਼ਾਰ ਹੀ ਕਰ ਸਕਦੇ ਸਨ। ਉਨ੍ਹਾਂ ਨੇ ਦੱਸਿਆ, "ਜੇਕਰ ਮੈਂ ਗਲਤ ਨਹੀਂ ਹਾਂ ਤਾਂ ਅਸੀਂ ਹਵਾਈ ਅੱਡੇ ਦੇ ਬਾਹਰ 48 ਘੰਟੇ ਤੱਕ ਖੜ੍ਹੇ ਰਹੇ ਸੀ।" "ਮੌਸਮ ਬਹੁਤ ਹੀ ਗਰਮ ਸੀ ਅਤੇ ਪੱਤਾ ਵੀ ਨਹੀਂ ਹਿੱਲ ਰਿਹਾ ਸੀ। ਸਾਡੇ ਆਲੇ-ਦੁਆਲੇ ਬੈਠੇ ਬੱਚੇ ਰੋ ਰਹੇ ਸਨ ਅਤੇ ਗੋਲੀਆਂ ਦੀ ਅਵਾਜ਼ ਸੁਣ ਕੇ ਕਹਿਣ ਲੱਗਦੇ ਸਨ, "ਘਰ ਵਾਪਸ ਚਲੋ, ਅਸੀਂ ਮਰਨਾ ਨਹੀਂ ਚਾਹੁੰਦੇ।' "ਇੱਥੇ ਬਹੁਤ ਸਾਰੀਆਂ ਅੱਖਾਂ ਮੇਰੇ ਉੱਤੇ ਹੀ ਟਿਕੀਆਂ ਹੋਈਆਂ ਸਨ ਕਿ ਸ਼ਾਇਦ ਮੈਂ ਕੋਈ ਰਸਤਾ ਲੱਭ ਸਕਾਂ।"

ਫਾਤੀ ਨੇ ਫੈਸਲਾ ਲਿਆ ਕਿ ਉਹ ਅਤੇ ਦੂਜੇ ਖਿਡਾਰੀ ਇੱਕ ਵਾਰ ਫਿਰ ਦੱਖਣੀ ਗੇਟ ਰਾਹੀਂ ਅੰਦਰ ਜਾਣ ਦੀ ਕੋਸ਼ਿਸ਼ ਕਰਨਗੇ। ਰਸਤੇ ਵਿੱਚ ਤਾਲਿਬਾਨ ਦੇ ਦੋ ਨਾਕੇ ਸਨ। ਪਹਿਲਾਂ ਤਾਂ ਫਾਤੀ ਆਪਣੇ ਭਰਾ ਤੋਂ ਵੱਖ ਕੀਤੇ ਗਏ ਜਿਸ ਨੂੰ ਦੀ ਬੂਰੀ ਤਰ੍ਹਾਂ ਨਾਲ ਕੁੱਟਿਆ ਗਿਆ। ਦੂਜੀ ਵਾਰੀ ਉਨ੍ਹਾਂ ਨੂੰ ਵੀ ਧੱਕਾ ਮਾਰਿਆ ਗਿਆ ਤੇ ਇੱਕ ਬੰਦੂਕਧਾਰੀ ਨੇ ਉਨ੍ਹਾਂ ਨੂੰ ਮੁੜ ਭੀੜ ਵੱਲ ਧੱਕ ਦਿੱਤਾ ਗਿਆ। ਉਨ੍ਹਾਂ ਦੇ ਮੋਢਿਆਂ 'ਤੇ ਜ਼ਿੰਮੇਵਾਰੀ ਦਾ ਭਾਰ ਸੀ ਅਤੇ ਨਾਲ ਹੀ ਲਾਸ਼ਾਂ ਦੇ ਢੇਰ, ਗਰਮੀ ਅਤੇ ਗੋਲੀਬਾਰੀ ਵਿਚਾਲੇ ਉਨ੍ਹਾਂ ਨੂੰ ਲੱਗਿਆ ਕਿ ਸਭ ਖ਼ਤਮ ਹੋ ਗਿਆ ਹੈ। ਉਨ੍ਹਾਂ ਨੇ ਲਗਭਗ ਹਾਰ ਹੀ ਮੰਨ ਲਈ ਸੀ। ਫਿਰ ਉਨ੍ਹਾਂ ਨੂੰ ਪੋਪਲ ਦਾ ਉਹ ਸੰਦੇਸ਼ ਯਾਦ ਆਇਆ ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ, "ਜੇਕਰ ਤੁਸੀਂ ਲੜੋਗੇ ਤਾਂ ਜ਼ਰੂਰ ਬਚ ਜਾਵੋਗੇ।" ਫਾਤੀ ਕਹਿੰਦੇ ਹਨ ਕਿ "ਇਹ ਇੱਕ ਅਜਿਹੀ ਚੀਜ਼ ਸੀ ਜਿਸ ਨੇ ਹਨੇਰੇ 'ਚ ਚਾਨਣ ਕੀਤਾ।" ਅਚਾਨਕ ਹੀ ਕਿਸੇ ਚੀਜ਼ ਨੇ ਮੈਨੂੰ ਮੁੜ ਹਿੰਮਤ ਕਰਨ ਲਈ ਕਿਹਾ ਅਤੇ ਮੈਂ ਜੋਸ਼ ਨਾਲ ਮੁੜ ਆਪਣਾ ਸੰਘਰਸ਼ ਸ਼ੁਰੂ ਕੀਤਾ।

ਇਹ ਇੱਕ ਸਬਕ ਸੀ ਜੋ ਮੈਂ ਤਾਉਮਰ ਯਾਦ ਰੱਖਾਂਗੀ- ਹਮੇਸ਼ਾ ਇੱਕ ਉਮੀਦ ਹੁੰਦੀ ਹੈ ਅਤੇ ਹਮੇਸ਼ਾ ਹੀ ਇੱਕ ਖੁੱਲ੍ਹਾ ਦਰਵਾਜ਼ਾ ਤੁਹਾਡੇ ਸਾਹਮਣੇ ਮੌਜੂਦ ਹੁੰਦਾ ਹੈ।" ਇਸੇ ਦੌਰਾਨ ਅਚਾਨਕ ਤਾਲਿਬਾਨੀ ਲੜਾਕਿਆਂ ਦਾ ਧਿਆਨ ਕਿਸੇ ਗੱਲੋਂ ਭਟਕਿਆਂ ਅਤੇ ਉਹ ਇਹ ਗਰੁੱਪ ਦੱਖਣੀ ਗੇਟ ਵੱਲ ਵਧ ਗਿਆ। ਫਾਤੀ ਦੱਸਦੇ ਹਨ, "ਇੱਥੇ ਬਹੁਤ ਸਾਰੇ ਲੋਕ ਸਨ, ਪਰ ਅਸੀਂ ਆਖਰੀ ਨਾਕਾ ਪਾਰ ਕਰਨ ਵਿੱਚ ਕਾਮਯਾਬ ਰਹੇ।"

"ਅਸੀਂ ਅਸਟ੍ਰੇਲੀਆ ਦੇ ਫ਼ੌਜੀਆਂ ਨੂੰ ਦੇਖਿਆ ਅਤੇ 'ਕੌਮੀ ਟੀਮ ਦੇ ਖਿਡਾਰੀ', 'ਆਸਟ੍ਰੇਲੀਆ' ਅਤੇ 'ਫੁੱਟਬਾਲ' ਵਰਗੇ ਵਾਕਾਂਸ਼ ਬੋਲੇ। "ਉਨ੍ਹਾਂ ਨੇ ਸਾਡੇ ਦਸਤਾਵੇਜ਼ ਵੇਖੇ ਅਤੇ ਸਾਨੂੰ ਅੰਦਰ ਜਾਣ ਦਿੱਤਾ।" ਜਦੋਂ ਫਾਤੀ, ਉਨ੍ਹਾਂ ਦੇ ਦੂਜੇ ਸਾਥੀ ਅਤੇ ਕੁਝ ਅਫ਼ਗਾਨ ਪੈਰਾਓਲੰਪੀਅਨ ਖਿਡਾਰੀ ਆਸਟ੍ਰੇਲੀਆ ਲਈ ਰਵਾਨਾ ਹੋਣ ਵਾਲੇ ਸੀ-130 ਮਿਲਟਰੀ ਟ੍ਰਾਂਸਪੋਰਟ ਜਹਾਜ਼ ਵਿੱਚ ਬੈਠੇ ਤਾਂ ਫਾਤੀ ਨੇ ਕਾਰਟਰ ਨੂੰ ਇੱਕ ਫੋਟੋ ਅਤੇ ਸੁਨੇਹਾ ਭੇਜਿਆ। "ਮੈਂ ਕਰ ਲਿਆ ਹੈ। ਅਸੀਂ ਕਰ ਲਿਆ ਹੈ।"

ਸੀ-130 ਜੰਗੀ ਆਸਟਰੇਲੀਆ ਦਾ ਇੱਕ ਮਾਲਵਾਹਕ ਹਵਾਈ ਜਹਾਜ਼ ਹੈ। ਕੁੜੀਆਂ ਨੂੰ ਜਹਾਜ਼ ਦੇ ਕਾਰਗੋ ਖੇਤਰ ਵਿੱਚ ਬਿਠਾਇਆ ਗਿਆ ਸੀ। ਉਹ ਇੱਕ ਦੂਜੇ ਦੇ ਮੋਢਿਆਂ 'ਤੇ ਸਿਰ ਰੱਖ ਕੇ ਸੌਣ ਦਾ ਯਤਨ ਕਰ ਰਹੀਆਂ ਸਨ। ਫਾਤੀ ਕਹਿੰਦੇ ਹਨ, "ਜਿਵੇਂ ਹੀ ਜਹਾਜ਼ ਨੇ ਉਡਾਣ ਭਰੀ ਤਾਂ ਹਰ ਪਾਸੇ ਰੌਲਾ ਪੈ ਰਿਹਾ ਸੀ ਅਤੇ ਸਾਡੇ ਮਨਾਂ ਅੰਦਰ ਡਰ ਸੀ। ਚਾਰੇ ਪਾਸੇ ਖੌਫ਼ਜ਼ਦਾ ਚਿਹਰੇ ਮੌਜੂਦ ਸਨ।" "ਮੈਂ ਸੋਚ ਰਹੀ ਸੀ ਕਿ ਮੈਂ ਕਦੇ ਵੀ ਇਸ ਖ਼ੂਬਸੂਰਤ ਜਗ੍ਹਾ ਨੂੰ ਮੁੜ ਨਹੀਂ ਵੇਖ ਸਕਾਂਗੀ, ਜਿੱਥੇ ਤੁਸੀਂ ਆਪਣੀਆਂ ਸੁਨਿਹਰੀ ਯਾਦਾਂ ਬਣਾਈਆਂ ਹਨ ਤੇ ਵੱਡੇ ਹੋਏ ਹੋ। ਇੱਥੇ ਇਹ ਇੱਥੇ ਤੁਹਾਡਾ ਆਖਰੀ ਸਮਾਂ ਹੈ।"

2010 ਵਿੱਚ ਪੋਪਲ ਦੀ ਕਪਤਾਨੀ ਹੇਠ ਆਪਣੇ ਪਹਿਲੇ ਅਧਿਕਾਰਤ ਮੈਚ ਅਫ਼ਗਾਨਿਸਤਾਨ ਦੀ ਮਹਿਲਾ ਟੀਮ ਨੇਪਾਲ ਤੋਂ 13-0 ਨਾਲ ਹਾਰ ਗਈ ਸੀ। ਨਤੀਜੇ ਨੂੰ ਇੱਕ ਪਾਸੇ ਰੱਖ ਕੇ ਦੇਖਿਆ ਜਾਏ ਤਾਂ ਉਨ੍ਹਾਂ ਨੇ ਅਫ਼ਾਗਾਨਿਸਤਾਨ ਦੀ ਫੁੱਟਬਾਲ ਲਈ ਰਾਹ ਬਣਾਇਆ ਸੀ। ਇਹ ਉਹ ਰਾਹ ਸੀ ਜਿਸ ਉੱਪਰ ਤਾਲਿਬਾਨ ਤੋਂ ਬਿਨਾਂ ਹੀ ਚੱਲਿਆ ਜਾ ਸਕਦਾ ਸੀ। ਫਾਤੀ ਕਹਿੰਦੇ ਹਨ, "ਅਸੀਂ ਬੇਅਵਾਜ਼ੇ ਲੋਕਾਂ ਲਈ ਇੱਕ ਆਵਾਜ਼ ਸੀ।" "ਇਸ ਨੇ ਮੇਰੇ ਮਾਤਾ-ਪਿਤਾ ਖਾਸ ਕਰਕੇ ਮੇਰੇ ਪਿਤਾ ਜੀ ਦੀ ਸੋਚ ਨੂੰ ਬਦਲਣ ਵਿੱਚ ਮਦਦ ਕੀਤੀ। ਉਨ੍ਹਾਂ ਦੀ ਮਾਨਸਿਕਤਾ ਵੀ ਹੋਰਨਾਂ ਮਰਦਾਂ ਵਰਗੀ ਸੀ, ਜੋ ਇਹ ਸੋਚਦੇ ਸਨ ਕਿ ਖੇਡਾਂ ਔਰਤਾਂ ਲਈ ਸਹੀ ਨਹੀਂ ਹਨ।"

R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!

E.A.

Open 7 Days
Weekends/Evenings
(Year Round Service)
Resonalbe Rates
Call for Appointment

IRS e-file

CTEC
California Tax Education Council
Registered Tax Preparer



CALL: R. PAL. SINGH EA- 510-750-3464

EA 00097224, CRTP A44237 Realtor#148514,

Insurance Life- Only Agent #0G76896

39159 Paseo Padre Pkwy # 103, Fremont, CA 94538

Email:singhrpal@sbeglobal.net Singhtax.com

# ਕਿਸੇ ਸਮੇਂ ਹੱਸਦੇ ਵੱਸਦੇ ਹਜ਼ਾਰਾਂ ਸਿੱਖਾਂ ਦਾ ਅਫ਼ਗਾਨਿਸਤਾਨ ਵਿਚੋਂ ਉਜਾੜਾ ਕਿਵੇਂ ਹੋਇਆ





"ਅਸੀਂ ਤਾਲਿਬਾਨ ਦੇ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਇਸ ਹਮਲੇ ਨੂੰ ਖ਼ਤਮ ਕੀਤਾ ਪਰ ਅਸੀਂ ਇੱਥੇ ਸੁਰੱਖਿਅਤ ਮਹਿਸੂਸ ਨਹੀਂ ਕਰਦੇ ਹਾਂ ਤੇ ਦੇਸ ਨੂੰ ਛੱਡਣਾ ਚਾਹੁੰਦੇ ਹਾਂ।" ਕਾਬੁਲ ਦੇ ਕਰਤਾ-ਏ-ਪਰਵਾਨ ਗੁਰਦੁਆਰਾ ਸਾਹਿਬ ਦੇ ਮਲਬੇ ਵਿੱਚੋਂ ਧੁਖਦੇ ਧੂੰਏ ਦੇ ਆਲੇ ਦੁਆਲੇ ਘੁੰਮਦੇ ਸਿੱਖਾਂ ਨੇ ਬੀਬੀਸੀ ਪੱਤਰਕਾਰ ਸਿਕੰਦਰ ਕਿਰਮਾਨੀ ਨਾਲ ਗੱਲਬਾਤ ਦੌਰਾਨ ਇਹ ਸ਼ਬਦ ਕਹੇ ਸਨ। ਉਨ੍ਹਾਂ ਨੇ ਕਿਹਾ, "ਅਸੀਂ ਭਾਰਤ ਸਰਕਾਰ ਨੂੰ ਕਈ ਵਾਰ ਅਪੀਲ ਕਰ ਚੁੱਕੇ ਹਾਂ ਕਿ ਉਹ ਸਾਨੂੰ ਵੀਜ਼ਾ ਦੇਣ। ਅਸੀਂ ਹੁਣ ਇੱਥੇ ਹੋਰ ਨਹੀਂ ਰਹਿਣਾ ਚਾਹੁੰਦੇ।"

18 ਜੂਨ 2022 ਨੂੰ ਕਾਬੁਲ ਦੇ ਕਰਤਾ-ਏ-ਪਰਵਾਨ ਗੁਰਦੁਆਰਾ ਸਾਹਿਬ ਉੱਤੇ ਅੱਤਵਾਦੀਆਂ ਨੇ ਹਮਲਾ ਕੀਤਾ ਸੀ। ਇਸ ਹਮਲੇ ਵਿੱਚ ਇੱਕ ਸਿੱਖ ਸ਼ਰਧਾਲੂ ਤੇ ਇੱਕ ਤਾਲਿਬਾਨ ਦੇ ਸੁਰੱਖਿਆ ਮੁਲਾਜ਼ਮ ਦੀ ਮੌਤ ਹੋ ਗਈ ਸੀ ਜਦਕਿ 7 ਦੇ ਕਰੀਬ ਲੋਕ ਜ਼ਖਮੀ ਹੋ ਗਏ ਸਨ। ਹਮਲਾਵਰ ਵਿਸਫੋਟਕਾਂ ਨਾਲ ਭਰੀ ਗੱਡੀ ਨੂੰ ਲੈ ਕੇ ਆਏ ਸੀ, ਜੋ ਗੁਰੁਦਆਰੇ ਦੇ ਗੇਟ ਤੋਂ ਥੋੜ੍ਹੀ ਦੂਰੀ 'ਤੇ ਹੀ ਬਲਾਸਟ ਹੋ ਗਈ ਸੀ। ਗੁਰਦੁਆਰੇ ਵਿੱਚ ਵੀ ਅੱਤਵਾਦੀਆਂ ਵੱਲੋਂ ਧਮਾਕੇ ਤੇ ਫਾਇਰਿੰਗ ਕੀਤੀ ਗਈ ਸੀ। ਇਸ ਹਮਲੇ ਵਿੱਚ ਗੁਰਦੁਆਰੇ ਦੀ ਇਮਾਰਤ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ। ਇਸ ਹਮਲੇ ਦੀ ਜ਼ਿੰਮੇਵਾਰੀ ਆਈਐੱਸ ਖੈਬਰ ਪਖਤੂਨਵਾ ਸੰਗਠਨ ਵੱਲੋਂ ਲਈ ਗਈ ਹੈ। ਹੁਣ ਹਮਲੇ ਮਗਰੋਂ ਭਾਰਤ ਸਰਕਾਰ ਵੱਲੋਂ ਉੱਥੇ ਬਚੇ ਹੋਏ ਸਿੱਖਾਂ ਲਈ ਵੀਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ।

### ਅਫ਼ਗਾਨਿਸਤਾਨ 'ਚ ਸਿੱਖਾਂ 'ਤੇ ਕਈ ਵਾਰ ਹਮਲੇ ਹੋਏ

ਅਫ਼ਗਾਨਿਸਤਾਨ ਵਿੱਚ ਸਿੱਖਾਂ ਉੱਤੇ ਹਮਲਾ ਪਹਿਲੀ ਵਾਰ ਨਹੀਂ ਹੋਇਆ ਹੈ। ਮੁਲਕ ਵਿੱਚ ਇੱਕ ਘੱਟ ਗਿਣਤੀ ਕੌਮ ਵਜੋਂ ਰਹਿੰਦੇ ਸਿੱਖ ਕਈ ਵਾਰ ਹਮਲਿਆਂ ਦਾ ਸ਼ਿਕਾਰ ਬਣਦੇ ਰਹੇ ਹਨ। ਕਦੇ ਅਫ਼ਗਾਨਿਸਤਾਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਰਹਿੰਦਾ ਸਿੱਖ ਭਾਈਚਾਰਾ ਅੱਜ ਉਂਗਲਾਂ ਉੱਤੇ ਗਿਣਿਆ ਜਾ ਸਕਦਾ ਹੈ। ਹਾਲ ਦੇ ਸਾਲਾਂ ਵਿੱਚ ਅਫ਼ਗਾਨਿਸਤਾਨ ਵਿੱਚ ਆਈਐੱਸ ਦੇ ਸਥਾਨਕ ਗੁੱਟ ਵੱਲੋਂ ਵਾਰ-ਵਾਰ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਕਰਤਾ-ਏ-ਪਰਵਾਨ ਗੁਰਦੁਆਰਾ ਸਾਹਿਬ ਵਿੱਚ ਮੌਜੂਦ ਸੁਖਬੀਰ ਸਿੰਘ ਖ਼ਾਲਸਾ ਕਹਿੰਦੇ ਹਨ, "ਸਾਲ 2018 ਵਿੱਚ ਜਲਾਲਾਬਾਦ ਵਿੱਚ ਵੀ ਵੱਡਾ ਹਮਲਾ ਹੋਇਆ ਸੀ। ਉਸ ਵੇਲੇ 1500 ਸਿੱਖ ਰਹਿੰਦੇ ਸਨ। ਉਸ ਹਮਲੇ ਤੋਂ ਬਾਅਦ ਕਈਆਂ ਨੇ ਅਫ਼ਗਾਨਿਸਤਾਨ ਨੂੰ ਛੱਡ ਦਿੱਤਾ ਸੀ।" ਸੁਖਬੀਰ ਸਿੰਘ ਖਾਲਸਾ ਅਨੁਸਾਰ ਹੁਣ ਅਫ਼ਗਾਨਿਸਤਾਨ ਵਿੱਚ 150 ਤੋਂ ਘੱਟ ਸਿੱਖ ਰਹਿ ਗਏ ਹਨ। ਸਾਲ 2021 ਵਿੱਚ ਜਦੋਂ ਤਾਲਿਬਾਨ ਨੇ ਅਫ਼ਗਾਨਿਸਤਾਨ ਉੱਤੇ ਮੁੜ ਕਬਜ਼ਾ ਕੀਤਾ ਤਾਂ ਸਿੱਖਾਂ ਦੇ ਕੁਝ ਜਥੇ ਭਾਰਤ ਪਹੁੰਚਣ ਵਿੱਚ ਕਾਮਯਾਬ ਹੋਏ ਸਨ। ਕਈ ਸਿੱਖਾਂ ਨੂੰ ਭਾਰਤੀ ਹਵਾਈ ਫੌਜ ਦੇ ਵਿਸ਼ੇਸ਼ ਹਵਾਈ ਜਹਾਜ਼ਾਂ ਤੋਂ ਭਾਰਤ ਲਿਆਂਦਾ ਗਿਆ ਸੀ।

### ਸਿੱਖ ਕੌਮ ਦੇ ਪਹਿਲੇ ਨਿਸ਼ਾਨ

ਅਫ਼ਗਾਨਿਸਤਾਨ ਵਿੱਚ ਸਿੱਖਾਂ ਤੇ ਹਿੰਦੂਆਂ ਦੀ ਮੌਜੂਦਗੀ ਸਦੀਆਂ ਪੁਰਾਣੀ ਹੈ। ਇੰਦਰਜੀਤ ਸਿੰਘ ਨੇ 'ਅਫ਼ਗਾਨ ਸਿੱਖ ਐਂਡ ਹਿੰਦੂਜ਼ ਹਿਸਟਰੀ ਆਫ ਥਾਊਜ਼ੈਂਡ ਈਅਰਜ਼' ਨਾਂ ਦੀ ਕਿਤਾਬ ਲਿਖੀ ਹੈ। ਇੰਦਰਜੀਤ ਸਿੰਘ ਕਹਿੰਦੇ ਹਨ, "ਬਾਬਰ ਤੋਂ ਨਾਦਰ ਸ਼ਾਹ ਦੇ ਭਾਰਤ ਆਉਣ ਤੱਕ ਕਾਬੁਲ, ਜਲਾਲਾਬਾਦ ਤੇ ਗਜ਼ਨੀ ਮੁਗਲ ਰਾਜ ਦਾ ਹੀ ਹਿੱਸਾ ਰਿਹਾ ਸੀ। ਇਹ ਸਮਾਂ ਕਰੀਬ 235 ਸਾਲ ਦਾ ਬਣਦਾ ਹੈ। ਤਾਂ ਇਸ ਵੇਲੇ ਸਿੱਖਾਂ ਤੇ ਹਿੰਦੂਆਂ ਦਾ ਅਫ਼ਗਾਨਿਸਤਾਨ ਵਿੱਚ ਰਹਿਣ ਜਾਂ ਵਿਚਰਨ ਵਿੱਚ ਕੋਈ ਮੁਸ਼ਕਿਲ ਨਹੀਂ ਸੀ।" "ਅਫ਼ਗਾਨਿਸਤਾਨ ਵਿੱਚ ਸਿੱਖਾਂ ਦੀ ਹੋਂਦ 1519-21 ਵੇਲੇ ਦੀ ਹੈ, ਜਦੋਂ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਅਫ਼ਗਾਨਿਸਤਾਨ ਦੀ ਯਾਤਰਾ ਉੱਤੇ ਗਏ ਸਨ। ਉਸ ਵੇਲੇ ਉੱਥੇ ਰਹਿੰਦੇ ਕੁਝ ਹਿੰਦੂ ਉਨ੍ਹਾਂ ਦੇ ਪੈਰੋਕਾਰ ਬਣ ਗਏ ਸਨ।"

ਸਿੱਖ ਇਤਿਹਾਸ 'ਚ ਕਾਬੁਲ ਦੀ ਸੰਗਤ ਦੇ ਕਈ ਹਵਾਲੇ ਮਿਲਦੇ ਹਨ। ਇਤਿਹਾਸਕਾਰ ਤੇ ਪੰਜਾਬ ਦੇ ਡਾਇਰੈਕਟਰ ਆਫ਼ ਆਰਕਾਈਵਜ਼ ਰਹਿ ਚੁੱਕੇ ਡਾ ਗੰਡਾ ਸਿੰਘ ਨੇ ਆਪਣੀ ਕਿਤਾਬ 'ਅਫਗਾਨਿਸਤਾਨ ਦਾ ਸਫ਼ਰ' ਵਿੱਚ 1952 ਦੀ ਆਪਣੀ ਯਾਤਰਾ ਦਾ ਵੇਰਵਾ ਦਿੱਤਾ ਹੈ। ਡਾ ਗੰਡਾ ਸਿੰਘ ਲਿਖਦੇ ਹਨ, "ਪੁਰਾਣੇ ਸਮਿਆਂ ਤੋਂ ਹੀ ਕੁਝ ਹਿੰਦੂ ਇੱਥੇ ਰਹਿੰਦੇ ਆ ਰਹੇ ਹਨ ਜੋ ਇਸਲਾਮ ਦੇ ਇੱਥੇ ਆਉਣ ਤੋਂ ਪਹਿਲਾਂ ਦੇ ਵਸਨੀਕ ਹਨ। ਗੁਰੂ ਨਾਨਕ ਵੇਲੇ ਉਹ ਉਨ੍ਹਾਂ ਦੇ ਸੇਵਕ ਬਣ ਗਏ।" ਡਾ ਗੰਡਾ ਸਿੰਘ ਲਿਖਦੇ ਹਨ ਕਿ ਸਿੱਖ ਇਤਿਹਾਸ ਵਿੱਚ ਹਵਾਲੇ ਮਿਲਦੇ ਹਨ ਜਦੋਂ ਕਈ ਵਾਰੀ ਸਿੱਖ ਸੰਗਤਾਂ ਕਾਬੁਲ, ਗਜ਼ਨੀ ਤੇ ਕੰਧਾਰ ਤੋਂ ਪੰਜਾਬ ਗੁਰੂ ਦੇ ਦਰਸ਼ਨਾਂ ਲਈ ਆਇਆ ਕਰਦੀਆਂ ਸਨ। ਸਿੱਖਾਂ ਦੇ 10ਵੇਂ ਗੁਰੂ ਦੇ ਸਮੇਂ ਦਾ ਜ਼ਿਕਰ ਕਰਦਿਆਂ ਡਾ ਗੰਡਾ ਸਿੰਘ ਲਿਖਦੇ ਹਨ, "ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਰ ਸਿੱਖਾਂ ਦੀ ਤਰ੍ਹਾਂ ਇਨ੍ਹਾਂ ਨੇ ਵੀ ਅੰਮ੍ਰਿਤ ਛਕਿਆ ਸੀ। ਫਾਸਲਾ ਦੂਰ ਹੋਣ ਕਾਰਨ ਜੋ ਪੰਜਾਬ ਆ ਕੇ ਸਿੰਘ ਨਹੀਂ ਸਜ ਸਕੇ ਸੀ, ਉਨ੍ਹਾਂ ਉੱਥੇ ਹੀ ਅੰਮ੍ਰਿਤ ਛਕ ਲਿਆ ਸੀ।" "ਫੇਰ ਵੀ ਕੁਝ ਟੱਬਰ ਅਜਿਹੇ ਰਹਿ ਗਏ ਜਿਨ੍ਹਾਂ ਵਿੱਚੋਂ ਕੋਈ ਵੀ ਅੰਮ੍ਰਿਤਧਾਰੀ ਨਹੀਂ ਹੋ ਸਕਿਆ ਪਰ ਉਨ੍ਹਾਂ ਦੇ ਸਿੱਖੀ ਸਿਦਕ ਵਿੱਚ ਕੋਈ ਫਰਕ ਨਹੀਂ ਆਇਆ ਸੀ।" ਇਤਿਹਾ-ਸਕਾਰ ਹਰੀ ਰਾਮ ਗੁਪਤਾ ਨੇ ਆਪਣੀ ਕਿਤਾਬ ਹਿਸਟਰੀ ਆਫ਼ ਸਿੱਖਸ ਵਿੱਚ ਵੀ ਕਾਬੁਲ ਤੋਂ ਆਏ ਸਿੱਖਾਂ ਬਾਰੇ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਕਾਬੁਲ ਤੋਂ ਆਏ ਇੱਕ ਸਿੱਖ ਦੂਨੀ ਚੰਦ ਨੇ ਗੁਰੂ ਗੋਬਿੰਦ ਸਿੰਘ (ਉਸ ਵੇਲੇ ਗੋਬਿੰਦ ਰਾਇ) ਨੂੰ ਇੱਕ ਬੇਸ਼ਕੀਮਤੀ ਤੰਬੂ ਦਿੱਤਾ ਸੀ ਜੋ ਰੇਸ਼ਮ ਨਾਲ ਬਣਿਆ ਸੀ ਤੇ ਉਸ ਉੱਤੇ ਸੋਨੇ ਤੇ ਮੋਤੀਆਂ ਦਾ ਕੰਮ ਹੋਇਆ ਸੀ। ਉਸ ਦੇ ਵਿੱਚ ਸ਼ਾਨਦਾਰ ਕਾਲੀਨ ਵੀ ਸਨ।

### ਅਫ਼ਗਾਨਿਸਤਾਨ ਦੇ ਇਤਿਹਾਸਕ ਗੁਰਦੁਆਰੇ

ਇੰਦਰਜੀਤ ਸਿੰਘ ਨੇ ਅਫ਼ਗਾਨਿਸਤਾਨ ਦੇ ਗੁਰਦਆਰਿਆਂ ਦਾ ਜ਼ਿਕਰ ਕਰਦਿਆਂ ਦੱਸਿਆ, "ਅਫ਼ਗਾਨਿਸਤਾਨ ਦੇ ਜਲਾਲਾਬਾਦ ਵਿੱਚ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਹੈ। ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਉੱਥੇ ਆਏ ਸਨ।" "ਉਸ ਤੋਂ ਉੱਤੇ ਸੁਲਤਾਨਪੁਰ ਵਿੱਚ ਇੱਕ ਚਸ਼ਮਾ ਹੈ, ਜਿੱਥੇ ਇੱਕ ਚਾਰ ਦੀਵਾਰੀ ਕੀਤੀ ਹੋਈ ਸੀ। ਇੱਥੇ ਤਾਲਿਬਾਨ ਤੋਂ ਪਹਿਲਾਂ ਤੱਕ ਵਿਸਾਖੀ ਦਾ ਮੇਲਾ ਲੱਗਦਾ ਸੀ।" "ਇਸ ਤੋਂ ਬਾਅਦ ਇੱਕ ਹੋਰ ਗੁਰਦੁਆਰਾ ਕਾਬੁਲ ਵਿੱਚ ਹੈ, ਜਿਸ ਦਾ ਨਾਂ ਗੁਰੂ ਹਰਿ ਰਾਇ ਸਾਹਿਬ ਹੈ। ਇਸੇ ਗੁਰਦੁਆਰਾ ਸਾਹਿਬ ਉੱਤੇ 25 ਮਾਰਚ 2020 ਨੂੰ ਅੱਤਵਾਦੀ ਹਮਲਾ ਹੋਇਆ ਸੀ।" ਇੰਦਰਜੀਤ ਸਿੰਘ ਨੇ ਅੱਗੇ ਦੱਸਿਆ, "ਸਿੱਖਾਂ ਦੇ ਸੱਤਵੇਂ ਗੁਰੂ, ਹਰਿ ਰਾਇ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਭਾਈ ਗੌਂਡਾ ਨੂੰ ਅਫ਼ਗਾਨਿਸਤਾਨ ਦੇ ਕਾਬੁਲ ਸ਼ਹਿਰ ਭੇਜਿਆ ਸੀ ਤੇ ਉਨ੍ਹਾਂ ਨੇ ਇੱਥੇ ਆ ਕੇ ਗੁਰੂ ਸਾਹਿਬ ਦੇ ਨਾਂ ਉੱਤੇ ਇੱਥੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਸੀ।" ਡਾ ਗੰਡਾ ਸਿੰਘ ਨੇ ਵੀ ਆਪਣੀ ਕਿਤਾਬ ਵਿੱਚ ਇਸ ਗੁਰਦੁਆਰਾ ਸਾਹਿਬ ਦਾ ਜ਼ਿਕਰ ਕੀਤਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਮੌਜੂਦਾ ਵੇਲੇ ਕਰਤਾ-ਏ-ਪਰਵਾਨ ਤੋਂ ਇਲਾਵਾ ਸਾਰੇ ਗੁਰਦੁਆਰਾ ਸਾਹਿਬ ਬੰਦ ਹਨ। ਬਾਕੀ ਗੁਰਦੁਆਰਿਆਂ ਦਾ ਜ਼ਿਕਰ ਕਰਦੇ ਹੋਏ ਇੰਦਰਜੀਤ ਸਿੰਘ ਨੇ ਦੱਸਿਆ, "ਇਸ ਤੋਂ ਇਲਾਵਾ ਵੀ ਕੁਝ ਹੋਰ ਗੁਰਦੁਆਰੇ ਕਾਬੁਲ ਵਿੱਚ ਹਨ, ਜਿਵੇਂ ਖਾਲਸਾ ਗੁਰਦੁਆਰਾ ਹੈ। ਉੱਥੇ ਭਾਈ ਗੁਰਦਾਸ ਜੀ ਆਏ ਸਨ।" ਇੱਥੇ ਜਿਨ੍ਹਾਂ ਭਾਈ ਗੁਰਦਾਸ ਦੀ ਗੱਲ ਹੋ ਰਹੀ ਹੈ, ਉਹ ਸਿੱਖਾਂ ਦੇ ਪੰਜਵੇਂ ਗੁਰੂ ਅਰਜੁਨ ਦੇਵ ਵੇਲੇ ਹੋਏ ਸਨ ਜੋ ਅਫ਼ਗਾਨਿਸਤਾਨ ਧਰਮ ਪ੍ਰਚਾਰ ਲਈ ਗਏ ਸਨ। ਇੰਦਰਜੀਤ ਸਿੰਘ ਨੇ ਅੱਗੇ ਕਿਹਾ, "ਕੰਧਾਰ ਵਿੱਚ ਬਾਬਾ ਸ਼੍ਰੀ ਚੰਦ ਦਾ ਗੁਰਦੁਆਰਾ ਹੈ ਤੇ ਇਸ ਦੇ ਨਾਲ ਹੀ ਕਾਬੁਲ ਦੇ ਸ਼ੋਰ ਬਜ਼ਾਰ ਵਿੱਚ ਵੀ ਬਾਬਾ ਸ਼੍ਰੀਚੰਦ ਦਾ ਗੁਰਦੁਆਰਾ ਸਾਹਿਬ ਹੈ।" ਡਾ। ਗੰਡਾ ਸਿੰਘ ਨੇ ਆਪਣੀ ਕਿਤਾਬ 'ਅਫ਼ਗਾਨਿਸਤਾਨ ਦਾ ਸਫ਼ਰ' ਵਿੱਚ ਕੁਝ ਹੋਰ ਗੁਰਧਾਮਾਂ ਦੇ ਨਾਂ ਵੀ ਲਿਖੇ ਹਨ। ਜਿਵੇਂ, ਬਾਬਾ ਗੰਜ ਬਖਸ਼, ਗੁਰਦੁਆਰਾ ਜੋਤੀ ਸਰੂਪ, ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ, ਕੰਧਾਰੀ ਕੂਚਾ, ਗੁਰਦੁਆਰਾ ਭਾਈ ਪਿਰਾਣਾ ਸਰਾਇ ਲਾਹੌਰੀਆਂ ਤੇ ਗੁਰਦੁਆਰਾ ਭਾਈ ਮਨਸਾ ਸਿੰਘ। ਡਾ ਗੰਡਾ ਸਿੰਘ ਨੇ ਆਪਣੀ ਕਿਤਾਬ ਵਿੱਚ ਉਸੇ ਵੇਲੇ ਦੇ ਕਈ ਸਿੱਖਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਤ ਸਰੂਪ ਮੌਜੂਦ ਸਨ।

### ਕਰਤਾ-ਏ-ਪਰਵਾਨ ਗੁਰਦੁਆਰਾ ਕਦੋ ਹੋਂਦ ਵਿੱਚ ਆਇਆ

ਇੰਦਰਜੀਤ ਸਿੰਘ ਕਰਤਾ-ਏ-ਪਰਵਾਨ ਦੀ ਹੋਂਦ ਬਾਰੇ ਦੱਸਦੇ ਹਨ, "1965 ਵਿੱਚ ਕਾਬੁਲ ਦੇ ਕਰਤਾ-ਏ-ਪਰਵਾਨ ਇਲਾਕੇ ਵਿੱਚ ਸਿੱਖਾਂ ਨੂੰ ਗੁਰਦੁਆਰਾ ਬਣਾਉਣ ਦੀ ਇਜਾਜ਼ਤ ਮਿਲੀ ਸੀ। ਉਸ ਮਗਰੋਂ ਇਹ ਅਫ਼ਗਾਨਿਸਤਾਨ ਦਾ ਸਭ ਤੋਂ ਵੱਡਾ ਗੁਰਦੁਆਰਾ ਸਾਹਿਬ ਬਣਿਆ।" "ਅਸਲ ਵਿੱਚ ਜਦੋਂ ਸਿੱਖ ਪੁਰਾਣੇ ਸ਼ਹਿਰ ਤੋਂ ਬਾਹਰਲੇ ਇਲਾਕਿਆਂ ਵਿੱਚ ਵੱਸਣ ਲੱਗੇ ਸੀ ਤਾਂ ਉਸ ਵੇਲੇ ਉਨ੍ਹਾਂ ਨੂੰ ਉੱਥੇ ਗੁਰ-ਦੁਆਰਾ ਸਾਹਿਬ ਬਣਾਉਣ ਦੀ ਜ਼ਰੂਰਤ ਮਹਿਸੂਸ ਹੋਈ ਸੀ। ਇਸ ਗੁਰਦੁਆਰਾ ਸਾਹਿਬ ਦਾ ਪੂਰਾ ਨਾਂ ਗੁਰਦੁਆਰਾ ਗੁਰੂ ਸਿੰਘ ਸਭਾ ਕਰਤਾ-ਏ-ਪਰਵਾਨ ਹੈ। ਇਸ ਇਲਾਕੇ ਵਿੱਚ ਸਿੱਖਾਂ ਦੀ ਵੱਡੀ ਅਬਾਦੀ ਰਹਿੰਦੀ ਸੀ।"

### ਜਦੋਂ ਸਿੱਖਾਂ ਉੱਤੇ ਉਦਾਰ ਹੋਈ ਸੀ ਸਰਕਾਰ

ਇੰਦਰਜੀਤ ਸਿੰਘ ਅਨੁਸਾਰ ਅਫ਼ਗਾਨਿਸਤਾਨ ਦੇ ਬਾਦਸ਼ਾਹ ਜ਼ਾਹਿਰ ਸ਼ਾਹ ਦੇ ਪ੍ਰਧਾਨ ਮੰਤਰੀ ਮੁਹੰਮਦ ਦਾਊਦ ਨੇ 1953 ਵਿੱਚ ਅਹੁਦਾ ਸਾਂਭਿਆ ਸੀ। ਇਹ ਉਹ ਵੇਲਾ ਸੀ ਜਦੋਂ ਅਫ਼ਗਾਨਿਸਤਾਨ ਵਿੱਚ ਸੁਧਾਰ ਸ਼ੁਰੂ ਹੋਏ ਸੀ।

"ਇਨ੍ਹਾਂ ਸੁਧਾਰਾਂ ਦਾ ਫਾਇਦਾ ਉੱਥੇ ਰਹਿੰਦੇ ਹਿੰਦੂ-ਸਿੱਖਾਂ ਨੂੰ ਵੀ ਹੋਇਆ। 1954-55 ਦੇ ਆਲੇ-ਦੁਆਲੇ ਸਿੱਖਾਂ ਨੂੰ 'ਤਜ਼ਕਿਰਾ' ਯਾਨੀ ਪਛਾਣ ਪੱਤਰ ਦਿੱਤੇ ਗਏ ਸਨ।" "ਉਨ੍ਹਾਂ ਉੱਤੇ ਲਗਾਏ ਗਏ ਜਜ਼ੀਆ ਟੈਕਸ ਨੂੰ ਵੀ ਹਟਾਇਆ ਗਿਆ ਤੇ ਸਿੱਖਾਂ ਨੂੰ ਫੌਜ ਵਿੱਚ ਭਰਤੀ ਹੋਣ ਦੀ ਇਜਾਜ਼ਤ ਦਿੱਤੀ ਗਈ। ਉਸ ਵੇਲੇ ਅਫ਼ਗਾਨ ਨੌਜਵਾਨਾਂ ਲਈ ਦੋ ਸਾਲ ਦੀ ਮਿਲਟਰੀ ਸਰਵਿਸ ਜ਼ਰੂਰੀ ਸੀ।" "70ਵਿਆਂ ਵਿੱਚ ਵਿਸਾਖੀ ਮੌਕੇ ਕੱਢੇ ਨਗਰ ਕੀਰਤਨਾਂ ਵਿੱਚ ਸਿੱਖ ਫੌਜੀ ਮਾਣ ਨਾਲ ਫੌਜੀ ਵਰਦੀ ਪਾ ਕੇ ਆਉਂਦੇ ਸੀ।" ਇੰਦਰਜੀਤ ਅਨੁਸਾਰ, "ਉਸ ਵੇਲੇ ਫੌਜ ਦੀ ਸਰਵਿਸ ਪੂਰੀ ਕਰ ਚੁੱਕੇ ਫੌਜੀਆਂ ਨੂੰ ਖ਼ਾਸ ਮੌਕਿਆਂ ਉੱਤੇ ਵਰਦੀ ਪਾਉਣ ਦੀ ਇਜਾਜ਼ਤ ਸੀ।"

### ਜਦੋਂ ਸੋਵੀਅਤ ਸੰਘ ਅਫ਼ਗਾਨਿਸਤਾਨ ਵੜ੍ਹਿਆ

ਜਦੋਂ ਸੋਵੀਅਤ ਸੰਘ ਤੇ ਮੁਜ਼ਾਹੀਦੀਨਾਂ ਵਿਚਾਲੇ ਅਫ਼ਗਾਨਿਸਤਾਨ ਵਿੱਚ ਸੰਘਰਸ਼ ਸ਼ੁਰੂ ਹੋਇਆ ਤਾਂ ਸਿੱਖਾਂ ਤੇ ਹਿੰਦੂਆਂ ਨੂੰ ਸੁਰੱਖਿਆ ਦਾ ਖਤਰਾ ਪੈਦਾ ਹੋ ਗਿਆ ਸੀ। ਇੰਦਰਜੀਤ ਸਿੰਘ ਲਿਖਦੇ ਹਨ, "ਉਸ ਵੇਲੇ ਅੱਤਵਾਦੀਆਂ ਨੂੰ ਕਿਹਾ ਜਾਂਦਾ ਸੀ ਕਿ ਹਿੰਦੂ-ਸਿੱਖ ਭਾਰਤੀ ਕਾਫ਼ਰ ਹਨ। ਇਹ ਉਹ ਵੇਲਾ ਸੀ ਜਦੋਂ ਕੰਧਾਰ ਤੇ ਹੋਰ ਇਲਾਕਿਆਂ ਤੋਂ ਹਿੰਦੂ-ਸਿੱਖ ਗਜ਼ਨੀ, ਜਲਾਲਾਬਾਦ ਤੇ ਕਾਬੁਲ ਵਿੱਚ ਆ ਕੇ ਵਸ ਗਏ ਸਨ।" ਇਨ੍ਹਾਂ ਵਿੱਚੋਂ ਕਈਆਂ ਨੇ ਮੁਲਕ ਨੂੰ ਛੱਡ ਵੀ ਦਿੱਤਾ ਸੀ।

ਕਾਬੁਲ ਵਿੱਚ ਭਾਰਤੀ ਦੂਤਵਾਸ ਦੇ ਹਵਾਲੇ ਨਾਲ ਇੰਦਰਜੀਤ ਸਿੰਘ ਲਿਖਦੇ ਹਨ ਕਿ 1992-94 ਵਿੱਚ ਕਰੀਬ 75 ਹਜ਼ਾਰ ਲੋਕਾਂ ਨੂੰ ਭਾਰਤੀ ਵੀਜ਼ੇ ਦਿੱਤੇ ਗਏ ਸਨ। ਜਦੋਂ ਘੱਟ-ਗਿਣਤੀ ਕੌਮਾਂ ਨੂੰ ਪੀਲੇ ਸਿਤਾਰੇ ਲਗਾਉਣ ਨੂੰ ਕਿਹਾ। ਸੈਂਟਰ ਫਾਰ ਅਪਲਾਈਡ ਸਾਊਥ ਏਸ਼ੀਅਨ ਸਟੱਡੀਜ਼ ਨਾਲ ਜੁੜੇ ਤੇ ਕਈ ਸਾਲ ਯੂਨੀਵਰਿਸਿਟੀ ਆਫ਼ ਮੈਨਚੈਸਟਰ ਵਿੱਚ ਪੜ੍ਹਾ ਚੁੱਕੇ ਮਾਨਵ ਵਿਗਿਆਨੀ ਰੋਜ਼ਰ ਬੈਲਾਰਡ ਨੇ 2011 ਵਿੱਚ ਇੱਕ ਰਿਸਰਚ ਪੇਪਰ 'ਦਿ ਹਿਸਟਰੀ ਐਂਡ ਕਰੰਟ ਕੰਡੀਸ਼ਨ ਆਫ਼ ਸਿਖਸ ਐਂਡ ਹਿੰਦੂਜ਼ ਇਨ ਅਫ਼ਗਾਨਿਸਤਾਨ' ਛਾਪਿਆ ਸੀ। ਰੋਜ਼ਰ ਬਲਾਰਡ ਲਿਖਦੇ ਹਨ, "1994 ਵਿੱਚ ਅਫ਼ਗਾਨਿਸਤਾਨ ਉੱਤੇ ਤਾਲਿਬਾਨ ਦਾ ਕਬਜ਼ਾ ਹੋਣ ਤੋਂ ਬਾਅਦ ਅਫ਼ਗਾਨ ਇਸਲਾਮ ਦੀ ਧਾਰਮਿਕ ਸਹਿਨਸ਼ੀਲਤਾ ਪੂਰੀ ਤਰ੍ਹਾਂ ਗਾਇਬ ਹੋ ਗਈ ਸੀ।" "ਇਸ ਵੇਲੇ ਤਾਲਿਬਾਨ ਨੇ ਅਫ਼ਗਾਨਿਸਤਾਨ ਵਿੱਚ ਹਿੰਦੂ-ਸਿੱਖਾਂ ਸਣੇ ਪੰਜ ਘੱਟ-ਗਿਣਤੀ ਕੌਮਾਂ ਨੂੰ ਕੱਪੜਿਆਂ ਉੱਤੇ ਪੀਲੇ ਸਟਾਰ ਲਗਾਉਣ ਲਈ ਕਿਹਾ ਗਿਆ ਸੀ।" 2002 ਵਿੱਚ ਅਮਰੀਕੀ ਤੇ ਨਾਟੋ ਫੌਜਾਂ ਨਾਲ ਸੰਘਰਸ਼ ਵਿੱਚ ਤਾਲਿਬਾਨ ਸੱਤਾ ਤੋਂ ਬਾਹਰ ਹੋਇਆ। ਉਸ ਵੇਲੇ ਸਿੱਖਾਂ-ਹਿੰਦੂਆਂ ਲਈ ਕੁਝ ਰਾਹਤ ਵਾਲੇ ਹਾਲਾਤ ਬਣੇ ਤੇ ਕੁਝ ਲੋਕ ਅਫ਼ਗਾਨਿਸਤਾਨ ਵਾਪਸ ਆਏ। ਰੋਜ਼ਰ ਬੈਲਾਰਡ ਅਨੁਸਾਰ 2004 ਤੱਕ ਸਿੱਖਾਂ ਤੇ ਹਿੰਦੂਆਂ ਦੀ ਅਬਾਦੀ 6000 ਦੇ ਆਲੇ ਦੁਆਲੇ ਤੱਕ ਪਹੁੰਚ ਗਈ।

ਭਾਵੇਂ ਤਾਲਿਬਾਨ ਸੱਤਾ ਤੋਂ ਬਾਹਰ ਸੀ ਪਰ ਸਿੱਖਾਂ ਉੱਤੇ ਅੱਤਵਾਦੀ ਹਮਲੇ ਹੁੰਦੇ ਰਹੇ ਸਨ। ਅਫ਼ਗਾਨ ਸੰਸਦ ਵਿੱਚ ਇੱਕੋ-ਇੱਕ ਸਿੱਖ ਮੈਂਬਰ ਅਵਤਾਰ ਸਿੰਘ ਖਾਲਸਾ ਦਾ ਜਲਾਲਾਬਾਦ ਵਿੱਚ ਸਾਲ 2018 ਵਿੱਚ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੇ ਪੁੱਤਰ ਨਰਿੰਦਰ ਸਿੰਘ ਦੀ ਸੰਸਦ ਮੈਂਬਰ ਵਜੋਂ ਚੋਣ ਹੋਈ ਸੀ। ਬੀਤੇ ਸਾਲ ਅਫਗਾਨਿਸਤਾਨ ਉੱਤੇ ਤਾਲਿਬਾਨ ਦੇ ਮੁੜ ਕਬਜ਼ੇ ਤੋਂ ਬਾਅਦ ਉਹ ਵੀ ਸ਼ਰਨਾਰਥੀਆਂ ਦੇ ਨਾਲ ਭਾਰਤ ਆ ਗਏ ਸਨ।

# ਅਧੂਰੀਆਂ ਮੰਗਾਂ ਮੰਨਵਾਉਣ ਲਈ ਫਿਰ ਸਰਗਰਮ ਹੋਇਆ ਸੰਯੁਕਤ ਕਿਸਾਨ ਮੋਰਚਾ

ਨਵੀਂ ਦਿੱਲੀ- ਸੰਯੁਕਤ ਕਿਸਾਨ ਮੋਰਚੇ ਦੀ ਰਹਿੰਦੀਆਂ ਕਿਸਾਨੀ ਮੰਗਾਂ ਮਨਵਾਉਣ ਤੇ ਅਗਲੀ ਰਣਨੀਤਕ ਲੜਾਈ ਦੀ ਦਿਸ਼ਾ ਤੈਅ ਕਰਨ ਲਈ ਜਥੇਬੰਦੀ ਦੀ ਕੌਮੀ ਬੈਠਕ ਗਾਜ਼ੀਆਬਾਦ (ਯੂਪੀ) ਦੇ ਮਹਿਰੌਲੀ ’ਚ ਹੋਈ ਜਿਸ ’ਚ ਕੇਂਦਰ ਸਰਕਾਰ ਵੱਲੋਂ ਐੱਮਐੱਸਪੀ ਬਾਰੇ ਕਮੇਟੀ ਨਾ ਬਣਾਉਣ ਸਮੇਤ ਲਖੀਮਪੁਰ ਖੀਰੀ ਦੇ ਜ਼ਖ਼ਮੀ ਕਿਸਾਨਾਂ ਨੂੰ ਮੁਆਵਜ਼ਾ ਨਾ ਦੇਣ ਤੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਨੂੰ ਮੰਤਰੀ ਮੰਡਲ ’ਚੋਂ ਬਰਖ਼ਾਸਤ ਕਰਨ ਸਮੇਤ ਹੋਰ ਕਿਸਾਨੀ ਮੰਗਾਂ ਪ੍ਰਤੀ ਕੇਂਦਰ ਸਰਕਾਰ ਦੀ ਘੇਸਲ ਵੱਟੀ ਰੱਖਣ ਦੇ ਵਿਰੋਧ ਵਿੱਚ 31 ਜੁਲਾਈ ਨੂੰ ਦੇਸ਼ ਭਰ ਵਿੱਚ ਸਵੇਰੇ 11 ਤੋਂ ਸ਼ਾਮ 3 ਵਜੇ ਤੱਕ ਚੱਕਾ ਜਾਮ ਕਰਕੇ ‘ਵਾਅਦਾਖ਼ਿਲਾਫ਼ੀ ਵਿਰੋਧੀ ਸਭਾਵਾਂ’ ਕੀਤੀਆਂ ਜਾਣਗੀਆਂ।

ਕੌਮੀ ਬੈਠਕ ਦੌਰਾਨ ਆਗੂਆਂ ਨੇ ਇਸ ਗੱਲ ’ਤੇ ਨਿਰਾਸ਼ਾ ਜ਼ਾਹਿਰ ਕੀਤੀ ਕਿ 9 ਦਸੰਬਰ 2021 ਨੂੰ ਮੋਰਚੇ ਦੀ ਸਮਾਪਤੀ ਮੌਕੇ ਕੀਤੇ ਗਏ ਵਾਅਦਿਆਂ ਤੋਂ ਮੋਦੀ ਸਰਕਾਰ ਮੁੱਕਰ ਗਈ ਹੈ।

ਨਾ ਤਾਂ ਐੱਮਐੱਸਪੀ ਦੀ ਕਮੇਟੀ ਬਾਰੇ ਫ਼ੈਸਲਾ ਕੀਤਾ ਗਿਆ ਤੇ ਨਾ ਹੀ ਕਿਸਾਨਾਂ ਖ਼ਿਲਾਫ਼ ਅੰਦੋਲਨ ਦੌਰਾਨ ਲਏ ਕੇਸ ਵਾਪਸ ਹੋਏ ਤੇ ਹੁਣ ਮੋਦੀ ਸਰਕਾਰ ਸੰਸਦ ’ਚ ਬਿਜਲੀ ਬਿੱਲ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਵੱਡੀ ਮੰਗ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ’ਤੇ ਸਰਕਾਰ ਵਿਚਾਰ ਕਰਨ ਲਈ ਤਿਆਰ ਨਹੀਂ।

ਕਿਸਾਨ ਆਗੂ ਕਿਰਨਦੀਪ ਸਿੰਘ ਨੇ ਕਿਹਾ ਕਿ ਕੌਮੀ ਬੈਠਕ ਵਿੱਚ ਫ਼ੈਸਲਾ ਕੀਤਾ ਗਿਆ ਕਿ 18 ਜੁਲਾਈ ਦੇ ਸੰਸਦ ਦੇ ਮੌਨਸੂਨ ਸੈਸ਼ਨ ਦੇ ਸ਼ੁਰੂ ਹੋਣ ਤੋਂ ਲੈ ਕੇ ਸ਼ਹੀਦ ਊਧਮ ਸਿੰਘ ਦੇ ਸ਼ਹਾਦਤ ਦਿਵਸ 31 ਜੁਲਾਈ ਤੱਕ ਦੇਸ਼ ਭਰ ਵਿੱਚ ਜ਼ਿਲ੍ਹਾ ਪੱਧਰੀ ਸਭਾਵਾਂ ਕੀਤੀਆਂ ਜਾਣਗੀਆਂ। 31 ਜੁਲਾਈ ਨੂੰ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਚੱਕਾ ਜਾਮ ਕੀਤਾ ਜਾਵੇਗਾ ਪਰ ਲੋਕਾਂ ਨੂੰ ਪ੍ਰੇਸ਼ਾਨੀ ਨਾ ਹੋਵੇ ਇਸ ਦਾ ਖ਼ਿਆਲ ਰੱਖਿਆ ਜਾਵੇਗਾ।

*****

# ਹੁਣ ਪੈਂਚਰ ਨਹੀਂ ਹੋਣਗੇ ਗੱਡੀਆਂ ਦੇ ਟਾਇਰ



ਸਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਦੇ ਵਾਹਨ ਦਾ ਕਦੇ ਨਾ ਕਦੇ ਤਾਂ ਟਾਇਰ ਪੈਂਚਰ ਹੋਇਆ ਹੈ। ਸੜਕ ਵਿੱਚ ਅੱਧ ਰਸਤੇ ਜਦੋਂ ਤੁਸੀਂ ਕਿਤੇ ਜਾ ਰਹੇ ਹੋ ਤਾਂ ਟਾਇਰ ਪੈਂਚਰ ਹੋਣਾ ਸਾਰੇ ਸਫ਼ਰ ਦਾ ਸੁਆਦ ਫਿੱਕਾ ਕਰ ਸਕਦਾ ਹੈ। ਹਾਲਾਂਕਿ ਹੁਣ ਸ਼ਾਇਦ ਟਾਇਰ ਪੈਂਚਰ ਹੋਣ ਦੇ ਦਿਨ ਜਲਦੀ ਹੀ ਪੁਰਾਣੀ ਗੱਲ ਹੋ ਜਾਣਗੇ। ਅਮਰੀਕੀ ਟਾਈਰ ਨਿਰਮਾਤਾ ਕੰਪਨੀ ਗੁਡੀਅਰ ਨੇ ਬਿਨਾਂ ਹਵਾ ਤੋਂ ਚੱਲਣ ਵਾਲੇ ਟਾਇਰ ਵਿਕਸਿਤ ਕੀਤੇ ਹਨ। ਇਨ੍ਹਾਂ ਟਾਇਰਾਂ ਦੀ ਪਰਖ ਲਗਜ਼ਮਬਰਗ ਵਿੱਚ ਟੈਸਲਾ ਮੌਡਲ 3 ਦੀਆਂ ਕਾਰਾਂ ਉੱਪਰ ਕੀਤੀ ਜਾ ਰਹੀ ਹੈ। ਇੱਥੇ ਹਰ ਤਰ੍ਹਾਂ ਦੀਆਂ ਡਰਾਇਵਿੰਗ ਅਤੇ ਸੜਕੀ ਹਾਲਾਤ ਵਿੱਚ ਇਨ੍ਹਾਂ ਟਾਇਰਾਂ ਨੂੰ ਪਰਖਿਆ ਜਾ ਰਿਹਾ ਹੈ। ਇਹ ਟਾਇਰ ਗਜਾਂ (ਸਪੋਕਸ) ਵਾਲੇ ਟਾਇਰਾਂ ਦੇ ਤਰੀਕੇ ਨਾਲ ਹੀ ਕੰਮ ਕਰਦੇ ਹਨ। ਬੱਸ ਇਨ੍ਹਾਂ ਵਿੱਚ ਇਹ ਗਜ ਨੁਮਾਂ ਬਣਤਰਾਂ ਪਲਾਸਟਿਕ ਦੀਆਂ ਹੀ ਹਨ। ਜੋ ਸਪਰਿੰਗਾਂ ਵਾਂਗ ਸੜਕ, ਕਾਰ ਦੀ ਗਤੀ ਆਦਿ ਦੇ ਹਿਸਾਬ ਨਾਲ ਫੈਲਦੀਆਂ ਸੁੰਗੜਦੀਆਂ ਹਨ। ਇਨ੍ਹਾਂ ਟਾਇਰਾਂ ਨੂੰ ਨੌਨ-ਨਿਊਮੈਟਿਸਕ ਟਾਇਰ ਜਾਂ ਐਨਪੀਟੀ ਕਿਹਾ ਜਾ ਰਿਹਾ ਹੈ। ਮਾਈਕਲ ਰਚਿਤਾ, ਗੁਡੀਅਰ ਕੰਪਨੀ ਦੇ ਸੀਨੀਅਰ ਪ੍ਰੋਗਰਾਮ ਮੈਨੇਜਰ ਹਨ। ਉਹ ਕਹਿੰਦੇ ਹਨ, "ਕੋਈ ਅਵਾਜ਼ ਨਹੀਂ ਹੋਵੇਗੀ, ਕੁਝ ਕੰਪਨ ਹੋਵੇਗੀ। ਅਸੀਂ ਅਜੇ ਸਿੱਖ ਰਹੇ ਹਾਂ ਕਿ ਸਫ਼ਰ ਨੂੰ ਅਸਾਨ ਕਿਵੇਂ ਬਣਾਇਆ ਜਾਵੇ ਪਰ ਸਾਨੂੰ ਲਗਦਾ ਹੈ ਕਿ ਕਾਰ-ਗੁਜ਼ਾਰੀ ਤੋਂ ਤੁਸੀਂ ਹੈਰਾਨ ਰਹਿ ਜਾਓਗੇ।' ਬਿਜਲੀ ਨਾਲ ਚੱਲਣ ਵਾਲੀਆਂ ਕਾਰਾਂ ਨੇ ਟਾਇਰਾਂ ਪ੍ਰਤੀ ਸਾਡੀ ਲੋੜ ਨੂੰ ਬਦਲ ਦਿੱਤਾ ਹੈ। ਡਿਲਿਵਰੀ ਅਤੇ ਸ਼ਟਲ ਕੰਪਨੀਆਂ ਅਜਿਹੇ ਟਾਇਰਾਂ ਦੀ ਮੰਗ ਕਰ ਰਹੀਆਂ ਹਨ ਜਿਨ੍ਹਾਂ ਦੀ ਘੱਟ ਤੋਂ ਘੱਟ ਦੇਖਰੇਖ ਕਰਨੀ ਪਵੇ, ਪੈਂਚਰ ਨਾ ਹੋਵੇ, ਰੀਸਾਈਕਲ ਕੀਤੇ ਜਾ ਸਕਣ।



ਆਪਣੇ ਆਪ ਚੱਲਣ ਵਾਲੇ ਵਾਹਨਾਂ ਦੇ ਸਦਕਾ ਇਹ ਮੰਗ ਵੀ ਉੱਠ ਰਹੀ ਹੈ ਕਿ ਟਾਇਰਾਂ ਵਿੱਚ ਅਜਿਹੇ ਸੈਂਸਰ ਲੱਗੇ ਹੋਣ ਕਿ ਉਹ ਚੱਲਣ ਤੋਂ ਪਹਿਲਾਂ ਸੜਕ ਦਾ ਜਾਇਜ਼ਾ ਲੈ ਸਕਣ। ਇਸ ਤੋਂ ਇਲਾਵਾ ਸ਼ਹਿਰੀ ਇਲਾਕਿਆਂ ਵਿੱਚ ਲੋਕ ਕਾਰ ਖਰੀਦਣ ਦੀ ਥਾਂ 'ਤੇ ਕਾਰ ਸਾਂਝੀ ਕਰਨ ਵਿੱਚ ਜ਼ਿਆਦਾ ਦਿਲਚਸਪੀ ਦਿਖਾ ਰਹੇ ਹਨ। ਇਸ ਸੂਰਤ ਵਿੱਚ ਇੱਕ ਪੈਂਚਰ ਟਾਇਰ ਵਾਲੀ ਕਾਰ ਕੋਈ ਕਮਾਈ ਨਹੀਂ ਕਰ ਸਕਦੀ।

**ਇਨ੍ਹਾਂ ਟਾਇਰਾਂ ਦੀ ਪਰਖ ਦੌਰਾਨ ਕਿਵੇਂ ਦੀ ਕਾਰਗੁਜ਼ਾਰੀ ਹੈ**

ਰਚਿਤਾ ਕਹਿੰਦੇ ਹਨ ਕਿ ਹਾਲਾਂਕਿ ਹਵਾ ਵਾਲੇ ਟਾਇਰ ਤਾਂ ਰਹਿਣਗੇ ਪਰ ਮਿਲੇਜੁਲੇ ਹੱਲ ਦੀ ਵੀ ਲੋੜ ਹੈ। ਖਾਸ ਕਰਕੇ ਜਦੋਂ ਦੁਨੀਆਂ ਸਵੈਚਾਲਿਤ ਗੱਡੀਆਂ ਦੇ ਦੌਰ ਵਿੱਚ ਦਾਖਲ ਹੋ ਰਹੀ ਹੈ ਤਾਂ ਅਜਿਹੇ ਟਾਇਰ ਜਿੰਨ੍ਹਾਂ ਦੀ ਦੇਖਰੇਖ ਨਾ ਕਰਨੀ ਪਵੇ ਉਨ੍ਹਾਂ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ।" ਗੁਡੀਅਰ ਕੰਪਨੀ ਦੀ ਪ੍ਰਯੋਗਸ਼ਾਲਾ ਵਿੱਚ ਇਨ੍ਹਾਂ ਟਾਇਰਾਂ ਨੂੰ 24 ਘੰਟੇ ਲਗਾਤਾਰ ਵੱਖ-ਵੱਖ ਸੜਕੀ ਹਾਲਤਾਂ ਅਤੇ ਗਤੀ ਹੇਠ ਪਰਖਿਆ ਜਾਂਦਾ ਹੈ। ਇਸ ਦਾ ਮਤਲਬ ਹੈ ਟਾਇਰ ਕਈ ਹਜ਼ਾਰ ਮੀਲ ਲਗਾਤਾਰ ਦੀ ਚਲਾਈ ਬਰਦਾਸ਼ਤ ਕਰਦੇ ਹਨ। ਇਸ ਦੌਰਾਨ ਕਈ ਸਪੋਕਸ (ਗਜ਼ ਵਰਗੀਆਂ ਬਣਤਰਾਂ) ਦਾ ਰੂਪ ਖਰਾਬ ਹੋ ਜਾਂਦਾ ਹੈ, ਕੁਝ ਟੁੱਟ ਜਾਂਦੇ ਹਨ ਪਰ ਢਾਂਚਾ ਕੰਮ ਕਰਨਾ ਜਾਰੀ ਰੱਖਦਾ ਹੈ। ਰਚਿਤਾ ਦਾ ਕਹਿਣਾ ਹੈ ਕਿ ਇਹ ਪ੍ਰਕਿਰਿਆ ਟੈਸਟ ਕਰਨਾ 'ਤੇ ਸਿੱਖਣਾ ਅਤੇ ਫਿਰ ਟੈਸਟ ਕਰਨਾ ਅਤੇ ਸਿੱਖਣ ਵਾਲੀ ਹੈ। ਹਾਲਾਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਉਹ ਅਜਿਹੇ ਪੜਾਅ 'ਤੇ ਪਹੁੰਚ ਚੁੱਕੇ ਹਨ ਜੋ ਉਨ੍ਹਾਂ ਵਿੱਚ ਵਿਸ਼ਵਾਸ ਜਗਾਉਂਦੀ ਹੈ।

ਗੁਡੀਅਰ ਦੀ ਸ਼ਰੀਕ ਕੰਪਨੀ ਮਿਸ਼ਲਿਨ ਅਜਿਹੇ ਹੀ ਟਾਇਰਾਂ ਉੱਪਰ ਜਨਰਲ ਮੋਟਰ ਨਾਲ ਮਿਲ ਕੇ ਕੰਮ ਕਰ ਰਹੀ ਹੈ। ਕੰਪਨੀ ਇਹ ਕੰਮ 2019 ਤੋਂ ਕਰ ਰਹੀ ਹੈ। ਫਰਵਰੀ ਵਿੱਚ ਖ਼ਬਰਾਂ ਸਨ ਕਿ ਮਿਸ਼ਲਿਨ ਦੇ ਪੈਂਚਰ ਪਰੂਫ਼ ਟਾਇਰ ਸ਼ਾਇਦ ਸ਼ੈਵਰੌਲਿਟ ਦੀ ਇਲਕੈਟਰਿਕ ਬੋਲਟ ਤੋਂ ਬਜ਼ਾਰ ਵਿੱਚ ਆ ਸਕਦੇ ਹਨ। ਜਨਰਲ ਮੋਟਰ ਇਸ ਕਾਰ ਦੀ ਯੋਜਨਾ 2024 ਲਈ ਬਣਾ ਰਹੀ ਹੈ। ਮਿਸ਼ਲਿਨ ਦੇ ਟਾਇਰਾਂ ਵਿੱਚ ਉੱਚ-ਸ਼ਕਤੀ ਰੈਜ਼ਿਨ ਦੇ ਬਣੇ ਹਨ ਜਿਨ੍ਹਾਂ ਵਿੱਚ ਫਾਈਬਰਗਲਾਸ ਅਤੇ ਕੰਪੋਜ਼ਿਟ ਰਬਰ ਵੀ ਹੈ। (ਇਸ ਲਈ ਮਿਸ਼ਲਿਨ ਕੰਪਨੀ ਨੇ 50 ਪੇਟੈਂਟ ਅਪਲਾਈ ਕੀਤੇ ਹਨ।) ਇਹ ਮਟੀਰੀਅਨ ਦੀ ਬਣਤਰ ਨੂੰ ਅਲੂਮੀਨੀਅਮ ਦੇ ਪਹੀਏ ਦੁਆਲੇ ਲਗਾਇਆ ਜਾਵੇਗਾ।

**ਮਿਸ਼ਲਿਨ ਲੰਬੀ ਖੋਜ ਕਰਨ ਦੇ ਰਾਹ ਉੱਪਰ**

ਮਿਸ਼ਲਿਨ ਹਵਾ-ਰਹਿਤ ਟਾਇਰਾਂ ਵਿੱਚ ਮੋਹਰੀ ਰਹੀ ਹੈ। ਕੰਪਨੀ ਦੇ ਅਜਿਹੇ ਟਾਇਰ ਸਾਲ 2005 ਤੋਂ ਧੀਮੀ ਗਤੀ ਵਾਲੇ ਵਾਹਨਾਂ ਵਿੱਚ ਵਰਤੇ ਜਾ ਰਹੇ ਹਨ। ਹਾਲਾਂਕਿ ਇਸ ਤਕਨੀਕ ਨੂੰ ਸੜਕੀ ਹਾਲਾਤ ਮੁਤਾਬਕ ਢਾਲਣਾ ਇੱਕ ਵੱਡੀ ਚੁਣੌਤੀ ਸੀ। ਕੰਪਨੀ ਦੇ ਅਧਿਕਾਰੀ ਰੌਜਿਟ ਕਹਿੰਦੇ ਹਨ ਕਿ ਹਾਲਾਂਕਿ ਟਾਇਰ ਬਣਾਉਣ ਦਾ 130 ਸਾਲ ਦਾ ਅਨੁਭਵ ਹੈ ਪਰ ਫਿਰ ਵੀ ਹਵਾ ਰਹਿਤ ਤਕਨੌਲੋਜੀ ਅਜੇ ਬਹੁਤ ਨਵੀਨ ਹੈ। ਮਿਸ਼ਲਿਨ ਨੇ ਆਪਣੇ ਟਾਇਰਾਂ ਨੂੰ ਯੂਨੀਕ ਪੰਕਚਰ ਪਰੂਫ਼ ਟਾਇਰ ਸਿਸਟਮ (ਯੂਪਿਟਸ) ਨਾਮ ਦਿੱਤਾ ਹੈ।

ਕੰਪਨੀ ਕੋਲ ਇਸ ਲਈ ਆਉਣ ਵਾਲੇ ਕਈ ਸਾਲਾਂ ਦੀ ਵਿਉਂਤਬੰਦੀ ਹੈ। ਕੰਪਨੀ ਅਜਿਹਾ ਟਾਇਰ ਬਣਾਉਣਾ ਚਾਹੁੰਦੀ ਹੈ ਜੋ ਹਵਾ ਰਹਿਤ ਹੋਵੇ, ਕਨੈਕਟਡ ਹੋਵੇ, 3ਡੀ ਪ੍ਰਿੰਟਿੰਗ ਨਾਲ ਬਣਾਇਆ ਜਾ ਸਕੇ ਅਤੇ ਅਜਿਹੇ ਮਟੀਰੀਅਲ ਦਾ ਬਣਿਆ ਹੋਵੇ ਜੋ ਮੁੜ ਤੋਂ ਵਰਤਿਆ ਜਾ ਸਕੇ। ਮਿਸ਼ਲਿਨ ਦਾ ਦਾਅਵਾ ਹੈ ਕਿ ਇਨ੍ਹਾਂ ਟਾਇਰਾਂ ਨੂੰ ਸਿਫ਼ਰ ਰੱਖਰਖਾਅ ਦੀ ਲੋੜ ਹੋਵੇਗੀ। ਇਨ੍ਹਾਂ ਟਾਇਰਾਂ ਦੀ ਇਹ ਵੀ ਸਮੱਸਿਆ ਹੈ ਕਿ ਇਹ ਚਲਦੇ ਸਮੇਂ ਸੜਕ ਨਾ ਚਿਪਕ ਕੇ ਚੱਲਦੇ ਹਨ ਜਿਸ ਨਾਲ ਜ਼ਿਆਦਾ ਘਸਦੇ ਹਨ। ਇਸ ਨਾਲ ਊਰਜਾ ਦੀ ਖਪਤ ਵਧਦੀ ਹੈ ਅਤੇ ਇੰਜਣ ਉੱਤੇ ਦਬਾਅ ਪੈਂਦਾ ਹੈ। ਇਸ ਦੇ ਨਾਲ ਹੀ ਤੁਹਾਨੂੰ ਸੜਕ ਉੱਪਰ ਚੱਲ ਰਹੇ ਟਾਇਰਾਂ ਦੀ ਅਵਾਜ਼ ਵੀ ਸੁਣਾਈ ਦਿੰਦੀ ਹੈ।

**ਹਵਾ ਵਾਲੇ ਟਾਇਰਾਂ ਨਾਲੋਂ ਅਨੁਭਵ ਕਿੰਨਾ ਵੱਖਰਾ ਹੋਵੇਗਾ**

ਟਾਇਰ ਟੈਕਨੌਲੋਜੀ ਇੰਟਰਨੈਸ਼ਨਲ ਦੇ ਮੈਟ ਰੌਸ ਮੁਤਾਬਕ ਜਦੋਂ ਬਿਜਲੀ ਨਾਲ ਚੱਲਣ ਵਾਲੀਆਂ ਕਾਰਾਂ ਵਿੱਚ ਇੰਜਣ ਦੀ ਅਵਾਜ਼ ਲਗਭਗ ਖ਼ਤਮ ਹੋ ਰਹੀ ਹੈ ਤਾਂ ਟਾਇਰਾਂ ਸ਼ੋਰ ਦਾ ਇੱਕ ਵੱਡਾ ਸਰੋਤ ਬਣ ਸਕਦੇ ਹਨ। ਇਸ ਤੋਂ ਇਲਵਾ ਇਹ ਟਾਇਰ ਝਟਕਿਆਂ ਨੂੰ ਸੋਖਦੇ ਨਹੀਂ ਹਨ ਸਗੋਂ ਇਨ੍ਹਾਂ ਨੂੰ ਕਾਰ ਦੇ ਅੰਦਰ ਤੱਕ ਪਹੁੰਚਾ ਦਿੰਦੇ ਹਨ। ਜਿਨ੍ਹਾਂ ਲੋਕਾਂ ਨੂੰ ਹਵਾ ਵਾਲੇ ਟਾਇਰਾਂ ਸਦਕਾ ਮੱਖਣ ਵਰਗੇ ਸਫ਼ਰ ਦੀ ਆਦਤ ਪਈ ਹੈ ਉਨ੍ਹਾਂ ਨੂੰ ਇਨ੍ਹਾਂ ਦੇ ਆਦੀ ਹੋਣ ਵਿੱਚ ਸਮਾਂ ਲੱਗ ਸਕਦਾ ਹੈ। ਗਾਹਕਾਂ ਤੋਂ ਵੀ ਪਹਿਲਾਂ ਕੰਪਨੀਆਂ ਲਈ ਫਿਕਰ ਦੀ ਗੱਲ ਰੈਗੂਲੇਟਰ ਹਨ। ਸਰਕਾਰਾਂ ਮੰਗ ਕਰਨਗੀਆਂ ਕਿ ਇਹ ਟਾਇਰ ਸਖਤ ਸੁਰੱਖਿਆ ਕੌਸਟੀਆਂ ਉੱਪਰ ਖਰੇ ਉਤਰਨ। ਕੰਪਨੀਆਂ ਨੂੰ ਇਸ ਖੋਜ ਵਿੱਚ ਬਹੁਤ ਪੈਸਾ ਲਗਾਉਣਾ ਪਵੇਗਾ ਅਤੇ ਸਪਲਾਈ ਚੇਨ ਵਿਕਸਿਤ ਕਰਨ ਵਿੱਚ ਕਈ ਸਾਲ ਦਾ ਸਮਾਂ ਲੱਗੇਗਾ। ਟਾਇਰ ਨਿਰਮਾਤਾ ਕੰਪਨੀਆਂ ਨੂੰ ਲਗਦਾ ਹੈ ਕਿ ਪੈਂਚਰ ਪਰੂਫ਼ ਟਾਇਰਾਂ ਦੀ ਮਿਲਟਰੀ, ਆਪਦਾ ਰਿਸਪਾਂਸ, ਸੁਰੱਖਿਆ ਵਾਹਨਾਂ ਵਰਗੇ ਖੇਤਰਾਂ ਦੀ ਵਿਸ਼ੇਸ਼ ਦਿਲਚਸਪੀ ਹੋ ਸਕਦੀ ਹੈ।

ਦੱਖਣੀ ਕੋਰੀਆ ਦੀ ਕੰਪਨੀ ਆਈ-ਫਲੈਕਸ ਨੇ ਪੈਂਚਰ ਪਰੂਫ਼ ਟਾਇਰਾਂ ਦਾ ਇੱਕ ਤਾਜ਼ਾ ਸੰਸਕਰਣ ਇਸੇ ਸਾਲ ਜਨਵਰੀ ਵਿੱਚ ਬਜ਼ਾਰ ਵਿੱਚ ਉਤਾਰਿਆ। ਇਹ ਰਵਾਇਤੀ ਟਾਇਰਾਂ ਨਾਲੋਂ ਛੋਟਾ ਅਤੇ ਬਣਤਰ ਵਿੱਚ ਮਧੂ ਮੱਖੀਆਂ ਦੇ ਛੱਤੇ ਵਰਗਾ ਸੀ। ਦੁਨੀਆਂ ਦੀ ਮੋਹਰੀ ਟਾਇਰ ਨਿਰਮਾਤਾ ਕੰਪਨੀ ਬਰਿਜਸਟੋਨ ਦੀ ਦਿਲਚਸਪੀ ਇਨ੍ਹਾਂ ਟਾਇਰਾਂ ਦੀ ਸਨਅਤੀ ਮੰਗ ਵੱਲ ਹੈ ਜਿਵੇਂ ਖੇਤੀਬਾੜੀ, ਖਣਨ, ਅਚਤੇ ਉਸਾਰੀ ਜਿੱਥੇ ਟਾਇਰ ਦੇ ਪੈਂਚਰ ਹੋਣ ਕਾਰਨ ਉਤਾਪਾਦਕਤਾ ਵਿੱਚ ਭਾਰੀ ਰੁਕਾਵਟ ਪੈਂਦੀ ਹੈ।

ਹਾਲਾਂਕਿ ਸ਼ੁਰੂ ਵਿੱਚ ਇਹ ਹਵਾ ਰਹਿਤ ਟਾਇਰ ਮਹਿੰਗੇ ਹੋਣਗੇ ਪਰ ਇਸ ਖੇਤਰ ਵਿੱਚ 3ਡੀ ਪ੍ਰਿੰਟਿਗ ਵਰਗੀ ਤਕਨੀ ਦੀ ਵਰਤੋਂ ਕ੍ਰਾਂਤੀਕਾਰੀ ਸਾਬਤ ਹੋ ਸਕਦੀ ਹੈ। ਇਸ ਸਭ ਦੇ ਮੁਕਾਬਲ ਕੌਂਟੀਨੈਂਟਲ ਟਾਇਰ ਕੰਪਨੀ ਅਜਿਹੇ ਟਾਇਰ ਬਣਾ ਰਹੀ ਹੈ ਜਿਨ੍ਹਾਂ ਵਿੱਚ ਆਪਣੇ-ਆਪ ਹਵਾ ਭਰੀ ਜਾਵੇ। ਕੰਪਨੀ ਟਾਇਰਾਂ ਵਿੱਚ ਅਜਿਹੇ ਸੈਂਸਰ ਲਗਾ ਰਹੀ ਹੈ ਜੋ ਟਾਇਰ ਵਿੱਚ ਹਵਾ ਦਾ ਬਿਹਤਰੀਨ ਦਬਾਅ ਬਣਾ ਕੇ ਰੱਖਣਗੇ।

ਕੌਂਟੀਨੈਂਟਲ ਟਾਇਰ ਕੰਪਨੀ ਵੀ ਹਾਲਾਂਕਿ ਹੋਰ ਕੰਪਨੀਆਂ ਵਾਂਗ ਅਜਿਹੇ ਟਾਇਰ ਬਣਾਉਣ ਵੱਲ ਵਧ ਰਹੀ ਹੈ ਜੋ ਵਾਤਾਵਰਣ ਪ੍ਰਤੀ ਮਿੱਤਰਤਾਪੂਰਨ ਹੋਣ। ਕੰਪਨੀ ਇਨ੍ਹਾਂ ਵਿੱਚ ਵਰਤੀਆਂ ਗਈਆਂ ਪਲਾਸਟਿਕ ਬੋਤਲਾਂ ਵਰਤਣ ਦੀ ਵਿਉਂਤ ਬਣਾ ਰਹੀ ਹੈ।

ਕੌਂਟੀਨੈਂਟਲ ਅਤੇ ਗੁਡੀਅਰ ਕੰਪਨੀਆਂ ਡੈਂਡਲੀਨ ਨਾਮ ਦੇ ਫੁੱਲ ਉੱਪਰ ਖੋਜ ਕਰ ਰਹੀਆਂ ਹਨ ਤਾਂ ਜੋਂ ਇਨ੍ਹਾਂ ਵਿੱਚੋਂ ਪਲਾਸਟਿਕ ਵਰਗਾ ਮਾਦਾ ਹਾਸਲ ਕੀਤਾ ਜਾ ਸਕੇ। ਹਾਲਾਂਕਿ ਰਵਾਇਤੀ ਸਮੱਗਰੀ ਦੇ ਮੁਕਾਬਲੇ ਹੰਢਣਸਾਰ ਸਮੱਗਰੀ ਸੀਮਤ ਮਾਤਰਾ ਵਿੱਚ ਉਪਲਬਧ ਹੈ।

# ਦਿੱਲੀ ਹਵਾਈ ਅੱਡੇ ਤੋਂ ਪੰਜਾਬ ਵਾਸਤੇ ਸਰਕਾਰੀ ਬੱਸ ਸੇਵਾ ਦੀ ਸ਼ੁਰੂਆਤ !

ਸਰਕਾਰ ਦੇਸ਼ ਦੀ ਹੋਵੇ ਜਾਂ ਫਿਰ ਰਾਜ ਦੀ, ਉਹਨਾਂ ਦਾ ਮਕਸਦ ਇਕ ਹੀ ਹੁੰਦਾ ਹੈ ਕਿ ਲੋਕਾਂ ਦੀਆ ਭਾਵਨਾਵਾਂ ਨੂੰ ਸਮਝਣਾ, ਉਹਨਾਂ ਦੀ ਕਦਰ ਕਰਨੀ ਤੇ ਲੋਕ ਹਿੱਤਾਂ ਵਾਸਤੇ ਕਾਰਜ ਕਰਨਾ। ਲੋਕਾਂ ਦੀਆ ਸਮੱਸਿਆਵਾ ਸੁਣਨੀਆਂ ਤੇ ਉਹਨਾਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕਰਨਾ । ਸਾਫ ਸੁਥਰਾ ਸ਼ਾਸ਼ਨ ਪਰਬੰਧ ਮੁਹੱਈਆ ਕਰਨਾ ਤੇ ਲੋਕਾਂ ਦਾ ਜੀਵਨ ਸੁਖਾਲਾ ਤੇ ਖੁਸ਼ ਕਰਕੇ ਜੀਉਣਯੋਗ ਬਣਾਉਣਾ।

ਪੰਜਾਬ ਚ ਆਮ ਆਦਮੀ ਪਾਰਟੀ ਦੀ ਸੱਤਾਧਾਰੀ ਸਰਕਾਰ ਨੇ ਇਸ ਸਾਲ ਦੇ ਸ਼ੁਰੂ ਚ ਲੋਕਾਂ ਨਾਲ ਕੁਜ ਕੁ ਵਾਅਦੇ ਕਰਕੇ ਭਾਰੀ ਬਹੁਮੱਤ ਦੇ ਫ਼ਤਵੇ ਨਾਲ ਸੱਤਾ ਸੰਭਾਲੀ । ਉਹਨਾ ਵਾਅਦਿਆ 'ਚੋਂ ਇਕ ਵਾਅਦਾ ਵਿਦੇਸ਼ਾਂ ਚ ਵਸੇ ਪੰਜਾਬੀਆ ਨੂੰ ਦਿੱਲੀ ਹਵਾਈ ਅੱਡੇ ਤੋਂ ਬੱਸ ਦੀ ਸਹੂਲਤ ਪਰਦਾਨ ਕਰਨ ਦਾ ਵੀ ਕੀਤਾ ਗਿਆ ਸੀ ।ਪੰਜਾਬ ਸਰਕਾਰ ਨੇ ਆਪਣਾ ਇਹ ਉਕਤ ਵਾਅਦਾ ਕੱਲ੍ਹ ਪੂਰਾ ਕਰ ਦਿੱਤਾ ਹੈ ਜੋ ਕਿ ਬਹੁਤ ਹੀ ਖੁਸ਼ੀ ਤੇ ਤਸੱਲੀ ਵਾਲੀ ਵਾਲੀ ਗੱਲ ਹੈ।


ਉਂਜ ਤਾਂ ਵਿਦੇਸ਼ਾ ਚ ਵਸੇ ਭਾਰਤੀਆ ਖ਼ਾਸ ਕਰ ਪੰਜਾਬੀਆ ਨੂੰ ਉਕਤ ਸਮੱਸਿਆ ਤੋ ਇਲਾਵਾ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਰਪੇਸ਼ ਹਨ, ਜਿਵੇਂ ਹਵਾਈ ਅੱਡਿਆ 'ਤੇ ਜਾਣ ਆਉਣ ਸਮੇਂ ਖੱਜਲ ਖ਼ਰਾਬੀ, ਜਹਾਜ਼ਾਂ ਦੇ ਮਹਿੰਗੇ ਭਾੜੇ, ਪੰਜਾਬ ਵਿਚਲੇ ਹਵਾਈ ਅੱਡਿਆ ਨੂੰ ਵੱਖ ਵੱਖ ਮੁਲਕਾਂ ਤੋ ਸਿੱਧੀ ਹਵਾਈ ਸੇਵਾ ਦੀ ਘਾਟ ਅਤੇ ਜ਼ਮੀਨ ਜਾਇਦਾਦਾਂ ਸੰਬੰਧੀ ਮਸਲੇ ਆਦਿ ਪਰ ਦਿੱਲੀ ਹਵਾਈ ਅੱਡੇ ਤੋਂ ਸਸਤੇ ਭਾਅ ਆਹਲਾ ਦਰਜੇ ਦੀ ਸਿੱਧੀ ਹਵਾਈ ਸੇਵਾ ਦੀ ਸ਼ੁਰੂ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਦੇਸ਼ੀ ਵਸੇ ਪੰਜਾਬੀਆ ਨਾਲ ਕੀਤਾ ਵਾਅਦਾ ਪੂਰਾ ਕਰਕੇ ਜਿਥੇ ਉਹਨਾਂ ਦਾ ਮਨ ਜਿੱਤ ਲਿਆ ਹੈ, ਉੱਥੇ ਇਸ ਦੇ ਨਾਲ ਹੀ ਸਰਕਾਰ ਦੀ ਨੀਤੀ ਤੇ ਨੀਅਤ ਦੇ ਸੁਮੇਲ ਅਤੇ ਦਿਰੜ ਨਿਸ਼ਚੇ ਦਾ ਵੀ ਪ੍ਰਗਟਾਵਾ ਕਰ ਦਿੱਤਾ ਹੈ, ਨਹੀਂ ਤਾਂ ਅੱਜ ਤੱਕ ਦੀਆ ਪੰਜਾਬ ਚ ਬਣੀਆ ਵੱਖ ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਵੋਟਾਂ ਤੋ ਪਹਿਲਾ ਵਾਅਦੇ ਦਾਅਵੇ ਤਾਂ ਵੱਡੇ ਵੱਡੇ ਕੀਤੇ ਪਰ ਕੁਰਸੀ ਹਥਿਆ ਲੈਣ ਤੋਂ ਬਾਅਦ ਉਹ ਵਾਅਦੇ ਪੂਰੇ ਤਾਂ ਕੀ ਕਰਨੇ ਸਨ ਬਲਕਿ ਸਰਕਾਰੀ ਏਜੰਡੇ ਤੋਂ ਹਮੇਸ਼ਾ ਓਝਲ ਹੀ ਰੱਖੇ ਦੂਜੇ ਸ਼ਬਦਾਂ ਚ ਕਹਿਣੀ ਤੇ ਕਰਨੀ ਦੇ ਸੁਮੇਲ ਨੂੰ ਅਮਲੀ ਜਾਮਾ ਪਹਿਨਾਉਣ ਦੀ ਬਜਾਏ ਸਿਰਫ ਸਬਜਬਾਗ ਦਿਖਾ ਕੇ ਸੱਤਾ ਤਾਂ ਹਥਿਆ ਲਈ ਪਰ ਬਾਅਦ ਵਿੱਚ ਵਾਅਦਿਆ ਵਾਲਾ




ਮੈਨੂਫੈਸਟੋ ਕੂੜੇਦਾਨ 'ਚ ਸੁੱਟ ਦਿੱਤਾ।

ਦੱਸਿਆ ਜਾਂਦਾ ਹੈ ਕਿ ਇਸ ਬੱਸ ਸੇਵਾ ਨੂੰ ਯਕੀਨੀ ਤੇ ਨਿਯਮਤ ਬਣਾਉਣ ਵਾਸਤੇ ਪੰਜਾਬ ਸਰਕਾਰ ਨੇ ਪੰਜਾਹ ਦੇ ਕੁਰੀਬ ਨਵੀਆਂ ਵੂਲਵੋ ਬੱਸਾਂ ਦਾ ਫ਼ਲੀਟ ਪਾਇਆ ਹੈ । ਰਸਤੇ ਚ ਆਉਂਦੀ ਹਰ ਸਮੱਸਿਆ ਨਾਲ ਨਜੱਠਣ ਵਾਸਤੇ ਇੰਤਜ਼ਾਮ ਕੀਤਾ ਗਿਆ ਹੈ। ਸਵਾਰੀਆਂ ਦੀ ਸਹੂਲਤ ਦਾ ਹਰ ਪੱਖੋਂ ਖਿਆਲ ਰੱਖਣ ਦਾ ਭਰੋਸਾ ਦਿੱਤਾ ਗਿਆ ਹੈ, ਜਿਸ ਕਰਕੇ ਪੂਰੀ ਆਸ ਹੈ ਕਿ ਦਿੱਲੀ ਗਵਾਈ ਅੱਡੇ ਤੱਕ ਆਉਣ ਜਾਣ ਵਾਸਤੇ ਹੁਣ ਵਾਜਬ ਕਿਰਾਏ ਤੇ ਬਹੁਤ ਹੀ ਅਰਾਮਦਾਇਕ ਸਰਕਾਰੀ ਬੱਸ ਸੇਵਾ ਦੀ ਸਹੂਲਤ ਮਿਲ ਸਕੇਗੀ ਜੋ ਕਿ ਬਹੁਤ ਚੰਗੀ ਗੱਲ ਹੈ ਤੇ ਸਰਕਾਰ ਦਾ ਇਸ ਸੇਵਾ ਵਾਸਤੇ ਭਰਪੂਰ ਧੰਨਵਾਦ ਕਰਨਾ ਚਾਹੀਦਾ ਹੈ ਕਿਉਂਕਿ ਇਸ ਤੋਂ ਪਹਿਲਾ ਪੰਜਾਬ ਦੀ ਇਕ ਕਥਿਤ ਸਿਆਸੀ ਪਾਰਟੀ ਵੱਲੋਂ ਇਹ ਸੇਵਾ ਟੂਰਿਸਟ ਪਰਮਿਟ ਲੈ ਕੇ ਮੁਹੱਈਆ ਤਾਂ ਜ਼ਰੂਰ ਕਰਵਾਈ ਜਾਂਦੀ ਸੀ ਪਰ ਵਧੇਰੇ ਕਿਰਾਇਆ ਵਸੂਲਕੇ ਲੁੱਟ ਖਸੁੱਟ ਵੀ ਬਹੁਤ ਕੀਤੀ ਜਾਂਦੀ ਸੀ । ਕਈ ਵਾਰ ਇੰਜ ਵੀ ਹੁੰਦਾ ਸੀ ਕਿ ਆਨਲਾਈਨ ਬੁਕਿੰਗ ਵੇਲੇ ਵਸੂਲੇ ਗਏ ਕਿਰਾਏ ਨਾਲ ਦਿਲੀ ਹਵਾਈ ਅੱਡੇ 'ਤੇ ਪਹੁੰਚਣ ਉਪਰੰਤ ਹੀ ਪਤਾ ਲੱਗਦਾ ਸੀ ਕਿ ਪਹਿਲੇ ਅਦਾ ਕੀਤੇ ਕਿਰਾਏ ਤੋ ਇਲਾਵਾ ਕੁੱਜ ਹੋਰ ਵਾਧੂ ਪੈਸੇ ਇਹ ਕਹਿਕੇ ਕਿ ਮੰਗੇ ਜਾਂਦੇ ਸਨ ਕਿ "ਤੁਸੀ ਗਲਤੀ ਨਾਲ ਵਾਤਾਨਕੂਲ ਬੱਸ ਦੀ ਬਜਾਏ ਦੂਸਰੀ ਆਮ ਬੱਸ ਬੁੱਕ ਕਰ ਲਈ ਹੈ ਤੇ ਜਿਸ ਬੱਸ ਵਿੱਚ ਤੁਸੀ ਜਾਣਾ ਚਾਹੁੰਦੇ ਹੋ ਇਸ ਦਾ ਕਿਰਾਇਆ ਤੁਹਾਡੇ ਦੁਆਰਾ ਆਨਲਾਈਨ ਬੁੱਕ ਕੀਤੀ ਗਈ ਬੱਸ ਦੇ ਕਿਰਾਏ ਨਾਲ਼ੋਂ ਜ਼ਿਆਦਾ ਹੈ" ਤੇ ਕੰਡਕਟਰ ਦੀ ਇਹ ਗੱਲ ਸੁਣਕੇ ਵਿਦੇਸ਼ੋਂ ਪਰਤਣ ਵਾਲਾ ਪਰਦੇਸੀ ਪੰਜਾਬੀ ਜਿੱਥੇ ਇਕ ਵਾਰ ਤਾਂ ਭਮੱਤਰ ਕੇ ਰਹਿ ਜਾਂਦਾ ਸੀ ਉੱਥੇ ਨਾਲ ਹੀ ਆਪਣੇ ਆਪ ਨੂੰ ਠਗਿਆ ਜਿਹਾ ਵੀ ਮਹਿਸੂਸ ਕਰਦਾ ਸੀ । ਆਸ ਹੈ ਕਿ ਪੰਜਾਹ ਦੀ ਸਰਕਾਰੀ ਬੱਸ ਸੇਵਾ ਸ਼ੁਰੂ ਹੋ ਜਾਣ ਨਾਲ ਹੁਣ ਉਕਤ ਲੁੱਟ ਖੋਹ ਨੂੰ ਵੀ ਪੂਰਨ ਵਿਰਾਮ ਲੱਗ ਜਾਵੇਗਾ ।

ਇਸ ਦੇ ਨਾਲ ਹੀ ਪੰਜਾਬ ਸਰਕਾਰ ਦੇ ਧਿਆਨ ਗੋਚਰੇ ਇਹ ਮੁੱਦਾ ਵੀ ਲਿਆਉਣਾ ਚਾਹੁੰਦੇ ਹਾਂ ਕਿ ਪੰਜਾਬ ਦੇ ਹਵਾਈ ਅੱਡਿਆ 'ਤੇ ਆਉਣ ਜਾਣ ਵਾਲੀਆਂ ਉਡਾਣਾਂ ਵੱਲ ਵੀ ਧਿਆਨ ਦਿੱਤਾ ਜਾਵੇ । ਅੰਮ੍ਰਿਤਸਰ, ਮੁਹਾਲੀ ਹਵਾਈ ਅੱਡਿਆਂ 'ਤੇ ਵੱਖ ਦੇਸ਼ਾਂ ਖ਼ਾਸ ਕਰਕੇ ਯੂਰਪੀਨ ਦੇਸ਼ਾਂ ਤੋਂ ਸਿੱਧੀਆਂ ਉਡਾਣਾਂ ਦੇ ਵਾਸਤੇ ਚਾਰਾਜੋਈ ਕੀਤੀ ਜਾਵੇ ਤਾਂ ਕਿ ਬਾਹਰਲੇ ਪੰਜਾਬੀ ਸਿੱਧੇ ਹੀ ਆਪਣੇ ਘਰ ਨੇੜੇ ਆ ਕੇ ਉਤਰਣ । ਇੱਥੇ ਜ਼ਿਕਰ ਕਰ ਦੇਈਏ ਕਿ ਉਕਤ ਹਵਾਈ ਅੱਡਿਆਂ ਦੇ ਨਾਲ ਹੀ ਪੰਜਾਬ ਦੇ ਹੋਰ ਹਵਾਈ ਅੱਡਿਆ ਉੱਤੇ ਇਸ ਵੇਲੇ ਕੁਨੈਕਟਡ ਉਡਾਣਾਂ ਵਧੇਰੇ ਆਉਂਦੀਆਂ ਜਾਂਦੀਆ ਹਨ ਜੋ ਮਹਿੰਗੀਆਂ ਹੋਣ ਦੇ ਨਾਲ ਸਮਾਨ ਲਾਹੁਣ ਲੱਦਣ ਦੀ ਖੱਜਲ ਖ਼ਰਾਬੀ ਦੇ ਨਾਲ ਹੀ ਸਮੇਂ ਦਾ ਵੀ ਬਹੁਤ ਹਰਜਾ ਕਰਦੀਆਂ ਹਨ । ਅਗਲੀ ਗੱਲ ਇਹ ਵੀ ਧਿਆਨ ਦੀ ਮੰਗ ਕਰਦੀ ਹੈ ਕਿ ਵਿਦੇਸ਼ਾਂ ਤੋ ਕਈ ਸਿੱਧੀਆ ਜਾਂ ਅਸਿੱਧੀਆ ਉਡਾਣਾਂ ਅੱਠ ਤੋ ਦੱਸ ਘੰਟੇ ਚ ਦਿੱਲੀ ਪਹੁੰਚਦੀਆਂ ਹਨ ਤੇ ਬਾਅਦ ਚ ਏਨਾ ਕੁ ਹੀ ਸਮਾਂ ਇਕ ਪਰਦੇਸੀ ਪੰਜਾਬੀ ਨੂੰ ਫਿਰ ਬੱਸ ਜਾਂ ਕਾਰ ਰਾਹੀਂ ਪੰਜਾਬ ਪਹੁੰਚਣ ਵਾਸਤੇ ਲੱਗ ਜਾਂਦਾ ਹੈ ਜਿਸ ਕਾਰਨ ਅਕੇਵਾਂ ਤੇ ਥਕੇਵਾਂ ਵੀ ਬਹੁਤ ਜ਼ਿਆਦਾ ਹੋ ਜਾਂਦਾ ਹੈ।



ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ, ਯੂ ਕੇ

ਮੁਕਦੀ ਗੱਲ ਇਹ ਕਿ ਪੰਜਾਬ ਸਰਕਾਰ ਨੇ ਦਿੱਲੀ ਹਵਾਈ ਅੱਡੇ ਤੋ ਪੰਜਾਬ ਵਾਸਤੇ ਲਗਜਰੀ ਬੱਸ ਸੇਵਾ ਦੀ ਸ਼ੁਰੂਆਤ ਕਰਕੇ ਬਹੁਤ ਵਧੀਆ ਉੱਦਮ ਕੀਤਾ ਹੈ । ਹੁਣ ਸਰਕਾਰ ਨੂੰ ਪੰਜਾਬ ਦੇ ਗਵਾਈ ਅੱਡਿਆ ਉੱਤੇ ਵਿਦੇਸ਼ਾਂ ਤੋ ਸਿੱਧੀ ਹਵਾਈ ਸੇਵਾ ਮੁਹੱਈ ਕਰਾਉਣ ਦੇ ਉੱਦਮ ਉਪਰਾਲੇ ਵੀ ਕਰਨੇ ਚਾਹੀਦੇ ਹਨ । ਜੇਕਰ ਪੰਜਾਬ ਸਰਕਾਰ ਇਸ ਤਰਾਂ ਕਰ ਸਕਣ ਜਾ ਕਰਾਉਣ ਦੇ ਸਮਰੱਥ ਹੋ ਜਾਂਦੀ ਹੈ ਤਾਂ ਇਹ ਪਰਦੇਸੀ ਵਸੇ ਪੰਜਾਬੀਆ ਵਾਸਤੇ ਬਹੁਤ ਵੱਡੀ ਸਹੂਲਤ ਹੋਵੇਗੀ । ਇੱਥੇ ਜਿਕਰਯੋਗ ਹੈ ਕਿ ਐਨ ਆਰ ਆਈ ਪੰਜਾਬੀਆ ਨੇ ਮੌਜੂਦਾ ਆਮ ਆਦਮੀ ਦੀ ਸਰਕਾਰ ਨੂੰ ਸੱਤਾ ਚ ਲਿਆਉਣ ਵਾਸਤੇ ਬਹੁਤ ਵੱਡਾ ਯੋਗਦਾਨ ਪਾਇਆ ਹੈ ਦਰਅਸਲ ਜੇਕਰ ਇੰਜ ਕਹਿ ਲਈਏ ਕਿ ਆਮ ਆਦਮੀ ਦੇ ਪੰਜਾਬ ਚ ਪੈਰ ਬੰਨ੍ਹਣ ਵਾਸਤੇ ਪਰਦੇਸ਼ੀ ਪੰਜਾਬੀਆ ਦਾ ਸਭ ਤੋ ਵੱਡਾ ਯੋਗਦਾਨ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ । ਸੋ ਆਸ ਕਰਦੇ ਹਾ ਕਿ ਪੰਜਾਬ ਸਰਕਾਰ ਇਸ ਪਾਸੇ ਵੀ ਪਹਿਲ ਦੇ ਅਧਾਰ 'ਤੇ ਧਿਆਨ ਦੇਵੇਗੀ ।

# ਸਿਮਰਨਜੀਤ ਮਾਨ ਦੀ ਜਿੱਤ ਨਾਲ ਕੀ ਬਦਲੇਗੀ ਪੰਜਾਬ ਦੀ ਸਿਆਸੀ ਫ਼ਿਜ਼ਾ?

ਸੰਗਰੂਰ ਲੋਕ ਸਭਾ ਸੀਟ ਤੋਂ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਹਾਸਲ ਕਰ ਲਈ ਹੈ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਗੁਰਮੇਲ ਸਿੰਘ ਨੂੰ ਫਸਵੇਂ ਮੁਕਾਬਲੇ ਵਿੱਚ 5822 ਵੋਟਾਂ ਨਾਲ ਹਰਾਇਆ ਹੈ। ਸਿਮਰਨਜੀਤ ਸਿੰਘ ਮਾਨ ਇਸ ਤੋਂ ਪਹਿਲਾਂ 1989 ਅਤੇ 1999 ਵਿਚ ਦੋ ਵਾਰ ਲੋਕ ਸਭਾ ਚੋਣਾਂ ਜਿੱਤ ਚੁੱਕੇ ਹਨ। ਹੁਣ 23 ਸਾਲ ਬਾਅਦ ਸੰਗੂਰਰ ਦੀ ਜ਼ਿਮਨੀ ਚੋਣ ਜਿੱਤ ਸਿਮਰਨਜੀਤ ਸਿੰਘ ਮਾਨ ਤੀਜੀ ਵਾਰ ਭਾਰਤ ਦੀ ਲੋਕ ਸਭਾ ਵਿਚ ਦਾਖ਼ਲ ਹੋਣਗੇ।

ਜ਼ਿਕਰਯੋਗ ਹੈ ਕਿ ਸਾਲ 2019 ਦੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਇਸ ਵਾਰ ਕਾਂਗਰਸ ਦਾ ਵੋਟ ਸ਼ੇਅਰ 27% ਤੋਂ ਘਟ ਕੇ 11% ਅਤੇ 24% ਤੋਂ 6% ਰਹਿ ਗਿਆ ਹੈ। ਉਨ੍ਹਾਂ ਦੀ ਇਸ ਜਿੱਤ ਦੇ ਤਿੰਨ ਮਹੀਨੇ ਪਹਿਲਾਂ ਹੂੰਝਾ ਫੇਰ ਜਿੱਤ ਹਾਸਲ ਕਰਕੇ ਸਰਕਾਰ ਬਣਾਉਣ ਵਾਲੀ ਆਮ ਆਦਮੀ ਪਾਰਟੀ ਅਤੇ ਪੰਜਾਬ ਦੀਆਂ ਹੋਰ ਰਵਾਇਤੀ ਪਾਰਟੀਆਂ ਲਈ ਕੀ ਮਾਅਨੇ ਹਨ। ਉੱਘੇ ਸਿਆਸੀ ਵਿਸ਼ਲੇਸ਼ਕ ਡਾ਼ ਪ੍ਰਮੋਦ ਕੁਮਾਰ ਦਾ ਵਿਚਾਰ ਹੈ ਕਿ ਆਮ ਤੌਰ 'ਤੇ ਜ਼ਿਮਨੀ ਚੋਣ ਸੱਤਾਧਾਰੀ ਪਾਰਟੀ ਜਿੱਤ ਜਾਂਦੀ ਹੁੰਦੀ ਹੈ ਪਰ ਹਾਰ ਜਾਣ ਤੋਂ ਬਾਅਦ ਪੰਜਾਬ ਦੀ ਮੌਜੂਦਾ ਸਰਕਾਰ ਲਈ ਸਬਕ ਬਹੁਤ ਵੱਡਾ ਹੈ।



ਡਾ਼ ਪ੍ਰਮੋਦ ਨੇ ਕਿਹਾ, "ਤੁਸੀਂ ਵਾਅਦੇ ਪੂਰੇ ਕਰੋ ਜਾਂ ਨਾ ਕਰੋ, ਇਸ ਲਈ ਪੰਜ ਸਾਲ ਹੁੰਦੇ ਹਨ ਪਰ ਪਿਛਲੇ ਤਿੰਨ ਮਹੀਨਿਆਂ ਵਿੱਚ ਗਵਰਨੈਂਸ ਨਾਲ ਜੁੜਿਆ ਜੋ ਸੁਨੇਹਾ 'ਆਪ' ਸਰਕਾਰ ਨੇ ਦਿੱਤਾ ਹੈ, ਉਹ ਲੋਕਾਂ ਨਾਲ ਜੁੜਿਆ ਹੋਇਆ ਨਹੀਂ ਸੀ।" "ਭ੍ਰਿਸ਼ਟਾਚਾਰ ਦੇ ਮੁੱਦੇ ਉੱਪਰ ਤੁਸੀਂ ਲੋਕਾਂ ਨੂੰ ਕਿਹਾ ਕਿ ਅਸੀਂ ਭ੍ਰਿਸ਼ਟਾਚਾਰੀਆਂ ਨੂੰ ਸੋਧ ਦਿਆਂਗੇ ਪਰ ਲੋਕਾਂ ਦੀ ਜ਼ਿੰਦਗੀ ਕਿਵੇਂ ਸੌਖੀ ਹੋਵੇਗੀ, ਇਸ ਬਾਰੇ ਤੁਸੀਂ ਕੋਈ ਸੁਨੇਹਾ ਲੋਕਾਂ ਨੂੰ ਨਹੀਂ ਪਹੁੰਚਾਇਆ ਗਿਆ।"

ਉਨ੍ਹਾਂ ਮੁਤਾਬਕ "ਸੇਵਾ ਕੇਂਦਰ ਜਿੱਥੇ ਲੋਕ ਆਕੇ ਆਪਣੇ ਕੰਮ ਕਰਵਾਉਂਦੇ ਸਨ, ਸਰਕਾਰ ਨੇ ਉਹ ਬੰਦ ਕਰ ਦਿੱਤੇ ਅਤੇ ਕਿਹਾ ਕਿ ਅਸੀਂ ਮੁਹੱਲਾ ਕਲੀਨਿਕ ਖੋਲ੍ਹਾਂਗੇ, ਕਿਉਂਕਿ ਅਸੀਂ ਵਾਅਦਾ ਕੀਤਾ ਹੈ। ਤੁਹਾਨੂੰ ਉਨ੍ਹਾਂ ਦੀ ਕੋਈ ਸਹੂਲਤ ਹੋਵੇ ਜਾਂ ਨਾ ਹੋਵੇ।ਡਾ਼ ਪ੍ਰਮੋਦ ਨੇ ਕਿਹਾ,"ਪੰਜਾਬ ਦੇ ਲਈ ਜੋ ਗਵਰਨੈਂਸ ਮਾਡਲ ਆਪ ਸਰਕਾਰ ਦੇਣਾ ਚਾਹੁੰਦੀ ਹੈ ਉਸ ਨੂੰ ਪੰਜਾਬ ਕੇਂਦਰਿਤ ਕਿਵੇਂ ਬਣਾਇਆ ਜਾਵੇ ਅਤੇ ਕਿਵੇਂ ਇਸ ਨੂੰ ਲੋਕਾਂ ਨਾਲ ਕਿਵੇਂ ਜੋੜਿਆ ਜਾਵੇ, ਇਸ ਲਈ ਸਰਕਾਰ ਤੇ ਆਮ ਆਦਮੀ ਪਾਰਟੀ ਨੂੰ ਆਪਣੇ ਅੰਦਰ ਮੰਥਨ ਕਰਨਾ ਪਵੇਗਾ।"

### ਸਿੱਧੂ ਮੂਸੇਵਾਲਾ ਦੇ ਕਤਲ ਦਾ ਵੀ ਕੋਈ ਅਸਰ ਪਿਆ ਹੈ?

ਡਾ. ਪ੍ਰਮੋਦ ਕਹਿੰਦੇ ਹਨ ਕਿ ਦੀਪ ਸਿੱਧੂ ਦੀ ਮੌਤ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਲਾਅ ਐਂਡ ਆਰਡਰ ਦਾ ਮੁੱਦਾ ਜ਼ਰੂਰ ਬਣਿਆ। "ਸਿੱਧੂ ਮੂਸੇਵਾਲਾ ਦਾ ਕਤਲ ਉਸ ਦੀ ਮਿਸਾਲ ਬਣਿਆ। ਲੋਕਾਂ ਨੂੰ ਲੱਗਿਆ ਕਿ ਸਾਡੀਆਂ ਜ਼ਿੰਦਗੀਆਂ ਮਹਿਫ਼ੂਜ਼ ਨਹੀਂ ਹਨ।" ਉਹ ਕਹਿੰਦੇ ਹਨ, 'ਲੋਕਾਂ ਨੂੰ ਲੱਗਿਆ ਜਿਵੇਂ 'ਆਮ ਆਦਮੀ ਪਾਰਟੀ ਕਹਿ ਰਹੀ ਹੋਵੇ ਕਿ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਬਰਦਾਸ਼ਤਗੀ ਹੋਵੇਗੀ ਪਰ ਲਾਅ ਐਂਡ ਆਰਡਰ ਕੋਈ ਸਮੱਸਿਆ ਹੀ ਨਾ ਹੋਵੇ।" "ਪਾਰਟੀ ਦਾ ਵਰਕਰ ਤਾਂ ਸਰਗਰਮ ਸੀ ਪਰ ਸਿਆਸੀ ਮਸ਼ੀਨਰੀ ਸਰਗਰਮ ਨਹੀਂ ਸੀ। ਪਾਰਟੀ ਨੇ ਆਪਣੇ ਆਗੂਆਂ ਨੂੰ ਵਿਧਾਇਕਾਂ ਨੂੰ ਖੁੱਲ੍ਹ ਨਹੀਂ ਦਿੱਤੀ ਕਿ ਉਹ ਲੋਕਾਂ ਨਾਲ ਜੋੜ ਕੇ ਗਵਰਨੈਂਸ ਦਾ ਕੋਈ ਪ੍ਰੋਗਰਾਮ ਤਿਆਰ ਕਰ ਸਕਣ।"

"ਪੁਲੀਟੀਕਲ ਮਸ਼ੀਨਰੀ ਲੋਕਾਂ ਨਾਲ ਜੋੜ ਕੇ ਕੋਈ ਪ੍ਰੋਗਰਾਮ ਨਹੀਂ ਦੇ ਸਕੀ। ਵਿਧਾਇਕ ਦਾ ਆਪਣੇ ਹਲਕੇ ਵਿੱਚ ਇੱਕ ਰੋਲ ਹੈ ਅਤੇ ਕਿਹੜੇ ਵਸੀਲਿਆਂ ਰਾਹੀਂ ਉਹ ਇਹ ਰੋਲ ਬਾਖ਼ੂਬੀ ਨਿਭਾਅ ਸਕਦਾ ਹੈ, ਇਸ ਤਰ੍ਹਾਂ ਦੀ ਸੋਚ ਵੀ ਸਰਕਾਰ ਦੀ ਤਰਫ਼ੋਂ ਲੋਕਾਂ ਤੱਕ ਨਹੀਂ ਪਹੁੰਚ ਸਕੀ।" ਡਾਕਟਰ ਪ੍ਰਮੋਦ ਕਹਿੰਦੇ ਹਨ,"ਆਮ ਆਦਮੀ ਪਾਰਟੀ ਨੇ ਇਹ ਸੋਚਿਆ ਕਿ ਸਿਆਸਤ ਸ਼ਾਇਦ ਸੋਸ਼ਲ ਮੀਡੀਆ ਨਾਲ ਹੀ ਹੋ ਜਾਂਦੀ ਹੈ। ਜੇ ਅਜਿਹਾ ਹੁੰਦਾ ਤਾਂ ਲੀਡਰ ਕਦੋਂ ਦੇ ਗੈਰ-ਪ੍ਰਸੰਗਿਕ ਹੋ ਜਾਂਦੇ। ਆਮ ਆਦਮੀ ਪਾਰਟੀ ਤੋਂ ਲੋਕਾਂ ਦੀ ਆਗੂਆਂ ਵਾਲੀ ਲੋੜ ਪੂਰੀ ਨਹੀਂ ਹੋ ਸਕੀ।"

### ਕੀ ਆਪ ਤੋਂ ਲੋਕਾਂ ਦੀ ਰਮਜ਼ ਫੜੀ ਨਹੀਂ ਗਈ?

ਡਾਕਟਰ ਪ੍ਰਮੋਦ ਕਹਿੰਦੇ ਹਨ, "ਲੋਕਾਂ ਨੂੰ ਲੱਗਿਆ 'ਆਪ' ਰਵਾਇਤੀ ਪਾਰਟੀਆਂ ਤੋਂ ਵੱਖ ਨਹੀਂ ਹੈ। ਜਿਹੜਾ ਫ਼ਰਕ ਆਮ ਆਦਮੀ ਪਾਕਟੀ ਵਾਲੇ ਦਾਅਵਾ ਕਰਦੇ ਸੀ ਕਿ ਅਸੀਂ ਕਰਕੇ ਦਿਖਾਵਾਂਗੇ, ਲੋਕਾਂ ਨੂੰ ਲੱਗਿਆ ਕਿ ਇਹ ਤਾਂ ਬਾਕੀਆਂ ਵਰਗੇ ਹੀ ਹਨ। ਡਾਕਟਰ ਪ੍ਰਮੋਦ ਮੁਤਾਬਕ ਲੋਕਾਂ ਵਿੱਚ ਵਿਕਸਿਤ ਹੋਈ ਇਸ ਸੋਚ ਦਾ ਸਿਮਰਨਜੀਤ ਸਿੰਘ ਮਾਨ ਨੂੰ ਜ਼ਰੂਰ ਫ਼ਾਇਦਾ ਹੋਇਆ ਹੋਵੇਗਾ।" "ਆਪ' ਆਪਣੇ-ਆਪ ਨੂੰ ਬਦਲਾਅ ਵਾਲੀ ਪਾਰਟੀ ਕਹਿੰਦੀ ਹੈ। ਸਰਕਾਰ ਵਿੱਚ ਆ ਕੇ ਇਸ ਨੇ ਸਿਰਫ਼ ਚੋਣ ਵਾਅਦੇ ਹੀ ਪੂਰੇ ਨਹੀਂ ਕਰਨੇ ਸਨ।"

"ਪੰਜਾਬ ਦਾ ਮੁੱਖ ਮੁੱਦਾ ਭ੍ਰਿਸ਼ਟਾਚਾਰ ਨਹੀਂ ਹੈ, ਸਗੋਂ ਖੜੋਤ ਹੈ। ਸਾਡੀ ਖੇਤੀਬਾੜੀ ਵਿੱਚ ਖੜੋਤ ਆ ਗਈ ਹੈ। ਸਾਡਾ ਸਰਵਿਸ ਸੈਕਟਰ ਵਿਕਸਿਤ ਨਹੀਂ ਹੋ ਰਿਹਾ।" "ਸਾਡੇ ਯੂਥ ਕੋਲ ਚੰਗੀ ਸਿੱਖਿਆ ਨਹੀਂ ਹੈ, ਉਸ ਨੂੰ ਰੋਜ਼ਗਾਰ ਦਿੱਤਾ ਜਾ ਸਕੇ,ਉਹ ਇਸਦੇ ਕਾਬਲ ਨਹੀਂ ਬਣ ਰਿਹਾ। ਪੰਜਾਬ ਨੂੰ ਬੁਨਿਆਦੀ ਬਦਲਾਅ ਚਾਹੀਦਾ ਹੈ, ਸਰਕਾਰ ਵਿੱਚ ਉਸ ਬਾਰੇ ਕਿਤੇ ਵਿਚਾਰ ਨਹੀਂ ਹੋ ਰਹੀ।" "ਪੰਜਾਬ ਵਿੱਚ ਖੜੋਤ ਦੀ ਇਹ ਸਮੱਸਿਆ ਹੁਣ ਖੜ੍ਹੀ ਨਹੀਂ ਹੋਈ ਹੈ, ਸਗੋਂ ਪਿਛਲੇ 15-20 ਸਾਲਾਂ ਤੋਂ ਚੱਲ ਰਹੀ ਹੈ।"

### ਕੀ ਇਹ ਅਕਾਲੀ ਦਲ ਦਾ ਅੰਤ ਹੈ ਜਾਂ ਇੱਕ ਹੋਰ ਧੱਕਾ?

"ਇਨ੍ਹਾਂ ਚੋਣਾਂ ਤੋਂ ਮੈਨੂੰ ਅਕਾਲੀ ਸਿਆਸਤ ਮੁੜ ਉੱਭਰਦੀ ਨਜ਼ਰ ਆ ਰਹੀ ਹੈ। ਅਕਾਲੀ ਦਲ ਦੀ ਨਹੀਂ ਅਕਾਲੀ ਸਿਆਸਤ ਦੀ। ਇਹ ਇੱਕ ਮਹੱਤਵਪੂਰਨ ਸੰਕੇਤ ਹੈ।" ਹਾਲਾਂਕਿ ਡਾਕਟਰ ਪ੍ਰਮੋਦ ਅੱਗੇ ਸਪਸ਼ਟ ਕਰਦੇ ਹਨ ਕਿ ਅਕਾਲੀ ਸਿਆਸਤ ਅਤੇ ਚੋਣਾਂਵ ਵਿੱਚ ਸਿੱਖ ਉਮੀਦਵਾਰ ਖੜ੍ਹੇ ਕਰਨਾ ਦੋਵੇਂ ਅਲੱਗ-ਅਲੱਗ ਗੱਲਾਂ ਹਨ। ਉਨ੍ਹਾਂ ਮੁਤਾਬਕ "ਅਕਾਲੀ ਸਿਆਸਤ ਦੇ ਕਈ ਰੰਗ ਹਨ, ਇਸ ਵਿੱਚ ਕੱਟੜਪੰਥੀ ਸਿਆਸਤ ਵੀ ਹੈ, ਜਿਸ ਦੀ ਨੁਮਾਇੰਦਗੀ ਸਿਮਰਨਜੀਤ ਸਿੰਘ ਮਾਨ ਕਰਦੇ ਹਨ। ਇਸ ਵਿੱਚ ਮੌਡਰੇਟ ਰੰਗ ਹੈ, ਜਿਸ ਨੂੰ ਅਕਾਲੀ ਦਲ ਬਾਦਲ ਨੁਮਾਇੰਦਗੀ ਕਰਦਾ ਹੈ। ਇਸੇ ਤਰ੍ਹਾਂ ਹੋਰ ਧੜੇ ਵੀ ਹਨ।"

ਅਕਾਲੀ ਸਿਆਸਤ ਦੀਆਂ ਤਿੰਨ ਧਿਰਾਂ ਹਨ- ਪੰਥਕ, ਖੇਤਰੀ ਅਤੇ ਤੀਜੀ ਕਿਸਾਨੀ। ਪੰਥਕ ਸਿਆਸਤ ਦੇ ਵੱਖ-ਵੱਖ ਰੰਗ ਹਨ।" ਪੰਥਕ ਵਿੱਚ ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਇੱਕ "ਪੰਥਕ ਧਿਰ ਹੈ ਜੋ ਸਿੱਖ ਮਸਲਿਆਂ ਦੀ ਗੱਲ ਕਰਦੀ ਹੈ, ਦੂਜੀ ਹੈ ਖੇਤਰੀ ਪੰਥਕ ਸਿਆਸਤ ਕਿ ਪੰਜਾਬ ਦੀ ਹੋਂਦ ਹੀ ਹੈ ਇਸ ਦੇ ਸਰੋਕਾਰ ਕੀ ਹਨ। ਤੀਜੀ ਧਿਰ ਹੈ ਕਿਸਾਨੀ।"

"ਜੇ ਰੀਜਨਲ ਵਿੱਚ ਦੇਖਿਆ ਜਾਵੇ ਤਾਂ ਲੋਕਾਂ ਵਿੱਚ ਭਾਵਨਾ ਹੈ ਕਿ ਪੰਜਾਬ ਨੂੰ ਹੁਣ ਦਿੱਲੀ ਤੋਂ ਚਲਾਇਆ ਜਾ ਰਿਹਾ ਹੈ, ਪੰਜਾਬ ਤੋਂ ਨਹੀਂ ਚੱਲ ਰਿਹਾ। ਇਸਦਾ ਅਸਰ ਵੀ ਲੋਕਾਂ ਉੱਪਰ ਹੋਇਆ।" ਇਸ ਨੂੰ ਕੁਝ ਸ਼ਖਸ਼ੀਅਤਾਂ ਨਾਲ ਨਹੀਂ ਜੋੜ ਕੇ ਦੇਖਿਆ ਜਾਣਾ ਚਾਹੀਦਾ। ਸਗੋਂ ਅਕਾਲੀ ਸਿਆਸਤ ਦੇ ਉਭਾਰ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

### ਕੀ ਮਾਨ ਹੋਰ ਪਾਰਟੀਆਂ ਦੇ ਆਗੂ ਬਣ ਸਕਣਗੇ?

ਸਿਮਰਨਜੀਤ ਸਿੰਘ ਮਾਨ ਅਤੇ ਹੋਰ ਆਗੂ ਜਿਨ੍ਹਾਂ ਨੂੰ ਵੱਖਵਾਦੀ ਕਿਹਾ ਜਾਂਦਾ ਸੀ। ਕੀ ਉਨ੍ਹਾਂ ਨੇ ਸਿੱਖ ਉਦਾਰਵਾਦੀ ਸਪੇਸ ਉੱਪਰ ਫਿਰ ਅਧਿਕਾਰ ਕਰ ਲਿਆ ਹੈ? ਡਾ਼ ਪ੍ਰਮੋਦ ਨੂੰ ਅਜਿਹਾ ਨਹੀਂ ਲਗਦਾ ਹੈ। ਉਹ ਕਹਿੰਦੇ ਹਨ, "ਇਨ੍ਹਾਂ ਚੋਣਾਂ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਨੇ ਸਿੱਖ ਉਮੀਦਵਾਰ ਖੜ੍ਹੇ ਕੀਤੇ। ਭਾਜਪਾ ਨੇ ਵੀ ਸਿੱਖ ਉਮੀਦਵਾਰ ਖੜ੍ਹਾ ਕੀਤਾ। ਉਨ੍ਹਾਂ ਨੂੰ ਲੱਗਦਾ ਹੈ ਕਿ ਸਿੱਖ ਉਮੀਦਵਾਰ ਖੜ੍ਹਾ ਕਰ ਦਿਓ ਅਕਾਲੀ ਸਿਆਸਤ ਹੋ ਗਈ।" ਜਦਕਿ "ਸਿੱਖ ਉਮੀਦਵਾਰ ਦਾ ਖੜ੍ਹੇ ਹੋਣਾ, ਸਿੱਖ ਸਿਆਸਤ ਨਹੀਂ ਹੈ। ਇੱਕ ਸਿੱਖ ਉਮੀਦਵਾਰ ਉਸ ਸਾਰੀ- ਪੰਥਕ, ਖੇਤਰੀ ਅਤੇ ਕੇਂਦਰ- ਵਿਰੋਧੀ ਵਿਚਾਰਧਾਰਾ ਦੀ ਨੁਮਾਇੰਦਗੀ ਕਰਦਾ ਹੈ, ਅਜਿਹਾ ਨਹੀਂ ਹੈ। ਉਹ ਕੁਝ ਹੋਰ ਹੈ।"

ਪੰਜਾਬ ਦੀ ਸਿਆਸਤ ਵਿੱਚ "ਉਦਾਰਵਾਦੀ ਥਾਂ ਅਜੇ ਮੌਜੂਦ ਹੈ। ਅਕਾਲੀ ਦਲ ਬਾਦਲ ਉਸ ਵਿੱਚ ਮੌਜੂਦ ਹੈ। ਮਾਨ ਕੱਟੜਪੰਥੀ ਹਨ, ਕਿਤੇ ਇਨ੍ਹਾਂ ਦੋਵਾਂ ਦੇ ਇਕੱਠੇ ਹੋਣ ਦੀ ਗੱਲ ਵੀ ਚੱਲ ਰਹੀ ਸੀ, ਸੰਭਾਵਨਾ ਵੀ ਹੈ।" "ਇਹ ਗੱਲ ਜੋ ਕਿ ਖਾਸਕਰ ਆਮ ਆਦਮੀ ਪਾਰਟੀ ਦੇ ਵਿਚਾਰਨ ਵਾਲੀ ਹੈ। ਇਨ੍ਹਾਂ ਦਾ ਨਾ ਤਾਂ ਪੰਜਾਬ ਵਿੱਚ ਰਾਜਨੀਤਿਕ ਅਧਾਰ ਹੈ, ਨਾ ਵਿਚਾਰਧਾਰਕ ਅਧਾਰ ਹੈ।"

ਆਮ ਆਦਮੀ ਦਾ ਇੱਕ ਹੀ ਅਧਾਰ ਬਣਨਾ ਸੀ, ਉਹ ਹੈ ਵਿਕਾਸ ਦਾ, ਗਵਰਨੈਂਸ ਦਾ ਅਤੇ ਭ੍ਰਿਸ਼ਟਾਚਾਰ ਘੱਟ ਕਰਨ ਵਿੱਚ ਜੇ ਇਹ ਚੰਗੇ ਨਤੀਜੇ ਦਿੰਦੇ, ਜੋ ਸ਼ਾਇਦ ਇਹ ਹੁਣ ਦੇਣਗੇ। ਉਸੇ ਨਾਲ ਇਨ੍ਹਾਂ ਦਾ ਅਧਾਰ ਪੰਜਾਬ ਵਿੱਚ ਬਣੇਗਾ।"

### ਕੀ ਮਾਨ ਗੈਰ-ਆਪ ਤਾਕਤਾਂ ਨੂੰ ਇਕਜੁੱਟ ਕਰ ਸਕਦੇ ਹਨ?

ਇੱਕ ਸਵਾਲ ਇਹ ਵੀ ਉੱਠਦਾ ਹੈ ਕਿ ਕੀ ਹੁਣ ਪੰਜਾਬ ਵਿੱਚ ਸਿਮਰਨਜੀਤ ਸਿੰਘ ਮਾਨ ਗੈਰ-ਆਪ ਸ਼ਕਤੀਆਂ ਨੂੰ ਇੱਕਠੇ ਕਰ ਸਕਣਗੇ, ਕੀ ਉਹ ਇਨ੍ਹਾਂ ਸ਼ਕਤੀਆਂ ਦੀ ਅਗਵਾਈ ਕਰ ਸਕਣਗੇ। ਇਸ ਬਾਰੇ ਡਾ਼ ਪ੍ਰਮੋਦ ਨੂੰ ਲਗਦਾ ਹੈ ਕਿ ਉਦਾਰਵਾਦੀ ਸਿਆਸਤ ਦੀ ਲੋੜ "ਪੰਜਾਬ ਵਿੱਚ ਹਮੇਸ਼ਾ ਬਣੀ ਰਹੇਗੀ।" ਉਦਾਰਵਾਦੀ ਸਿਆਸਤ ਦੀਆਂ ਆਪਣੀਆਂ ਸ਼ਰਤਾਂ ਹਨ। ਉਹ ਸ਼ਰਤਾਂ ਪਹਿਲਾਂ ਅਕਾਲੀ ਦਲ ਬਾਦਲ ਪੂਰੀਆਂ ਕਰ ਰਿਹਾ ਸੀ। ਹੁਣ ਜੇ ਅਕਾਲੀ ਦਲ ਮਾਨ ਉਹ ਸ਼ਰਤਾਂ ਪੂਰੀਆਂ ਕਰੇਗਾ ਤਾਂ ਉਹ ਇਸ ਖੇਤਰ ਵਿੱਚ ਆਪਣੀ ਥਾਂ ਬਣਾ ਸਕਦਾ ਹੈ।" "ਪੰਜਾਬ ਭਾਜਪਾ ਵੱਡੇ ਪੱਧਰ 'ਤੇ ਗੈਰ-ਸਿੱਖ ਹਲਕਿਆਂ ਖਾਸਕਰ ਹਿੰਦੂਆਂ ਦੀ ਨੁਮਾਇੰਦਗੀ ਕਰਦੀ ਹੈ। ਹਾਲਾਂਕਿ ਉਹ ਵੀ ਆਪਣੇ ਨਾਲ ਵੱਡੀ ਗਿਣਤੀ ਵਿੱਚ ਸਿੱਖਾਂ ਨੂੰ ਆਪਣੇ ਨਾਲ ਸ਼ਾਮਲ ਕਰ ਰਹੇ ਹਨ।

ਇਹ ਆਪਾ-ਵਿਰੋਧੀ ਹੈ।" "ਭਾਜਪਾ ਹਿੱਤ ਤਾਂ ਗੈਰ ਸਿੱਖਾਂ ਦੇ ਪੂਰਦੀ ਹੈ ਪਰ ਨਾਲ ਰੱਖਣਾ ਚਾਹੁੰਦੀ ਹੈ ਸਿੱਖਾਂ ਨੂੰ। ਇਸ ਦੀ ਵਜ੍ਹਾ ਡਾਕਟਰ ਪ੍ਰਮੋਦ ਨੂੰ ਲਗਦੀ ਹੈ ਕਿ ਉਹ ਆਪਣਾ ਮੁਕਾਬਲਾ ਆਪਣੇ ਸਾਬਕਾ ਭਾਈਵਾਲ ਅਕਾਲੀ ਦਲ ਬਾਦਲ ਨਾਲ ਸਮਝਦੀ ਹੈ ਜਦਕਿ ਉਸ ਦਾ ਮੁਕਾਬਲਾ ਆਮ ਆਦਮੀ ਪਾਰਟੀ ਜਾਂ ਕਾਂਗਰਸ ਨਾਲ ਹੈ। ਡਾ਼ ਪ੍ਰਮੋਦ ਕਹਿੰਦੇ ਹਨ,"ਭਾਜਪਾ ਦੇ ਦਿਮਾਗ ਵਿੱਚ ਬੈਠਿਆ ਹੋਇਆ ਹੈ ਕਿ ਅਕਾਲੀ ਦਲ ਨੂੰ ਪਿੱਛੇ ਛੱਡਣਾ ਹੈ। ਜਦਕਿ ਤੁਹਾਡਾ ਅਸਲੀ ਮੁਕਾਬਲਾ, ਆਮ ਆਦਮੀ ਪਾਰਟੀ ਨਾਲ ਜਾਂ ਕਾਂਗਰਸ ਨਾਲ ਹੈ।"

### ਕੀ ਹਿੰਦੂ, ਭਾਜਪਾ ਵੱਲ ਜਾ ਸਕਦੇ ਹਨ?

ਜਿਵੇਂ ਕਿ ਡਾ਼. ਪ੍ਰਮੋਦ ਦੱਸਦੇ ਹਨ ਕਿ ਪੰਜਾਬ ਵਿੱਚ ਅਕਾਲੀ ਸਿਆਸਤ ਸਰਗਰਮ ਹੋ ਰਹੀ ਹੈ ਤਾਂ ਕੀ ਇਸ ਨਾਲ ਹਿੰਦੂ ਵੋਟਰ ਜਾਂ ਹੋਰ ਤਬਕਿਆਂ ਵਿੱਚ ਕਿਹੋ-ਜਿਹਾ ਸੁਨੇਹਾ ਜਾ ਸਕਦਾ ਹੈ। ਕੀ ਉਹ ਭਾਜਪਾ ਵੱਲ ਜਾ ਸਕਦੇ ਹਨ? ਡਾ਼ ਪ੍ਰਮੋਦ ਨੂੰ ਲਗਦਾ ਹੈ,"ਪੰਜਾਬ ਦੇ ਹਿੰਦੂ ਦਾ ਧਰੁਵੀਕਰਨ ਕਰਨਾ ਬੜਾ ਮੁਸ਼ਕਲ ਹੈ।" ਇਸ ਦੀ ਵਜ੍ਹਾ ਹੈ ਕਿ ਧਰੁਵੀਕਰਨ ਜਦੋਂ ਪੰਜਾਬ ਵਿੱਚ ਹਿੰਦੂਆਂ ਅਤੇ ਸਿੱਖਾਂ ਵਿੱਚ ਪਾੜ ਪਿਆ ਸੀ ਉਸ ਅਰਸੇ ਦੌਰਾਨ ਬਹੁਤ ਬੁਰਾ ਸਮਾਂ ਪੰਜਾਬ ਨੇ ਦੇਖਿਆ ਹੈ।"

ਲੋਕਾਂ ਨੂੰ ਉਸ ਧਰੁਵੀਕਰਨ ਤੋਂ ਸਿੱਖੇ ਹੋਏ ਸਬਕ ਯਾਦ ਹਨ।" ਬਾਕੀ ਜਦੋਂ ਪੰਜਾਬ ਵਿੱਚ ਅਕਾਲੀ ਸਿਆਸਤ ਮੁੜ ਉੱਠ ਰਹੀ ਹੈ ਤਾਂ ਦੂਜੀਆਂ ਪਾਰਟੀਆਂ ਨੇ ਦੇਖਣਾ ਹੈ, ਕਿ ਉਹ ਪੰਜਾਬ ਵਿੱਚ ਕਿਸ ਤਰ੍ਹਾਂ ਦੀ ਸਿਆਸਤ ਕਰਨੀ ਚਾਹੁੰਦੀਆਂ ਹਨ।

ਡਾ਼. ਪ੍ਰਮੋਦ ਕਹਿੰਦੇ ਹਨ,"ਉਹ ਫੁੱਟ-ਪਾਊ ਜਾਂ ਧਰੁਵੀਕਰਨ ਦੀ ਸਿਆਸਤ ਕਰ ਸਕਦੀਆਂ, ਜਾਂ ਪੰਜਾਬੀ ਪਛਾਣ ਦੇ ਇਰਦ ਗਿਰਦ ਸਿਆਸਤ ਕਰ ਸਕਦੀਆਂ ਹਨ।" ਹੁਣ ਜਦੋਂ ਲੋਕਾਂ ਨੂੰ ਅਤੀਤ ਵਿੱਚ ਹੋਏ ਧਰੁਵੀਕਰਨ ਦੇ ਸਬਕ ਯਾਦ ਹਨ ਤਾਂ "ਪਾਰਟੀਆਂ ਸ਼ਾਇਦ ਕੁਝ ਪ੍ਰਯੋਗ ਕਰਨ ਦੀ ਕੋਸ਼ਿਸ਼ ਕਰਨ ਪਰ ਲੋਕ ਨਹੀਂ ਕਰਨਗੇ।" ਅਜਿਹੇ ਵਿੱਚ "ਸਿਆਸੀ ਪਾਰਟੀਆਂ ਲਈ ਪੰਜਾਬ ਵਿੱਚ ਇੱਕ ਮੌਕਾ ਹੈ ਕਿ ਪੰਜਾਬੀ ਪਛਾਣ, ਜੋ ਕਿ ਇੱਕ ਉਦਾਰਵਾਦੀ ਸਿਆਸਤ ਹੈ, ਨੂੰ ਮੁੜ ਸੁਰਜੀਤ ਕੀਤਾ ਜਾਵੇ।"

# ਭਾਰਤ ਸਰਕਾਰ ਨੇ ਬਦਲੇ ਮਨੀ ਟਰਾਂਸਫਰ ਦੇ ਨਿਯਮ

ਭਾਰਤ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਰਹਿੰਦੇ ਰਿਸ਼ਤੇਦਾਰਾਂ ਵੱਲੋਂ ਭੇਜੇ ਗਏ ਪੈਸੇ ਸਬੰਧੀ ਨਿਯਮਾਂ ਵਿੱਚ ਬਦਲਾਅ ਕੀਤਾ ਗਿਆ ਹੈ। ਅੰਗਰੇਜ਼ੀ ਅਖ਼ਬਾਰ 'ਦਿ ਹਿੰਦੂ' ਦੀ ਖ਼ਬਰ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਦੇ ਨਵੇਂ ਨਿਯਮਾਂ ਮੁਤਾਬਕ ਹੁਣ ਵਿਦੇਸ਼ਾਂ ਵਿੱਚ ਰਹਿੰਦੇ ਰਿਸ਼ਤੇਦਾਰਾਂ ਤੋਂ ਭਾਰਤੀ ਲੋਕ10 ਲੱਖ ਰੁਪਏ ਸਾਲਾਨਾ ਤੱਕ ਹਾਸਿਲ ਸਕਦੇ ਹਨ ਅਤੇ ਉਨ੍ਹਾਂ ਨੂੰ ਇਸ ਬਾਰੇ ਸਰਕਾਰ ਨੂੰ ਜਾਣਕਾਰੀ ਨਹੀਂ ਦੇਣੀ ਹੋਵੇਗੀ। ਪਹਿਲਾਂ ਇਹ ਰਕਮ ਇਕ ਲੱਖ ਰੁਪਏ ਸਾਲਾਨਾ ਤੱਕ ਸੀ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਨੋਟੀਫਿਕੇਸ਼ਨ ਮੁਤਾਬਕ ਜੇ ਇਹ ਰਕਮ 10 ਲੱਖ ਰੁਪਏ ਤੋਂ ਵੱਧ ਹੈ ਤਾਂ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸਰਕਾਰ ਨੂੰ ਇਸ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਪਹਿਲਾਂ ਇਹ ਜਾਣਕਾਰੀ ਇੱਕ ਮਹੀਨੇ ਦੇ ਅੰਦਰ ਅੰਦਰ ਦੇਣੀ ਹੁੰਦੀ ਸੀ। ਫੌਰਨ ਕੰਟਰੀਬਿਊਸ਼ਨ ਰੈਗੂਲੇਸ਼ਨ ਐਕਟ ਮੁਤਾਬਕ ਜੇ ਕਿਸੇ ਸੰਸਥਾ ਨੂੰ ਬਾਹਰੋਂ ਪੈਸੇ ਆਉਂਦੇ ਹਨ




ਹੈ ਤਾਂ ਉਸ ਦੀਆਂ ਰਸੀਦਾਂ ਅਤੇ ਉਸ ਦੀ ਵਰਤੋਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਇਹ ਜਾਣਕਾਰੀ ਸੰਸਥਾ ਆਪਣੀ ਵੈੱਬਸਾਈਟ ਜਾਂ ਮੰਤਰਾਲੇ ਦੀ ਵੈੱਬਸਾਈਟ ਉੱਪਰ ਦੇ ਸਕਦੀ ਹੈ।

ਫੌਰਨ ਕੰਟਰੀਬਿਊਸ਼ਨ ਰੈਗੂਲੇਸ਼ਨ ਐਕਟ ਵਿੱਚ ਹੋਏ ਇਨ੍ਹਾਂ ਬਦਲਾਅ ਮੁਤਾਬਕ ਜੇਕਰ ਘਰ ਦਾ ਪਤਾ, ਬੈਂਕ ਦਾ ਖਾਤਾ ਨੰਬਰ ਆਦਿ ਵਿੱਚ ਬਦਲਾਅ ਹੋਇਆ ਹੈ ਤਾਂ 15 ਦਿਨ ਦੀ ਜਗ੍ਹਾ ਹੁਣ 45 ਦਿਨ ਦੇ ਵਿੱਚ-ਵਿੱਚ ਮੰਤਰਾਲੇ ਨੂੰ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਨਵੇਂ ਨੇਮਾਂ ਮੁਤਾਬਕ ਸਾਰੀਆਂ ਐਨਜੀਓਜ਼ ਨੂੰ ਐਫਸੀਆਰਏ ਅਧੀਨ ਰਜਿਸਟਰਡ ਕਰਵਾਉਣਾ ਹੋਵੇਗਾ। ਇਹ ਐੱਨਜੀਓਜ਼ ਕਿਸੇ ਰਾਜਨੀਤਕ ਦਲ ਨਾਲ ਜੁੜੇ ਨਹੀਂ ਹੋਣੇ ਚਾਹੀਦੇ ਹਨ।ਜੇਕਰ ਇਹ ਐੱਨਜੀਓਜ਼ ਕਿਸੇ ਤਰ੍ਹਾਂ ਦੇ ਧਰਨਾ ਪ੍ਰਦਰਸ਼ਨ ਬੰਦ ਵਿੱਚ ਸ਼ਾਮਲ ਹੁੰਦੇ ਹਨ ਤਾਂ ਇਸ ਨੂੰ ਰਾਜਨੀਤਕ ਗਤੀਵਿਧੀ ਹੀ ਸਮਝਿਆ ਜਾਵੇਗਾ।

# ਡਾਕਟਰੀ ਸਿੱਖਿਆ ਵਿੱਚ ਵਧ ਰਿਹਾ ਕਾਰਪੋਰੇਟ ਦਾ ਪ੍ਰਭਾਵ !

ਅੱਜ ਦੇਸ਼ ਵਿਚ ਦੇਸ਼ ਅੰਦਰ 604 ਮੈਡੀਕਲ ਕਾਲਜ ਹਨ, ਜੋ 90,675 ਵਿਦਿਆਰਥੀ ਦਾਖਲ ਕਰ ਰਹੇ ਹਨ। ਇਨ੍ਹਾਂ ਵਿਚ 290 ਕਾਲਜ ਸਰਕਾਰੀ ਹਨ ਤੇ 265 ਕਾਲਜ ਪ੍ਰਾਈਵੇਟ। ਦੇਸ਼ ਅੰਦਰ ਮੈਡੀਕਲ ਨਾਲ ਸਬੰਧਤ 49 ਡੀਮਡ ਮੈਡੀਕਲ ਯੂਨੀਵਰਸਿਟੀ ਪੱਧਰ ਦੀਆਂ ਸੰਸਥਾਵਾਂ ਵੀ ਹਨ।

ਇਹ ਗੱਲ ਵਧੀਆ ਹੈ ਕਿ ਦੇਸ਼ ਦਾ ਯੋਜਨਾ ਵਿਭਾਗ, ਦੇਸ਼ ਦੇ ਲੋਕਾਂ ਦੀ ਸਿਹਤ ਬਾਰੇ ਸੋਚੇ ਤੇ ਆਪਣੀ ਸਰਗਰਮੀ ਦਿਖਾਵੇ ਪਰ ਸਿਹਤ ਨੀਤੀ ਵਿਚ ਹੌਲੀ ਹੌਲੀ 'ਸਭ ਲਈ ਸਿਹਤ' ਦੇ ਟੀਚੇ ਤੋਂ ਸ਼ੁਰੂ ਹੋ ਕੇ ਪਬਲਿਕ ਪ੍ਰਾਈਵੇਟ ਸਾਂਝੇਦਾਰੀ ਅਤੇ ਹੁਣ 2017 ਵਾਲੀ ਨੀਤੀ ਵਿਚ 'ਸਿਹਤ ਸਨਅਤ' ਦੀ ਗੱਲ, ਸਭ ਲਈ ਬਰਾਬਰ ਸਿਹਤ ਦੇ ਮੰਸ਼ੇ 'ਤੇ ਸਵਾਲ ਖੜ੍ਹੇ ਕਰਦੀ ਹੈ। ਕਿਸੇ ਨੂੰ ਵੀ ਸਿਹਤ ਮੁਹੱਈਆ ਕਰਵਾਉਣੀ ਹੈ ਤਾਂ ਸਿਹਤ ਕਾਮਿਆਂ ਦੀ ਲੋੜ ਮੁੱਖ ਹੈ ਤੇ ਉਸ ਵਿੱਚੋਂ ਵੀ ਮਾਹਿਰ ਡਿਗਰੀ ਲੈ ਕੇ ਤਿਆਰ ਹੋਏ, ਘੱਟੋ-ਘੱਟ ਐੱਮਬੀਬੀਐੱਸਡਾਕਟਰ ਦੀ ਪਰ ਇਨ੍ਹਾਂ ਸੰਸਥਾਵਾਂ, ਮੈਡੀਕਲ ਕਾਲਜ ਵਿਚ ਡਾਕਟਰ ਬਣਨ ਕੌਣ ਜਾ ਰਿਹਾ ਹੈ? ਕੀ ਉਹ ਡਾਕਟਰ ਬਣ ਕੇ ਕਿਸੇ ਸੇਵਾ ਭਾਵ ਨਾਲ ਦਾਖਲ ਹੋ ਰਹੇ ਹਨ? ਜੇਕਰ ਵਿਦਿਆਰਥੀਆਂ ਤੋਂ ਸਿੱਧਾ ਸਪੱਸ਼ਟ ਸਵਾਲ ਪੁੱਛਾਂਗੇ ਤਾਂ ਸਭ ਦਾ ਜਵਾਬ ਹਾਂ ਵਿਚ ਹੋਵੇਗਾ ਪਰ ਅਸਲੀ ਤਸਵੀਰ ਉਦੋਂ ਸਾਹਮਣੇ ਆਉਂਦੀ ਹੈ, ਜਦੋਂ ਉਹ ਮੈਦਾਨ ਵਿਚ ਨਿਤਰਦੇ ਹਨ।

ਮੈਡੀਕਲ ਕਾਲਜ ਦੇ ਦਾਖਲੇ ਦੀ ਪ੍ਰਕਿਰਿਆ ਜੋ ਕਦੇ ਬਾਰ੍ਹਵੀਂ ਦੇ ਇਮਤਿਹਾਨਾਂ ਦੇ ਆਧਾਰ 'ਤੇ ਹੁੰਦੀ ਸੀ, ਅੱਜ ਕੱਲ੍ਹ ਵੀ ਉਸੇ ਆਧਾਰ 'ਤੇ ਹੀ ਹੈ ਭਾਵੇਂ, ਯੂ ਜੀ ਨੀਟ ਦਾ ਇਮਤਿਹਾਨ ਪਾਸ ਕਰਨਾ ਪੈਂਦਾ ਹੈ। ਉਸ ਦੀ ਤਿਆਰੀ ਜੇਕਰ ਨੌਵੀਂ ਦਸਵੀਂ ਤੋਂ ਨਹੀਂ ਤਾਂ ਗਿਆਰਵੀਂ, ਬਾਰ੍ਹਵੀਂ ਤੋਂ ਤਾਂ ਸ਼ੁਰੂ ਹੋ ਹੀ ਜਾਂਦੀ ਹੈ। ਇਸ ਦੌਰਾਨ ਨੀਟ ਦੀ ਤਿਆਰੀ ਲਈ ਫੈਲਿਆ ਟਿਊਸ਼ਨ ਸੈਂਟਰਾਂ ਦਾ ਜਾਲ, ਮੰਗ ਕਰਦਾ ਹੈ ਕਿ ਬੱਚਾ ਉਨ੍ਹਾਂ ਕੋਲ ਰਹੇ। ਬੱਚੇ ਬਾਰ੍ਹਵੀਂ ਦਾ ਸਰਟੀਫਿਕੇਟ ਹਾਸਲ ਕਰਨ ਲਈ, ਡੰਮੀ ਦਾਖਲੇ ਕਰਵਾਉਂਦੇ ਹਨ। ਇਹ ਡੰਮੀ (ਨਕਲੀ/ਫਰਜ਼ੀ) ਦਾਖਲੇ ਉਨ੍ਹਾਂ ਦੀ ਮਾਨਸਿਕਤਾ 'ਤੇ ਪਹਿਲਾ ਵਾਰ ਹੁੰਦੇ ਹਨ। ਇਨ੍ਹਾਂ ਸੈਂਟਰਾਂ ਵਿਚ ਔਸਤਨ ਦੋ ਸਾਲਾਂ ਲਈ ਚਾਰ-ਪੰਜ ਲੱਖ ਰੁਪਏ ਖਰਚਣੇ ਪੈਂਦੇ ਹਨ, ਜੇਕਰ ਉਹ ਉਸੇ ਸ਼ਹਿਰ ਹੋਣ। ਫਿਰ ਮੈਡੀਕਲ ਕਾਲਜ ਦੇ ਦਾਖਲੇ ਸਮੇਂ ਸਰਕਾਰੀ ਪ੍ਰਾਈਵੇਟ ਦੀ ਫੀਸ ਨੂੰ ਸਾਹਮਣੇ ਰੱਖੀਏ ਤਾਂ ਸਰਕਾਰੀ ਮੈਡੀਕਲ ਕਾਲਜ ਵਿਚ ਵੀ ਇਹ ਕੋਰਸ, ਫੀਸ, ਹੋਸਟਲ, ਮੈੱਸ, ਕਿਤਾਬਾਂ-ਕੱਪੜੇ ਆਦਿ ਦੇ ਮੱਦੇਨਜ਼ਰ 15-20 ਲੱਖ ਦਾ ਬਣਦਾ ਹੈ, ਜਦੋਂ ਕਿ ਪ੍ਰਾਈਵੇਟ ਮੈਡੀਕਲ ਕਾਲਜਾਂ ਦੀ ਫੀਸ ਹੀ ਸਿਰਫ਼ 30-40 ਲੱਖ ਰੁਪਏ ਹੈ ਤੇ ਬਾਕੀ ਖਰਚੇ ਵੱਖਰੇ। ਉਥੇ ਇਹ 30-40 ਲੱਖ ਰੁਪਏ ਵੀ, ਇਕ ਮੁਸ਼ਤ ਦੇਣੇ ਪੈਂਦੇ ਹਨ। ਇਸ ਤੋਂ ਬਾਅਦ ਪ੍ਰਾਈਵੇਟ ਮੈਡੀਕਲ ਕਾਲਜ, ਜਿਨ੍ਹਾਂ ਵਿਚੋਂ ਬਹੁਤੇ ਸਰਕਾਰ ਵਿਚ ਸ਼ਾਮਲ ਵਿਧਾਇਕ ਜਾਂ ਸੰਸਦ ਮੈਂਬਰਾਂ ਦੇ ਹਨ ਜਾਂ ਉਨ੍ਹਾਂ ਦੀ ਭਾਗੀਦਾਰੀ ਨਾਲ ਚੱਲ ਰਹੇ ਹਨ। ਉਹ ਮੈਡੀਕਲ ਕੌਂਸਲ ਦੀਆਂ ਸ਼ਰਤਾਂ ਨੂੰ ਹੌਲੀ-ਹੌਲੀ ਤਬਦੀਲ ਕਰਵਾ ਰਹੇ ਹਨ।



ਅਧਿਆਪਕਾਂ ਦੇ ਪੱਖ ਤੋਂ, ਉਮਰ ਵਿਚ ਵਾਧਾ ਅਤੇ ਕੁਝ ਅਧਿਆਪਕਾਂ ਦੀ ਗਿਣਤੀ ਅਤੇ ਬਣਤਰ ਨੂੰ ਇਸ ਤਰ੍ਹਾਂ ਤੈਅ ਕਰਵਾਇਆ ਹੈ ਕਿ ਉਹ ਘੱਟ ਤੋਂ ਘੱਟ ਅਧਿਆਪਕਾਂ ਨਾਲ ਕੰਮ ਚਲਾ ਸਕਣ। ਇਸ ਤੋਂ ਅੱਗੇ ਪ੍ਰਾਈਵੇਟ ਕਾਲਜ ਵਾਲੇ ਆਪਣੇ ਪੱਧਰ 'ਤੇ, ਕਈ ਤਰ੍ਹਾਂ ਦੀ ਪੇਸ਼ ਕਰਦੇ ਹਨ, ਪੂਰਾ ਸਮਾਂ ਰਹਿਣ ਵਾਲੇ, ਹਫ਼ਤੇ ਵਿਚ ਦੋ ਕੁ ਦਿਨ ਆਉਣ ਵਾਲੇ ਅਤੇ ਆਪਣੀ ਹਾਮੀ ਦੇ ਕੇ, ਘਰੇ ਬੈਠਣ ਵਾਲੇ। ਇਹ ਸੱਚ ਕਿਸੇ ਤੋਂ ਲੁਕਿਆ ਨਹੀਂ ਹੈ। ਇਸ ਤਰ੍ਹਾਂ ਰੱਖੀ ਗਈ ਫੈਕਲਟੀ ਕੀ ਪੜ੍ਹਾਏਗੀ ਇਹ ਇਕ ਅਹਿਮ ਪਹਿਲੂ ਹੈ।

ਮੌਜੂਦਾ ਸਰਕਾਰ ਨੇ ਮੈਡੀਕਲ ਕੌਂਸਲ ਆਫ ਇੰਡੀਆ (ਐੱਮ।ਸੀ।ਆਈ।) ਨੂੰ ਤੋੜ ਹੀ ਦਿੱਤਾ ਹੈ ਤੇ ਹੁਣ ਉਸ ਦੀ ਥਾਂ ਨੈਸ਼ਨਲ ਮੈਡੀਕਲ ਕਮੀਸ਼ਨ ਹੋਂਦ ਵਿਚ ਆਇਆ ਹੈ। ਐੱਮ।ਸੀ।ਆਈ ਲਗਾਤਾਰ ਇਨ੍ਹਾਂ ਸੰਸਥਾਵਾਂ 'ਤੇ ਨਿਗਰਾਨੀ ਰੱਖਦੀ ਸੀ। ਹੁਣ ਸਿਰਫ ਇਕ ਵਾਰ ਮੈਡੀਕਲ ਕਾਲਜ ਖੋਲ੍ਹਣ ਦੀ ਪ੍ਰਵਾਨਗੀ ਵੇਲੇ ਇਸ ਦੀ ਲੋੜ ਪਵੇਗੀ, ਫਿਰ ਸੰਸਥਾ ਕਿਸੇ ਨਾਮਵਾਰ ਐਕਰੀਡੇਸ਼ਨ ਕੰਪਨੀ ਤੋਂ ਸਰਟੀਫਿਕੇਟ ਲਵੇਗੀ ਤੇ ਸੰਸਥਾ ਦਾ ਇਸ਼ਤਿਹਾਰ ਏ +, ਏ ++ ਆਦਿ ਕਹਿ ਦੇ ਦੇਵੇਗੀ। ਸਰਕਾਰ ਕੌਮੀ ਪੱਧਰ 'ਤੇ ਇੱਕ ਐਗਜ਼ਿਟ ਇਮਤਿਹਾਨ ਲਵੇਗੀ, ਜਿਸ ਬਾਰੇ ਅਜੇ ਕੁਝ ਸਪੱਸ਼ਟ ਨਹੀਂ ਹੈ। ਐੱਮਬੀਬੀਐੱਸ ਦੀ ਪੜ੍ਹਾਈ ਦੇ ਹਾਲ ਦਾ ਅੰਦਾਜ਼ਾ ਇੱਥੋਂ ਲਾ ਸਕਦੇ ਹਾਂ ਕਿ ਉਨ੍ਹਾਂ ਬੱਚਿਆਂ ਦੇ ਨੀਟ ਪੀ।ਜੀ। ਦਾ ਦਬਾਅ ਰਹਿੰਦਾ ਹੈ, ਜੋ ਉਹ ਦਾਖਲੇ ਤੋਂ ਬਾਅਦ ਸ਼ੁਰੂ ਕਰ ਲੈਂਦੇ ਹਨ ਤੇ ਵਿਧੀਵਤ ਪੜ੍ਹਾਈ, ਮੈਡੀਕਲ ਦੇ ਪ੍ਰੈਕਟੀਕਲ ਅਤੇ ਹਸਪਤਾਲ ਦੀਆਂ ਡਿਊਟੀਆਂ ਵੱਲ ਧਿਆਨ ਨਹੀਂ ਹੁੰਦਾ।

ਇਸ ਸਾਰੇ ਦ੍ਰਿਸ਼ ਵਿਚ ਇਕ ਅਹਿਮ ਸਵਾਲ ਹੈ ਕਿ ਅਸੀਂ ਕਿਸ ਤਰ੍ਹਾਂ ਦੇ, ਕਿਸ ਕੁਆਲਿਟੀ ਦੇ ਡਾਕਟਰ ਪੈਦਾ ਕਰ ਰਹੇ ਹਾਂ। ਅਸੀਂ ਜੋ ਸਿਹਤਪ੍ਰਤੀ ਫ਼ਿਕਰਮੰਦ ਹਾਂ, ਕਿੰਨਾਂ ਹੱਥਾਂ ਵਿਚ ਸਟੈਥੋ, ਬਲੱਡ ਪ੍ਰੈਸ਼ਰ ਅਪਰੇਟਸ, ਇੰਜੈਕਸ਼ਨ ਆਦਿ ਫੜਾ ਰਹੇ ਹਾਂ, ਜੋ ਕਲਾਸਾਂ/ਹਸਪਤਾਲਾਂ ਵਿਚ ਜਾਣ ਦੇ ਇਛੁੱਕ ਨਹੀਂ ਹਨ ਅਤੇ ਨਾਲ ਹੀ ਫੈਕਲਟੀ, ਪ੍ਰੋਫੈਸਰ, ਅਸਿਸਟੈਂਟ ਪ੍ਰੋਫੈਸਰ, ਜੋ ਹਫਤੇ ਵਿਚ ਦੋ ਦਿਨ ਆਉਂਦੇ ਹਨ, ਇਕ ਰਾਤ ਰਹਿੰਦੇ ਹਨ ਤੇ ਸਿਲੇਬਸ ਮੁਕਾ ਕੇ ਤੁਰ ਜਾਂਦੇ ਹਨ। ਕਿਤਾਬਾਂ ਪੜ੍ਹਨਾ, ਬੀ।ਪੀ। ਚੈੱਕ ਕਰਨਾ ਜਾਂ ਕੁਝ ਹੋਰ ਜਾਣ ਲੈਣਾ ਕਾਫ਼ੀ ਨਹੀਂ ਹੈ ਜਾਂ ਕਹੀਏ ਇਹ ਦ੍ਰਿਸ਼ 'ਡਿਗਰੀ ਹੋਲਡਰ' ਡਾਕਟਰ ਬਣਾ ਰਿਹਾ ਹੈ, ਜੋ ਕਿ ਕਾਰਪੋਰੇਟ ਹਸਪਤਾਲਾਂ ਲਈ ਕੰਮ ਵਿਚ ਮਦਦਗਾਰ ਹੋਣਗੇ ਤੇ ਕਾਰਪੋਰੇਟ ਅੱਗੋਂ ਕਰੋੜਾ ਰੁਪਏ ਦੀ ਫੀਸ ਨਾਲ ਤਿਆਰ ਹੋ ਰਹੇ, ਸਟੰਟ ਪਾਉਣ ਦੇ, ਗੋਡੇ ਬਦਲਣ ਦੇ, ਜਿਗਰ ਜਾਂ ਪੇਟ ਦੇ ਸੁਪਰ-ਸੁਪਰ ਮਾਹਿਰ ਕਰਨਗੇ।



ਵਿਜੈ ਗਰਗ
ਸਾਬਕਾ ਪ੍ਰਿੰਸੀਪਲ, ਮਲੋਟ

ਇਕ ਦੇ ਸੰਵਿਧਾਨਕ ਅਧਿਕਾਰ ਦੀ ਗੱਲ ਕਰ ਰਹੇ ਹਾਂ, ਉੱਥੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਪੱਖ ਤੋਂ ਵੀ ਇਕ ਪਾੜਾ, ਮੈਡੀਕਲ ਕਾਲਜ ਦੇ ਦਾਖਲੇ ਅਤੇ ਪੜ੍ਹਾਈ ਦੇ ਪੱਧਰ ਤੋਂ ਹੀ ਸਿਰਜਿਆ ਜਾ ਰਿਹਾ ਹੈ। ਘੱਟੋ ਘੱਟ ਵੀਹ ਲੱਖ ਰੁਪਏ ਖਰਚ ਕਰਕੇ, ਇਕ ਵਿਦਿਆਰਥੀ ਤੋਂ ਸੇਵਾ ਦੀ, ਪਿੰਡ ਵਿਚ ਰਹਿ ਕੇ ਆਪਣੀਆਂ ਸੇਵਾਵਾਂ ਦੇਣ ਦੀ ਕਿੰਨੀ ਕੁ ਉਮੀਦ ਕਰ ਸਕਦੇ ਹਾਂ?

ਇਹ ਸਵਾਲ ਇਸ ਲਈ ਮਹੱਤਵਪੂਰਨ ਹੈ ਕਿ ਕਾਰਪੋਰੇਟ ਜਗਤ ਦੀਆਂ ਸਿਹਤ ਸੇਵਾਵਾਂ ਇੰਨੀਆਂ ਮਹਿੰ-ਗੀਆਂ ਹਨ ਕਿ ਮੱਧਵਰਗੀ ਪਰਿਵਾਰ ਵੀ ਉਸ ਨੂੰ ਹਾਸਲ ਨਹੀਂ ਕਰ ਸਕਦੇ।

'ਸਭ ਲਈ ਸਿਹਤ' ਦੇਸ਼ ਦੇ ਹਰ ਕੋਨੇ ਵਿਚ, ਦੂਰ-ਦਰਾਜ ਇਲਾਕਿਆਂ ਤੱਕ ਸਿਹਤ ਨਿਸ਼ਚਿਤ ਹੀ ਆਉਣ ਵਾਲੇ ਸਮੇਂ ਵਿਚ ਸੁਪਨਾ ਹੋਣ ਜਾ ਰਹੀ ਹੈ। ਨਾਲੇ ਜਿਸ ਮਿਆਰੀ ਸਿਹਤ ਸੰਭਾਲ ਦੀ ਲੋੜ ਸਾਰੇ ਮਹਿਸੂਸ ਕਰਦੇ ਹਨ, ਉਹ ਵੀ ਦੂਰ ਦੀ ਗੱਲ ਹੋ ਰਹੀ ਹੈ।

# ਭਾਰਤ ਦੀ ਦੂਜੀ ਪੁਰਾਣੀ ਪਾਰਟੀ ਅਕਾਲੀ ਦਲ ਦਾ ਪੁਨਰਗਠਨ, ਚਿੰਤਾ ਅਤੇ ਭਵਿੱਖ !

ਸ਼੍ਰੋਮਣੀ ਅਕਾਲੀ ਦਲ ਦੇ ਪੁਨਰਗਠਨ ਦੀ ਚਰਚਾ ਸ਼ੁਰੂ ਹੋ ਗਈ ਹੈ। ਸਿੱਖਾਂ ਵਿੱਚ ਸੰਭਾਵਿਤ ਖਤਰਿਆਂ ਨੂੰ ਲੈ ਕੇ ਵੱਡੀ ਚਿੰਤਾਂ ਬਣੀ ਹੋਈ ਹੈ। ਆਰ ਐਸ ਐਸ ਵੱਲੋਂ ਪਾਏ ਜਾਲ ਨਾਲ ਮੋਦੀ, ਸ਼ਾਹ ਦੀ ਜੋੜੀ ਨੇ ਜਿਸ ਤਾਰੀਕੇ ਨਾਲ ਸਿੱਖਾਂ ਦੇ ਰਾਜਨੀਤਕ ਰਾਹ ਨੂੰ ਥੜਕਾਉਣ ਅਤੇ ਸਿਆਸੀ ਰੀੜ ਹੱਡੀ ਸ਼੍ਰੋਮਣੀ ਅਕਾਲੀ ਦਲ ਨੂੰ ਸੱਨ ਲਾਈ ਹੈ। ਉਹ ਬਾਦਲ ਪ੍ਰੀਵਾਰ ਲਈ ਤਾਂ ਘਾਤਕ ਸਾਬਤ ਹੋਈ ਪਰ ਜਿਆਦਾ ਨੁਕਸਾਨ ਉਹ ਸਿੱਖਾਂ ਦਾ ਕਰ ਰਹੀ ਹੈ। ਪੰਥਕ ਹਲਕਿਆਂ ਵਿੱਚ ਬਾਦਲਾਂ ਦਾ ਸ਼੍ਰੋਮਣੀ ਅਕਾਲੀ ਦਲ ਤੋ ਪੰਜਾਬ ਸਮੇਤ ਹਰਿਆਣਾ, ਦਿੱਲੀ ਵਿੱਚੋ ਮੁਕੰਮਲ ਸਫਾਏ ਨਾਲ ਇਕ ਦੋਗਲੀ ਅਤੇ ਸਿੱਖ ਵਿਰੋਧੀ ਨੀਤੀ ਦੇ ਸਫਾਏ ਨੇ ਇਕ ਢਾਰਸ ਦਿੱਤੀ ਪਰ ਫਿਕਰਮੰਦੀ ਦਾ ਦਰਵਾਜ਼ਾ ਵੀ ਖੜਕਿਆ ਹੈ। ਰਾਜਨੀਤਕ ਤੌਰ ਤੇ ਅਕਾਲੀ ਦਲ ਸਿੱਖਾਂ ਦਾ ਨੁਮਾਇਦਾ ਸਵਿਧਾਨਿਕ ਚੋਣ ਢਾਂਚਾ ਹੈ। ਜਿਸ ਦੀ ਰਹਿਨੁਮਾਈ ਹੇਠ ਰਾਜਨੀਤਕ ਗਠਨ ਕਰਕੇ ਕੌਮ ਪ੍ਤੀ ਸੇਵਾਵਾਂ ਨੂੰ ਲਾਗੂ ਕੀਤਾ ਜਾਦਾਂ ਹੈ। ਕਾਂਗਰਸ (1885) ਤੋ ਬਾਆਦ ਭਾਰਤ ਦੀ ਦੂਜੀ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ (1920) ਹੈ। ਇਸ ਪਾਰਟੀ ਨੇ ਕੇਵਲ ਸਿੱਖਾਂ ਜਾਂ ਪੰਜਾਬ ਦੀ ਲੜਾਈ ਹੀ ਨਹੀ ਲੜੀ ਸਗੋ 1947 ਤੋ ਪਹਿਲਾਂ ਬਹੁਤ ਵੱਡੀਆਂ ਸੇਵਾਵਾਂ ਦੇ ਕੇ ਭਾਰਤ ਦੀ ਅਜ਼ਾਦੀ ਦੀ ਲੜਾਈ ਵਿੱਚ ਖ਼ੂਨ ਡੋਲ ਕੇ ਆਪਣਾ ਇਤਿਹਾਸ ਸਿਰਜਿਆ ਹੈ। ਅਜ਼ਾਦੀ ਤੋ ਬਾਆਦ ਵਾਲੇ ਭਾਰਤ ਵਿੱਚ ਦੇਸ਼ ਦੀ ਦਿਸ਼ਾ ਸੁਧਾਰਨ ਵਿੱਚ ਆਪਣੇ ਹੱਕਾ ਦੀ ਲੜਾਈ ਲੜਦਾ ਰਿਹਾ ਹੈ। ਸ਼ੌਮਣੀ ਅਕਾਲੀ ਦਲ ਦੀ ਪਹਿਲੀ ਸ਼ਤਾਬਤੀ ( 2020 ) ਆਉਦੇ ਤੱਕ ਅਕਾਲੀ ਦਲ ਦੇ ਡਿੱਗੇ ਮਿਆਰ ਨੂੰ ਸਹਿਣਾ ਸਿੱਖਾਂ ਲਈ ਅਸਿਹ ਅਤੇ ਅਕਿਹ ਹੋ ਗਿਆ ਹੈ। ਪੰਜਾਬ ਲਈ ਅਕਾਲੀ ਦਲ ਦਾ ਕੰਮ ਕੇਵਲ ਸਿਆਸਤ ਕਰਨਾ ਨਹੀ ਸਗੋਂ ਗੁਰੂਆਂ ਦੇ ਵਰਸੋਏ ਗੁਰੂਬਾਣੀ ਅਧਾਰਿਤ ਸਿੱਖੀ ਸਿਧਾਤਾਂ ਨੂੰ ਰਾਜਨੀਤਕ ਪਲੇਟਫਾਰਮ ਰਾਹੀ ਮਨੁੱਖਤਾ ਦੀ ਭਲਾਈ ਅਤੇ ਅਗਵਾਈ ਕਰਨਾ ਹੈ ਪਰ ਇਥੇ ਇੱਕ ਪ੍ਰੀਵਾਰ ਦੀ ਵਧੀ ਲਾਲਸਾ ਨੇ ਕੌਮ ਦਾ ਸਰਮਾਇਆ, ਰਾਜਨੀਤੀ ਦੀ ਪ੍ਰਖਤਾ ਅਗਵਾਈ ਕਰਦੀ ਪਾਰਟੀ ਨੂੰ ਜੱਦੀ ਜ਼ਗੀਰ ਬਣਾ ਕੇ ਕੀਤੇ ਘਾਤਕ ਫੈਸਲਿਆਂ ਨੇ ਕੌਮ ਨੂੰ ਚੋਰਾਹੇ ਵਿੱਚ ਖੜੇ ਕਰ ਦਿਤਾ ਹੈ। ਅੱਜ ਇਸ ਪ੍ਰੀਵਾਰ ਦਾ ਪਾਰਟੀ ਉਪਰੋ ਖਤਮ ਹੋਣ ਦੇ ਸੰਕੇਤ ਉਭਰੇ ਹਨ। ਵਿਆਕਤੀਗਤ ਫੈਸਲੇ, ਲਾਲਚਾਂ, ਸਿਆਸੀ ਤਾਕਤ ਦਾ ਕੇਂਦਰੀਕਰਣ, ਪਤਿੱਤਪੁਣੇ ਦੇ ਹਾਵੀ ਹੋਣ ਨਾਲ ਪੰਜਾਬ ਵਿੱਚੋ ਰਾਜਨੀਤਕ ਸਫਰ ਬਿਲਕੁਲ ਖਤਮ ਹੋਣ ਦੇ ਕੰਢੇ ਹੈ। " ਹੱਥਾਂ ਨਾਲ ਦਿੱਤੀਆਂ ਗੰਢਾਂ ਦੇ ਮੂੰਹ ਨਾਲ ਖੁਲਣ ਦੇ ਆਸਾਰ ਵੀ ਬਚੇ ਨਜ਼ਰ ਨਹੀ ਆ ਰਹੇ "। ਬਿਪਰ ਸੋਚ ਦੇ ਹੱਥ ਟੋਕੇ ਬਣ ਸ਼ੋਮਣੀ ਅਕਾਲੀ ਦਲ ਦੇ ਸਿਧਾਂਤਾਂ ਨੂੰ ਕਾਬਜ਼ ਲੋਕਾਂ ਨੇ ਮਿੱਠੇ ਜ਼ਹਿਰ ( ਸਲੌਂ ਪੌਸਿਨ ) ਦਾ ਟੀਕਾ ਲਾਇਆ ਹੈ। ਜੋ ਇਹ ਸੱਭ ਕਾਰਨ ਇਸ ਦੇ ਪੱਤਨ ਦਾ ਕਾਰਨ ਬਣੇ। ਬੀਜੇਪੀ ਉਹ ਮਨੂੰ ਸੋਚ ਹੈ ਜਿਸ ਨੂੰ ਗੁਰੂ ਸਹਿਬਾਨ ਨੇ ਮਨੁੱਖਤਾ ਅਤੇ ਧਰਮ ਦੇ ਪੂਰਨਪੱਖੀ ਨਾ ਹੋਣ ਕਰਕੇ ਦਲੀਲਾਂ ਅਤੇ ਤਰਕਾਂ ਨਾਲ ਖੰਡਨ ਕੀਤਾ। ਅਜੋਕੇ ਅਕਾਲੀ ਦਲ ਬਾਦਲ ਦਾ ਦੂਜੀਆਂ ਕੌਮਾਂ ਨਾਲ ਨੰਹੂ ਮਾਸ ਦਾ ਰਿਸ਼ਤਾ ਦੱਸਣਾ ਆਪਣੇ ਧਰਮ ਦੀਆਂ ਮਰਿਆਦਾਵਾਂ, ਸਿਧਾਂਤ, ਪ੍ਰੰਪਰਾਵਾਂ ਨੂੰ ਢਾਹ ਲਾਉਦਾ ਹੈ। ਸੱਭ ਧਰਮਾਂ, ਜਾਤਾਂ, ਵਰਗਾਂ ਲਈ ਸਤਿਕਾਰਯੋਗ ਭਾਵਨਾ ਦਾ ਬਣੇ ਰਹਿਣਾ ਜਰੂਰੀ ਹੈ। ਗੁਰੂ ਪਾਤਿਸ਼ਾਹ ਨੇ ਸੱਭ ਕੌਮਾਂ ਨੂੰ ਮਨੁੱਖਤਾ ਪੱਖੀ ਜੀਵਨ ਬਸਰ ਕਰਨ ਦੀਆਂ ਸਿਖਿਆਵਾਂ ਨੂੰ ਮਹੱਤਤਾ ਦਿੱਤੀ। ਜੇ ਲੋੜ ਪਈ ਤਾਂ ਜਾਨ ਵੀ ਨਿਛਾਵਰ ਕੀਤੀ। ਪਰ ਆਪਣੇ ਸਿਧਾਤਾਂ ਨਾਲ ਖਿਲਵਾੜ ਬਰਦਾਸ਼ਤ ਯੋਗ ਨਹੀ। ਪੰਥ ਵਿਰੋਧੀ ਸਿਆਸੀ ਜਮਾਤਾਂ ਅਤੇ ਧਾਰਮਿਕ ਡੇਰਿਆਂ ਨਾਲ ਸਮਝੋਤੇ ਸਿਧਾਂਤਹੀਨ ਸਨ। ਉਲਟੀ ਗੰਗਾਂ ਦੇ ਵਿਹਾਣ ਦੇ ਸਮਾਂਨਤਰ ਸਨ।

1972 ਵਿੱਚ ਐਸੰਬਲੀ ਚੋਣਾ ਵਿੱਚ ਅਕਾਲੀ ਦਲ ਦੀ ਵੱਡੀ ਨਿਮੋਸ਼ੀਪੂਰਨ ਹਾਰ ਤੋ ਬਾਆਦ ਇਹ ਦੂਜੀ ਵਾਰੀ 2022 ਵਿੱਚ ਪੂਰੇ 50 ਸਾਲਾਂ ਵਿੱਚ ਉਹਨਾਂ ਹਾਲਾਤਾਂ ਵਿੱਚ ਪਹੁੰਚ ਗਈ ਹੈ ਜਿਹੜੀ ਕਦੇ ਵੀ ਸਿੱਖਾਂ ਦੇ ਇਤਿਹਾਸ ਵਿੱਚ ਨਹੀ ਵਾਪਰਨੀ ਚਾਹਿਦੀ ਸੀ। ਸਿਧਾਂਤਿਕ ਸੋਚ ਦੇ




ਪ੍ਰਥਾਏ ਅੱਧੀ ਸਦੀ ਬਾਆਦ ਪਾਰਟੀ ਦੇ ਰਾਜਸੀ ਅਧਾਰ ਨੂੰ ਇੰਨੇ ਨੀਵੇ ਪੱਧਰ ਤੇ ਵੇਖਿਆ ਜਾ ਰਿਹਾ ਹੈ। ਬਾਦਲ ਪ੍ਰੀਵਾਰ ਪੰਜਾਬ ਪੱਖੀ ਹੇਜ਼ ਦਾ ਰੰਗ ਗੂੜਾ ਕਰਕੇ ਸਿੱਖ ਜ਼ਜਬਾਤਾਂ ਨਾਲ ਖਿਲਵਾੜ ਤੋ ਵੱਧ ਕੁਝ ਨਾ ਕਰ ਸਕੇ। 1972 ਵਿੱਚ ਉਸ ਵੇਲੇ ਅਕਾਲੀ ਦਲ ਦੇ ਨਵੇ ਪੂਰਨਗਠਨ ਲਈ ਸਿੱਖਾਂ ਨੂੰ ਇਕੱਠੇ ਕਰਕੇ ਵਕਤੀ ਨੌਜਵਾਨੀ ਦੀ ਅਗਵਾਈ ਕਰਦੇ ਆਗੂ ਗੁਰਚਰਨ ਸਿੰਘ ਟੋਹੜਾ ਦੀ ਰਹਿਨੁਮਾਈ ਹੇਠ ਸੰਤ ਫਤਿਹ ਸਿੰਘ ਨੂੰ ਹਾਰ ਦਾ ਦੋਸ਼ੀ ਮੰਨਦੇ ਪ੍ਰਧਾਨਗੀ ਤੋ ਲਾਹ ਕੇ ਨਵੀ ਲੀਡਰਸਿੱਪ ਨੂੰ ਉਭਾਰਿਆ। ਭਾਵੇ ਕਿ ਬਾਆਦ ਵਿੱਚ ਟੋਹੜਾ ਸਾਬ ਦੀਆਂ ਪੰਥਕ ਲੀਹਾਂ ਵੀ ਕੋਈ ਕੌਮੀ ਤਰਾਨੇ ਨਾ ਗਾ ਸਕੀਆਂ। ਸਿੱਖ ਧਰਮ ਦੀ ਰਹਿਨੁਮਾਈ ਹੇਠ ਚਲਣ ਵਾਲੀ ਸਿਆਸੀ ਪਾਰਟੀ ਅਕਾਲੀ ਦਲ, ਭਾਰਤ ਦੀ 1947 ਵਿੱਚ ਨਵੀਨ ਸਿਰਜ਼ਨਾ ਤੋ ਪਹਿਲਾਂ ਬ੍ਰਿਟਿਸ਼ ਭਾਰਤ ਵਿੱਚ ਆਪਣੀ ਹੋਂਦ ਅਤੇ ਸਪੱਸ਼ਤਾ ਦਾ ਲੋਹਾ ਮੰਨਵਾ ਚੁੱਕੀ ਸੀ। ਜਿਸ ਦਾ ਮਕਸਦ ਸਿੱਖ ਮੁੱਦਿਆਂ ਨੂੰ ਸਿਆਸੀ ਅਵਾਜ਼ ਦੇਣਾ ਸੀ। ਇਸ ਦੇ ਪ੍ਰਭਾਵੀ ਸਿਧਾਂਤ ਧਰਮ ਅਤੇ ਰਾਜਨੀਤੀ ਨੂੰ ਇਕੱਠੇ ਲੈ ਕੇ ਚਲਣਾ ਸੀ। ਆਜ਼ਾਦੀ ਵੇਲੇ ਸਿੱਖਾਂ ਨੇ ਵੱਖਰਾ ਦੇਸ਼ ਨਾ ਲੈ ਕੇ ਆਪਣੀ ਗਲਤੀ ਦਾ ਅਹਿਸਾਸ ਮਹਿਸੂਸ ਕਰਕੇ ਪੰਜਾਬ ਦੇ ਹੱਕਾ ਲਈ ਵੱਡੀਆਂ ਲੜਾਈਆਂ ਜਰੂਰ ਲੜਦੇ ਰਹੇ। ਪਰ ਇਹ ਕਦੇ ਵੀ ਨਹੀ ਸੋਚਿਆ ਜਾ ਸਕਦਾ ਸੀ ਕਿ ਅਸੀ ਪੰਜਾਬ ਦੇ ਬੂਨਿਆਦੀ ਹੱਕਾਂ ਲਈ ਕਿਸੇ ਕੇਂਦਰੀ ਪਾਰਟੀ ਬੀਜੇਪੀ ਜਾਂ ਕਾਂਗਰਸ ਨੂੰ ਬਿਨਾ ਸ਼ਰਤ ਸਿਆਸੀ ਹਮਾਇਤ ਦਈਏ। ਹਰ ਵੇਲੇ ਧਰਮ ਜਾਂ ਰਾਜਨੀਤੀ ਨੂੰ ਮਹਿਫੂਜ਼ ਕਰਨ ਲਈ ਸਿਧਾਤਿਕ ਸੋਚ ਅਨੁਸਾਰ ਹੀ ਫੈਸਲੇ ਲੈਣੇ, ਹੋਂਦ ਦੀ ਸਪੱਸ਼ਤਾ ਨੂੰ ਦਰਸਾਉਦਾ ਹੈ।



ਦਲਵਿੰਦਰ ਸਿੰਘ ਘੁੰਮਣ, ਫਰਾਂਸ

ਅਸੀ ਇਸ ਦੀ ਮਿਸਾਲ ਪੱਛਮੀ ਬੰਗਾਲ ਦੀ ਤਿਰਮੂਲ ਕਾਂਗਰਸ ਦੀ ਮੁੱਖੀ ਮਮਤਾ ਬੈਨਰਜ਼ੀ ਤੋ ਸਿੱਖ ਸਕਦੇ ਹਾਂ। ਆਪਣੇ ਪ੍ਰਦੇਸ਼ ਲਈ ਕਦੇ ਗਲਤ ਫ਼ੈਸਲੇ ਨਹੀ ਕੀਤੇ। ਕੇਂਦਰ ਦੀਆਂ ਨੈਸ਼ਨਲ ਪਾਰਟੀਆਂ ਨਾਲ ਉਸ ਦੇ ਸਮਝੋਤੇ ਕੇਵਲ ਬੰਗਾਲ ਦੀ ਬੇਹਤਰੀ, ਆਰਥਿਕਤਾ ਲਈ ਹੁੰਦੇ ਹਨ। ਉਹ ਕਦੇ ਕੇਂਦਰ ਦੀ ਧੋਂਸ ਨੂੰ ਪਰਵਾਨ ਨਹੀ ਕਰਦੀ। ਕਿਸੇ ਪਾਰਟੀ ਨਾਲ ਮਿਲ ਕੇ ਸਰਕਾਰ ਨਹੀ ਬਣਾਉਦੀ ਕਿਉ ਕਰਕੇ ਉਹ ਕੇਂਦਰੀ ਪਾਰਟੀਆ ਦੀਆਂ ਨੀਤੀਆਂ ਤੋ ਖਬਰਦਾਰ ਹੋ ਕੇ ਆਪਣੀ ਪਾਰਟੀ ਵਿੱਚ ਘੁਸਪੈਠ ਦੇ ਖਤਰੇ ਤੋ ਵਾਕਿਫ ਹੈ। ਬਾਦਲ ਪ੍ਰੀਵਾਰ ਦੀ ਗਲਤੀ ਦਰ ਗਲਤੀ ਵੀ ਇਥੇ ਇਹੀ ਹੈ ਕਿ ਬੀਜੇਪੀ ਉਪਰ ਅੰਨਾ ਵਿਸ਼ਵਾਸ ਅਤੇ ਲੰਮਾ ਸਮਾਂ ਮਿਲ ਕੇ ਰਾਜ ਕਰਨ ਦੀ ਸਿਆਸੀ ਲਾਲਸਾ ਨੇ ਪਾਰਟੀ ਦੀ ਅੰਦਰੂਨੀ ਤਾਕਤ ਘੱਟਦੀ ਘੱਟਦੀ ਖਤਮ ਹੋ ਗਈ। ਬੀਜੇਪੀ ਦੀ ਰਣਨੀਤੀ ਇਹੀ ਰਹੀ

(ਬਾਕੀ ਸਫਾ 22 'ਤੇ)

# ਕੀ ਖੱਟਿਆ ਪ੍ਰਦੇਸੀਆ ਪ੍ਰਦੇਸ ਜਾ ਕੇ?

ਰਮਨਦੀਪ ਸੰਧੂ, ਮੈਲਬੌਰਨ

ਸ਼ੁੱਕਰਵਾਰ ਦਾ ਦਿਨ ਸੀ ਤੇ ਸ਼ਿਫ਼ਟ ਦੇ ਕੁਝ ਕੁ ਪਲ ਈ ਬਾਕੀ ਸਨ, ਮੈਂ ਸੋਚਿਆ ਰੇਲ ਦੇ ਟੇਸ਼ਨ ਕੋਲੋਂ ਖਾਲੀ ਕੀ ਲੰਘਣਾ ਜਾਂਦੇ ਜਾਂਦੇ ਵੇਖ ਜਾਂਨਾ ਕਈ ਵਾਰ ਟੈਕਸੀ ਨਾ ਹੋਣ ਕਰ ਕੇ ਸਵਾਰੀਆਂ ਖੜੀਆਂ ਹੁੰਦੀਆਂ ਨਜ਼ਰਾਂ ਟਿਕਾਈ। ਘਰ ਵੱਲ ਜਾਣ ਵਾਲੀ ਸਵਾਰੀ ਪੈ ਜਾਵੇ ਤਾਂ ਸੋਨੇ ਤੇ ਸੁਹਾਗਾ ਹੁੰਦਾ ਉਂਝ ਵੀ ਖਾਲੀ ਗੱਡੀ ਭਜਾਈ ਫਿਰਦਿਆਂ ਡਰਾਇਵਰਾਂ ਦੇ ਮਨਾਂ ਨੂੰ ਹੋਰੂੰ ਜਿਹਾ ਹੁੰਦਾ, ਉਦੇੜ ਬੁਣ ਚੱਲ ਈ ਰਹੀ ਸੀ ਕਿ ਡਿਸਪੈਚਰ ਵੱਜਿਆ ਭਲੇ ਨੂੰ ਜੌਬ ਵੀ ਟੇਸ਼ਨ ਤੋਂ ਈ ਆ ਗਈ। ਇੱਕ ਮਾਤਾ ਪਿੱਠੂ ਬੈਗ ਲਈ ਟੈਕਸੀ ਵੇਖ ਅੱਗੇ ਵਧੀ ਮੈਂ ਨਾਮ ਪੁੱਛ ਬਿਠਾਇਆ, ਸੀਟ ਬੈਲਟ ਲਾਉਂਦੀ ਨੇ ਪਤਾ ਦੱਸਿਆ ਜਾਣ ਲਈ ਤੇ ਬਿਨਾਂ ਸਾਹ ਲਏ ਈ ਗੱਲਾਂ ਦਾ ਗੇਅਰ ਪਾ ਲਿਆ। ਬਹੁਗਿਣਤੀ ਸਵਾਰੀਆਂ ਵਾਂਗ ਇਹੀ ਪੁੱਛਿਆ ਕਿ ਦਿਨ ਕਿਵੇਂ ਚਲਦਾ ਕਿੰਨੇ ਵਜੇ ਸ਼ੁਰੂ ਕਦੋਂ ਸ਼ਿਫ਼ਟ ਮੁੱਕਣੀ ਵਗੈਰਾ ਵਗੈਰਾ। ਜਵਾਬ ਦੇ ਕੇ ਮੈਂ ਆਪਣਾ ਘੜਿਆ ਘੜਾਇਆ ਸਵਾਲ ਮਾਈ ਅੱਗੇ ਰੱਖਿਆ ਕਿ ਮੈਲਬੋਰਨ ਤੋਂ ਘੁੰਮਣ ਆਏ ਜਾਂ ਇੱਥੋਂ ਦੇ ਰਹਿਣ ਵਾਲੇ ਓ, ਸਵਾਲ ਸੁਣ ਮੂੰਹ ਤੇ ਲੱਗੇ ਮਾਸਕ ਵਿੱਚੋਂ ਹਲਕੀ ਜੀ ਮੁਸਕਰਾਹਟ ਨਾਲ ਜਵਾਬ ਆਇਆ ਆਪਣੀ ਧੀ ਦੇ ਨਿਆਣੇ ਸਾਂਭਣ ਆਈ ਆਂ ਕੁਝ ਦਿਨਾਂ ਲਈ। ਦੋਵੇਂ ਜੀਅ ਕੰਮਕਾਜੀ ਹੋਣ ਕਰਕੇ ਧੀ ਨੇ ਆਪਣੀ ਰਿਟਾਇਰਡ ਮਾਂ ਦਾ ਹਾੜਾ ਕੱਢ ਲਿਆ ਹੋਣਾ ਬੇਬੀ ਸਿਟਿੰਗ ਨੂੰ । ਉਂਝ ਤਾਂ ਹੌਲੀਡੇਅ ਕੇਅਰ ਪ੍ਰੋਗਰਾਮ ਵੀ ਚਲਦੇ ਪਰ ਓਹਨਾਂ ਤੇ ਓਨਾ ਈ ਖਰਚਾ ਆ ਜਾਂਦਾ ਜਿੰਨੇ ਕੁ ਕਮਾ ਕੇ ਘਰ ਲਿਆਓਣੇ, ਫ਼ੇਰ ਘਰ ਫੁੱਲਾਂ ਤੇ ਘਾਹ ਨਾਲ ਸਮਾਂ ਲੰਘਾਓਂਦੇ ਬਜ਼ੁਰਗ ਆਪਣੇ ਦੋਹਤੇ ਪੋਤੀਆਂ ਦੇ ਹਾਣੀ ਬਣਕੇ ਜਿੰਦਗੀ ਦੇ ਕੁਝ ਪਲ ਮਾਣ ਜਾਂਦੇ ਤੇ ਆਪਣੇ ਬੱਚਿਆਂ ਦੀ ਮਦਦ ਵੀ ਹੋ ਜਾਂਦੀ।

ਬੇਬੇ ਨੇ ਦੱਸਿਆ ਕਿ ਪਿਛਲੇ ਵੀਕਐਂਡ ਤੇ ਈ ਮੇਰਾ ਸੱਠਵਾਂ ਜਨਮਦਿਨ ਮਨਾਇਆ ਤਾਂ ਸਾਰੇ ਆਏ ਸੀ ਅਤੇ ਹੁਣ ਮੈਂ ਮਿਲ ਜਾਵਾਂਗੀ ਨਾਲੇ ਸਮਾਂ ਨਿੱਕਲ ਜੂ ਓਹਨਾਂ ਦਾ । ਇਹ ਸਿਲਸਿਲਾ ਹਰ ਛੁੱਟੀਆਂ ਵਿੱਚ ਚਲਦਾ ਕਦੇ ਪੇਕੇ ਤੇ ਕਦੇ ਸੌਹਰੇ ਆਉਂਦੇ ਕਦੇ ਮਾਂ ਪਿਓ ਕੰਮ ਤੋਂ ਔਫ ਲੈ ਆਪ ਵੀ ਸਮੇਤ ਬੱਚੇ ਇੱਧਰ ਓਧਰ ਘੁੰਮਣ ਜਾਂਦੇ।

ਗਲਾਕੜ ਬੇਬੇ ਦੀਆਂ ਗੱਲਾਂ ਦੀ ਚਲਦੀ ਟੇਪ ਵਿੱਚ ਮੇਰਾ ਖਿਆਲਾਂ ਵਾਲਾ ਜਹਾਜ਼ ਪੰਜਾਬ ਆਲੇ ਮੇਰੇ ਘਰ ਲੈਂਡ ਹੋ ਚੁੱਕਿਆ ਸੀ। ਜਦੋਂ ਮਾਤਾ ਬਾਪੂ ਨੂੰ ਆਖੀਦਾ ਆ ਜਾਓ ਕੁਝ ਸਮੇਂ ਲਈ ਤਾਂ ਜਵਾਬ ਇਹੀ ਹੁੰਦਾ ਕੀ ਕਰਾਂਗੇ ਅਸੀ ਆ ਕੇ ਸਗੋਂ ਤੁਸੀਂ ਆਜੋ ਮਹੀਨੇ ਕੁ ਲਈ ਭਾਵੇਂ। ਹੁਣ



ਤੱਕ ਜਿੰਨੀ ਵਾਰ ਵੀ ਆਏ ਨੇ ਮਾਤਾ ਬਾਪੂ ਸਮੇਂ ਤੋਂ ਪਹਿਲਾਂ ਦੀ ਟਿਕਟ ਕਰਾ ਕੇ ਈ ਵਾਪਸੀ ਕੀਤੀ। ਮੇਰੇ ਛੋਟੇ ਵੀਰ ਤੇ ਭਰਜਾਈ ਦੀ ਸਰਕਾਰੀ ਨੌਕਰੀ ਹੋਣ ਕਰਕੇ ਘਰ ਦੇ ਕੰਮਾਂ ਨਾਲ ਓਹਨਾਂ ਦੇ ਬੱਚਿਆਂ ਦੀ ਸੰਭਾਲ ਵੀ ਇਹਨਾਂ ਈ ਕਰਨੀ ਹੁੰਦੀ । ਆਪ ਵੀ ਮਾਤਾ ਜੀ ਗੋਡਿਆਂ ਮੋਢਿਆਂ ਤੋਂ ਔਖੇ ਈ ਰਹਿੰਦੇ ਤੇ ਕਦੇ ਕਦੇ ਸ਼ਿਕਵੇ ਵੀ ਕਰਦੇ ਬੀ ਤੇਰਾ ਬਾਪੂ ਹਰ ਥਾਂ ਜਾਂਦਾ ਨਹੀਂ ਮੇਰੇ ਨਾਲ ਦਵਾ ਦਾਰੂ ਵਾਸਤੇ ਤੇ ਮੁੰਡਾ ਵਿਚਾਰਾ ਕਿੱਧਰ ਕਿੱਧਰ ਪੂਰਾ ਲੱਥੇ। ਕੰਮਵਾਲੀਆਂ ਤੋਂ ਵੀ ਤੰਗ ਮੇਰੀ ਮਾਂ ਓਹਨਾਂ ਦਾ ਕੀਤਾ ਕੰਮ ਦੋਬਾਰਾ ਫੇਰ ਆਵਦੀ ਤਸੱਲੀ ਲਈ ਕਰਦੀ ਜਾਂ ਜਿਆਦਾਤਰ ਓਹਨਾਂ ਦੇ ਕੰਮ ਤੇ ਨਾ ਆਓਣ ਦੇ ਬਹਾਨੇ ਈ ਹੁੰਦੇ । ਇੱਥੇ ਆ ਕੇ ਵੀ ਧਿਆਨ ਓਹਨਾਂ ਦਾ ਪਿੱਛੇ ਈ ਹੁੰਦਾ।

ਬਾਪੂ ਦਾ ਲਗਭਗ ਹਰ ਰੋਜ਼ ਦਾ ਗੇੜਾ ਹੁੰਦਾ ਆਵਦੇ ਦਫਤਰ ਸੇਵਾਮੁਕਤ ਪੁਲਸੀਆਂ ਨਾਲ ਤੇ ਇੱਥੇ ਆ ਕੇ ਵੱਧ ਤੋਂ ਵੱਧ ਸੈਰ ਕਰ ਆਓਂਦੇ ਜਾ ਲੰਘਦਿਆ ਟੱਪਦਿਆਂ ਨੂੰ ਵੇਖ ਸਮਾਂ ਲੰਘਾਓਦੇ। ਸਾਡਾਓਹਨਾ ਨੂੰ ਬਾਹਰ ਅੰਦਰ ਲੈ ਕੇ ਆਓਣ ਜਾਣ ਵੀ ਵੀਕਐਂਡ ਤੇ ਟਿਕਿਆ ਹੁੰਦਾ। ਇਸੇ ਕਰਕੇ ਓਹਨਾਂ ਦੀ ਖਿੱਚ ਵਤਨਾਂ ਦੀ ਜਿਆਦਾ ਹੁੰਦੀ ਤੇ ਦਿਨ ਵਿੱਚ ਦੋ ਵਾਰ ਫੋਨ ਕਰ ਕੇ ਘਰ ਦੀਆਂ ਗੱਲਾਂ ਬਾਤਾਂ ਸਾਂਝੀਆਂ ਕਰਦੇ ਮੇਰੇ ਮਾਂ ਜਾਏ ਨਾਲ ਤੇ ਓਹਦੇ ਨਿੱਕੇ ਨਿਆਣਿਆ ਨਾਲ। ਕਦੇ ਕਦੇ ਇਹ ਵੀ ਸੋਚਣ ਲਈ ਮਜ਼ਬੂਰ ਹੋ ਜਾਈਦਾ ਕਿ ਸ਼ਾਇਦ ਮਾਂ ਬਾਪ ਦਾ ਜਿਆਦਾ ਝੁਕਾਅ ਨਾਲ ਰਹਿੰਦੇ ਧੀ ਪੁੱਤ ਨਾਲ ਈ ਵਧੇਰੇ ਹੁੰਦਾ ਅਸੀਂ ਤਾਂ ਪ੍ਰਦੇਸੀ ਹੀ ਹਾਂ ਆਖਿਰ। ਇਹ ਸੋਚਣੀ ਸ਼ਾਇਦ ਜਿਆਦਾਤਰ ਪ੍ਰਦੇਸੀਆਂ ਦੀ ਹੋਵੇਗੀ। ਪਰ ਪੰਜਾਬ ਰਹਿੰਦੇ ਮਾਂ ਬਾਪੂ ਦਾ ਖਿਆਲ ਰੱਖਣ ਨੂੰ ਬੜਾ ਜੀਅ ਕਰਦਾ ਤੇ ਕੱਲੇ ਨਿੱਕੇ ਵੀਰ ਨੂੰ ਸਭ ਜਿੰਮੇਵਾਰੀਆਂ ਨਾਲ ਘੋਲ ਕਰਦਿਆਂ ਵੇਖ ਮਨ ਵਿੱਚ ਤਾਂ ਮੇਰੇ ਵੀ ਆਓਦਾ ਏ ਪੁੱਤ ਜੰਮਣ ਦੀ ਖੁਸ਼ੀ ਮੇਰੇ ਵਾਰ ਵੀ ਓਨੀ ਈ ਮਨਾਈ ਹੋਣੀ ਮਾਪਿਆਂ ਨੇ ਫਿਰ ਸਾਂਭ ਸੰਭਾਲ ਇੱਕੋ ਦੇ ਮੋਢਿਆਂ ਤੇ ਕਿਓਂ। ਖੌਰੇ ਕਿਤੇ ਵਿਦੇਸ਼ੀ ਸਿਸਟਮ ਵਿੱਚ ਰਹਿੰਦਿਆਂ ਮਨ ਸਵਾਰਥੀ ਤਾਂ ਨਹੀਂ ਹੋ ਗਿਆ ਸਾਡਾ ਜੋ ਆਵਦੇ ਬੱਚਿਆਂ ਦੇ ਭਵਿੱਖ ਦੀ ਦੁਹਾਈ ਦੇ ਇੱਥੇ ਟਿਕੇ ਰਹਿਣ ਨੂੰ ਪਹਿਲ ਦੇ ਰਿਹਾ ਸੀ ਤੇ ਮੇਰੇ ਬਜ਼ੁਰਗ ਹੁੰਦੇ ਮਾਪਿਆਂ ਦੇ ਭਵਿੱਖ ਦਾ ਕੀ? ਇਹ ਸੋਚ ਅਕਸਰ ਮੇਰੇ ਉੱਤੇ ਭਾਰੂ ਰਹਿੰਦੀ।

ਗੱਲ ਰਿਸ਼ਤੇਦਾਰਾਂ ਦੀ ਵੀ ਕਰ ਲਈਏ ਜਿਹੜੇ ਵਰੇ ਛਿਮਾਹੀਂ ਮੇਰੇ ਫੋਨ ਕਰਨ ਤੇ ਅਕਸਰ ਮਿਹਣਾ ਦਿੰਦੇ ਪਤੰਦਰਾ ਭੁੱਲ ਈ ਗਿਐਂ ਕਦੇ ਫੋਨਫ਼ਾਨ ਈ ਨੀ ਕੀਤਾ, ਜਦਕਿ ਓਹ ਭੁੱਲ ਜਾਂਦੇ ਨੇ ਕਿ ਇਹ ਕਾਲ ਵੀ ਮੈਂ ਈ ਕੀਤੀ ਜਿਹਦੇ ਤੇ ਪਿਆਰ ਦੇ ਰੂਪ ਵਿੱਚ ਮੈਨੂੰ ਕੋਸ ਰਹੇ ਨੇ। ਦੂਰੋਂ ਵੇਖਣ ਵਾਲੇ ਨੂੰ ਇਹੀ ਲਗਦਾ ਅਸੀਂ ਪ੍ਰਦੇਸਾਂ ਵਿੱਚ ਜਿਵੇਂ ਡਾਲਰਾਂ ਦੀ ਪੰਡ ਦੀ ਰਾਖੀ ਈ ਆਏ ਹੋਈਏ, ਪਰ ਸਾਡੇ ਲੋਹੜੀ ਦਿਵਾਲੀ ਦੇ ਦਿਨ ਵਟਸਐਪ ਦੇ ਸਟੇਟਸ ਨਾਲ ਹੀ ਆਓਂਦੇ ਤੇ ਜਾਂਦੇ ਜਾਂ ਹੋਰ ਖੁਸ਼ੀ ਗਮੀ ਤੋਂ ਵਾਂਝੇ ਹੋਣ ਦੇ ਦੁੱਖ ਵੀ ਪ੍ਰਦੇਸੀਆਂ ਦੇ ਅੰਦਰ ਈ ਦਫਨ ਨੇ, ਖੈਰ ਗਲਤੀ ਤਾਂ ਓਹਨਾਂ ਦੀ ਵੀ ਨਹੀਂ।ਇਸ ਭੰਵਰ ਚੋਂ ਕਿਸ਼ਤੀ ਕੱਢਣ ਦਾ ਸਾਡਾ ਈ ਦਾਅ ਨੀ ਲੱਗ ਰਿਹਾ। ਅੱਜਕੱਲ੍ਹ ਸੋਸ਼ਲ ਮੀਡੀਆ ਤੇ ਗੱਲ ਕਰਨੀ ਜਿੰਨੀ ਸੌਖੀ ਹੋ ਗਈ ਓਨੀ ਹੀ ਆਪਣਿਆਂ ਨਾਲ ਦੂਰੀ ਵੱਧ। ਪਤਾ ਨਹੀਂ ਮੂੰਹ ਤੇ ਬੋਲਚਾਲ ਘੱਟ ਹੋਣ ਕਾਰਣ ਸ਼ਾਇਦ ਮੋਹ ਮਨਫ਼ੀ ਹੋ ਰਿਹਾ ਜਿੰਦਗੀਆਂ ਵਿੱਚੋਂ। ਪਰ ਜੋ ਵੀ ਏ ਘਾਟੇ ਵੀ ਹਨ ਪ੍ਰਦੇਸਾਂ ਦੇ ਮੰਨੀਏ ਭਾਵੇਂ ਨਾਂ। “ਜਸਟ ਅੱਪ ਹਿਅਰ ਆਨ ਦਾ ਲੈਫ਼ਟ ਇਸ ਫਾਈਨ ਮਿਸਟਰ ਸਿੰਘ” ਕਹਿ ਮਾਈ ਨੇ ਭਾੜਾ ਪੁੱਛਿਆ ਕਿੰਨਾ, ਕਾਰਡ ਦੀ ਟੀਂ ਕਰਾ ਸਵਾਰੀ ਚਲਦੀ ਬਣੀ।ਘਰ ਵੱਲ ਚਾਲੇ ਪਾਏ ਤੇ ਆਦਤਨ ਮੀਟਰ ਤੇ ਹੱਥ ਮਾਰ ਕੇ ਵੇਖਿਆ ਅੱਜ “ਕੀ ਖੱਟਿਆ ਪ੍ਰਦੇਸੀਆ” ਤੇ ਇਹੀ ਫੁਰਨਾ ਇਸ ਲਿਖਤ ਦੀ ਵਜ੍ਹਾ ਵੀ ਬਣਿਆ।

# ਪੁਲਿਸ ਟਰੇਨਿੰਗ ਅਕੈਡਮੀ ਫਿਲੌਰ ਦੀਆਂ ਕੁਝ ਯਾਦਾਂ !



ਬਲਰਾਜ ਸਿੰਘ ਸਿੱਧੂ ਕਮਾਂਡੈਂਟ, ਪੰਡੋਰੀ ਸਿੱਧਵਾਂ

ਪੁਲਿਸ ਟਰੇਨਿੰਗ ਸੈਂਟਰਾਂ ਵਿੱਚ ਇੱਕ ਅਲੱਗ ਹੀ ਕਿਸਮ ਦੀ ਦੁਨੀਆਂ ਵੱਸਦੀ ਹੈ। ਉਥੇ ਰੰਗਰੂਟਾਂ ਵਾਸਤੇ ਉਸਤਾਦ ਹੀ ਰੱਬ ਹੁੰਦਾ ਹੈ ਤੇ ਉਸ ਦੇ ਮੂੰਹ ਵਿੱਚੋਂ ਨਿਕਲਣ ਵਾਲਾ ਹਰ ਸ਼ਬਦ ਇਲਾਹੀ ਹੁਕਮ ਹੁੰਦਾ ਹੈ। ਉਸ ਦੇ ਕਹਿਣ ‘ਤੇ ਪੀ।ਟੀ – ਪਰੇਡ ਕਰਨੀ ਅਤੇ ਸਜ਼ਾ ਮਿਲਣ ‘ਤੇ ਮਿੱਟੀ ਵਿੱਚ ਲੇਟਣਾ, ਡੱਡੂ ਛੜੱਪੇ ਲਾਉਣੇ ਅਤੇ ਉਲਟ ਬਾਜ਼ੀਆਂ ਮਾਰਨੀਆਂ ਹੀ ਪੈਂਦੀਆਂ ਹਨ। ਨਵੇਂ ਭਰਤੀ ਹੋਏ ਰੰਗਰੂਟ ਵੱਖ ਵੱਖ ਪਿੱਠ ਭੂਮੀਆਂ ਤੋਂ ਆਉਂਦੇ ਹਨ। ਕੋਈ ਅਮੀਰ ਘਰ ਦਾ ਹੁੰਦਾ ਹੈ ਤੇ ਕੋਈ ਗਰੀਬ ਘਰ ਦਾ, ਪਰ ਉਥੇ ਸਭ ਨੂੰ ਇੱਕ ਸਮਝਿਆ ਜਾਂਦਾ ਹੈ। ਬਰਾਬਰੀ ਦੀ ਭਾਵਨਾ ਭਰਨ ਲਈ ਸਭ ਤੋਂ ਪਹਿਲਾਂ ਰੰਗਰੂਟਾਂ ਦੀ ਆਕੜ ਭੰਨ ਕੇ ਸੀਨੀਅਰ ਅਫਸਰਾਂ ਦਾ ਹੁਕਮ ਬਗੈਰ ਕਿਸੇ ਹੀਲ ਹੁੱਜ਼ਤ ਦੇ ਮੰਨਣਾ ਸਿਖਾਇਆ ਜਾਂਦਾ ਹੈ।

ਪੁਲਿਸ ਟਰੇਨਿੰਗ ਅਕੈਡਮੀ ਫਿਲੌਰ ਵਿਖੇ ਪਹੁੰਚਦੇ ਸਾਰ ਸਭ ਤੋਂ ਪਹਿਲਾਂ ਕੰਮ ਹੁੰਦਾ ਹੈ ਨਵੇਂ ਭਰਤੀ ਹੋਏ ਥਾਣੇਦਾਰਾਂ ਦੇ ਸ਼ਾਹਰੁਖ ਖਾਨ ਵਰਗੇ ਰੀਝਾਂ ਨਾਲ ਪਾਲੇ ਹੋਏ ਲੰਬੇ ਲੰਬੇ ਵਾਲ ਖੁੰਡੀਆਂ ਕੈਂਚੀਆਂ ਨਾਲ ਵੱਢ ਕੇ ਡਾਂਸਰ ਦੀ ਅੱਡੀ ਵਰਗੀ ਟਿੰਡ ਬਣਾਉਣੀ। ਕਿਸੇ ਵੀ ਰੰਗਰੂਟ ਨੂੰ ਬਿਨਾਂ ਇਜ਼ਾਜ਼ਤ ਫਿਲੌਰ ਸ਼ਹਿਰ ਵਿੱਚ ਜਾਣ ਦੀ ਆਗਿਆ ਨਹੀਂ ਹੈ। ਬਜ਼ਾਰਾਂ ਵਿੱਚ ਘੁੰਮਦੇ ਫਿਰਦੇ ਰੰਗਰੂਟਾਂ ਨੂੰ ਪਕੜਨ ਲਈ ਉਸਤਾਦਾਂ ਦੀਆਂ ਵਿਸ਼ੇਸ਼ ਡਿਊਟੀਆਂ ਲਗਾਈਆਂ ਜਾਂਦੀਆਂ ਹਨ। ਜਦੋਂ ਮੈਂ ਇੰਸਪੈਕਟਰ ਭਰਤੀ ਹੋਇਆ ਤਾਂ ਟਰੇਨਿੰਗ ਸ਼ੁਰੂ ਹੋਣ ਤੋਂ ਕੁਝ ਹੀ ਦਿਨ ਬਾਅਦ ਮੇਰੇ ਦੋ ਤਿੰਨ ਬੈਚਮੈਟ ਕਹਿਣ ਲੱਗੇ ਕਿ ਚਲੋ ਤਾਜ਼ ਹੋਟਲ ਤੋਂ ਡਿਨਰ ਕਰ ਕੇ ਆਉਂਦੇ ਹਾਂ। ਪਹਿਲਾਂ ਏ।ਐਸ।ਆਈ ਦੀ ਕੀਤੀ ਹੋਈ ਟਰੇਨਿੰਗ ਦੇ ਤਜ਼ਰਬੇ ਕਾਰਨ ਮੈਂ ਬਥੇਰਾ ਰੋਕਿਆ ਕਿ ਭਰਾ ਇਥੇ ਜੋ ਕੱਚਾ ਪੱਕਾ ਮਿਲਦਾ ਹੈ ਅਰਾਮ ਨਾਲ ਖਾ ਲਉ, ਕਿਉਂ ਐਵੇਂ ਬੇਇੱਜ਼ਤੀ ਕਰਵਾਉਣ ‘ਤੇ ਤੁਲੇ ਹੋਏ ਹੋ। ਉਨ੍ਹਾਂ ਨੇ ਉਲਟਾ ਡਰਪੋਕ ਕਹਿ ਕੇ ਮੇਰਾ ਮਖੌਲ ਉਡਾਉਣਾ ਸ਼ੁਰੂ ਕਰ ਦਿੱਤਾ ਤਾਂ ਮੈਨੂੰ ਵੀ ਸ਼ਰਮੋ ਕੁਸ਼ਰਮੀ ਨਾਲ ਜਾਣਾ ਪਿਆ। ਵਾਪਸੀ ਸਮੇਂ ਜਦੋਂ ਅਸੀਂ ਗੁਰਦਵਾਰੇ ਵਾਲੇ ਪਾਸਿਉਂ ਕਿਲੇ ਅੰਦਰ ਘੁਸਪੈਠ ਕਰਨ ਲੱਗੇ ਤਾਂ ਘਾਤ ਲਗਾਈ ਬੈਠੇ ਇੱਕ ਛੋਟੇ ਉਸਤਾਦ ਦੇ ਅੜਿੱਕੇ ਆ ਗਏ ਜਿਸ ਨੇ ਸਾਨੂੰ ਪੰਜ ਪੰਜ ਡੱਡੂ ਛੜੱਪੇ ਮਾਰਨ ਦਾ ਹੁਕਮ ਜਾਰੀ ਕਰ ਦਿੱਤਾ। ਸਾਡੇ ਇੱਕ ਬੈਚਮੇਟ ਦੇ ਦਿਮਾਗ ਵਿੱਚੋਂ ਅਜੇ ਯੂਨੀਵਰਸਿਟੀ ਵਿਖੇ ਕੀਤੀ ਹੋਈ ਬਦਮਾਸ਼ੀ ਦਾ ਕੀੜਾ ਨਹੀਂ ਸੀ ਨਿਕਲਿਆ। ਉਸ ਨੇ ਜਰਾ ਆਕੜ ਜਿਹੀ ਨਾਲ ਕਿਹਾ, “ਉਸਤਾਦ ਜੀ ਜਰਾ ਧਿਆਨ ਨਾਲ, ਅਸੀਂ ਇੰਸਪੈਕਟਰ ਹਾਂ।” ਉਸਤਾਦ ਨੇ ਅੱਗੋਂ ਤਿਰਛੀ ਜਿਹੀ ਮੁਸਕਾਨ ਨਾਲ ਜਵਾਬ ਦਿੱਤਾ, “ਅੱਛਾ ਜ਼ਨਾਬ, ਪਹਿਲਾਂ ਕਿਉਂ ਨਹੀਂ ਦੱਸਿਆ ਕਿ ਤੁਸੀਂ ਐਨੇ ਵੱਡੇ ਅਫਸਰ ਹੋ। ਰੈਂਕ ਮੁਤਾਬਕ ਤੁਹਾਡੇ ਤਾਂ ਦਸ ਦਸ ਡੱਡੂ ਛੜੱਪੇ ਬਣਦੇ ਹਨ।” ਨਾਲੇ ਅਸੀਂ ਉਸ ਮੂੰਹ ਫੱਟ ਬੈਚਮੈਟ ਨੂੰ ਗਾਲ੍ਹਾਂ ਕੱਢੀ ਜਾਈਏ ਤੇ ਨਾਲੇ ਡੱਡੂ ਛੜੱਪੇ ਲਾਈ ਜਾਈਏ। ਉਸਤਾਦ ਕਿਲ੍ਹੇ ਦੀ ਸਪੈਸ਼ਲ ਭਾਸ਼ਾ ਬੋਲਦੇ ਹਨ ਜੋ ਹਿੰਦੀ, ਪੰਜਾਬੀ ਅਤੇ ਉਰਦੂ ਦਾ ਮਿਲਗੋਭਾ ਹੁੰਦੀ ਹੈ। ਉਹ ਢੀਠ ਰੰਗਰੂਟਾਂ ਨੂੰ ਜਲੀਲ ਅਤੇ ਘਾਂਬੜ ਆਦਿ ਵਰਗੇ ਵਿਸ਼ੇਸ਼ਣਾਂ ਨਾਲ ਸੰਬੋਧਿਤ ਕਰਦੇ ਹਨ ਤੇ ਰੰਗਰੂਟ ਉਸਤਾਦਾਂ ਦੇ ਪੁੱਠੇ ਸਿੱਧੇ ਨਾਮ ਜਿਵੇਂ ਪੱਟਾਂ ਵਾਲਾ, ਮੁੱਛ, ਕਾਲਾ ਅਤੇ ਵੱਢ ਖਾਣਾ ਆਦਿ ਪਾ ਦਿੰਦੇ ਹਨ।

ਮੈਂ 1990 ਵਿੱਚ ਏ।ਐਸ।ਆਈ। ਦੀ ਤੇ 1991



ਵਿੱਚ ਇੰਸਪੈਕਟਰ ਦੀ ਟਰੇਨਿੰਗ ਕੀਤੀ ਸੀ ਕਿਉਂਕਿ ਮੈਂ ਟਰੇਨਿੰਗ ਦੇ ਦੌਰਾਨ ਹੀ ਦੁਬਾਰਾ ਇੰਸਪੈਕਟਰ ਭਰਤੀ ਹੋ ਗਿਆ ਸੀ। ਸਾਡਾ ਏ।ਐਸ।ਆਈ। ਦਾ ਬੈਚ ਬਹੁਤ ਵੱਡਾ (ਤਕਰੀਬਨ 250 ਰੰਗਰੂਟ) ਸੀ ਤੇ ਮੇਰੀ ਪਲਟੂਨ ਦਾ ਉਸਤਾਦ ਕਿਲੇ ਦਾ ਸਭ ਤੋਂ ਚੰਦਰਾ ਇਨਸਾਨ ਸੀ। ਐਤਵਾਰ ਨੂੰ ਬਾਕੀ ਪਲਟੂਨਾਂ ਵਾਲੇ ਅਰਾਮ ਕਰ ਰਹੇ ਹੁੰਦੇ ਤੇ ਉਹ ਸਾਡੀਆਂ ਸੋਮਵਾਰ ਦੀ ਪਰੇਡ ਵਿੱਚ ਪਾਉਣ ਵਾਲੀਆਂ ਵਰਦੀਆਂ ਚੈੱਕ ਕਰ ਰਿਹਾ ਹੁੰਦਾ ਸੀ। ਉਸ ਔਰੰਗਜ਼ੇਬ ਦੇ ਅਵਤਾਰ ਨੂੰ ਸਾਡਾ ਖੂਨ ਸਾੜ ਕੇ ਅਤਿਅੰਤ ਆਤਮਿਕ ਸ਼ਾਂਤੀ ਪ੍ਰਾਪਤ ਹੁੰਦੀ ਸੀ। ਅਸੀਂ ਸਾਰਾ ਜ਼ੋਰ ਲਗਾ ਕੇ ਵਰਦੀਆਂ ਤਿਆਰ ਕਰਨੀਆਂ, ਪਰ ਉਸ ਨੇ ਕਿਸੇ ਦੇ ਬਟਨ ਤੋੜ ਦੇਣੇ ਤੇ ਕਿਸੇ ਦੇ ਬੂਟ ਚਿੱਕੜ ਨਾਲ ਲਬੇੜ ਦੇਣੇ। ਹਾਰ ਕੇ ਪਲਟੂਨ ਨੇ ਵੀ ਇਸ ਮੁਸੀਬਤ ਤੋਂ ਬਚਣ ਦਾ ਇੱਕ ਤਰੀਕਾ ਲੱਭ ਲਿਆ। ਸਾਰਿਆਂ ਨੇ ਇੱਕ ਇੱਕ ਨਵੀਂ ਵਰਦੀ ਮਾਂਡੀ ਲਗਵਾ ਕੇ ਤਿਆਰ ਕਰ ਲਈ। ਉਦੋਂ ਜੀਨ ਦੀਆਂ ਵਰਦੀਆਂ ਹੁੰਦੀਆਂ ਸਨ ਤੇ ਕੜਕ ਕਰਨ ਲਈ ਚੌਲਾਂ ਦੀ ਪਿੱਛ, ਜਿਸ ਨੂੰ ਮਾਂਡੀ ਕਹਿੰਦੇ ਸਨ, ਲਗਾ ਕੇ ਪਰੈੱਸ ਕੀਤੀ ਜਾਂਦੀ ਸੀ। ਅਸੀਂ ਹਰ ਐਤਵਾਰ ਉਸ ਨੂੰ ਨਵੀਂ ਵਰਦੀ ਵਿਖਾ ਦੇਣੀ ਤੇ ਸੋਮਵਾਰ ਨੂੰ ਫਿਰ ਸਿਰਹਾਣੇ ਹੇਠ ਦੇ ਕੇ ਪ੍ਰੈੱਸ ਕੀਤੀ ਹੋਈ ਪੁਰਾਣੀ ਵਰਦੀ ਪਾ ਲੈਣੀ।

ਇਹ ਨਹੀਂ ਕਿ ਸਾਰੇ ਉਸਤਾਦ ਹੀ ਅਜਿਹੇ ਸਨ, ਜਗਤਾਰ ਸਿੰਘ, ਰਵੇਲ ਸਿੰਘ, ਪ੍ਰਭ ਸਿੰਘ, ਗੁਰਮੀਤ ਸਿੰਘ, ਜਗਦੀਸ਼ ਚੰਦਰ, ਸੰਤੋਖ ਸਿੰਘ ਅਤੇ ਅਵਤਾਰ ਸਿੰਘ ਆਦਿ ਵਰਗੇ ਵਧੀਆ ਉਸਤਾਦ ਵੀ ਸਨ ਜਿਨ੍ਹਾਂ ਨੂੰ ਅਸੀਂ ਹੁਣ ਵੀ ਇੱਜ਼ਤ ਨਾਲ ਯਾਦ ਕਰਦੇ ਹਾਂ। ਇੱਕ ਦਿਨ ਪਲਟੂਨਾਂ ਸਿਨੇਮਾ ਹਾਲ ਦੇ ਸਾਹਮਣੇ ਫਾਲਨ ਹੋ ਰਹੀਆਂ ਸਨ, ਸ਼ਾਇਦ ਕੋਈ ਲੈਕਚਰ ਵਗੈਰਾ ਹੋਣਾ ਸੀ। ਉਸਤਾਦ ਪ੍ਰਭ ਸਿੰਘ ਦੀ ਡਿਊਟੀ ਫਾਲਨ ਕਰਵਾਉਣ ‘ਤੇ ਲੱਗੀ ਹੋਈ ਸੀ। ਉਸਤਾਦ ਗੁਰਦਿਆਲ ਸਿੰਘ ਦੀ ਪਲਟੂਨ ਦੀ ਇੱਕ ਲੜਕੀ ਜੋ ਚੰਡੀਗੜ੍ਹ ਤੋਂ ਟਰੇਨਿੰਗ ਕਰਨ ਲਈ ਆਈ ਸੀ, ਕੁਝ ਲੇਟ ਹੋ ਗਈ। ਪ੍ਰਭ ਸਿੰਘ ਨੇ ਉਸ ਨੂੰ ਦਬਕਾ ਮਾਰਿਆ ਤਾਂ ਉਸ ਨੇ ਅੱਗੋਂ ਦੱਸਿਆ ਕਿ ਸਰ ਮੈਨੂੰ ਵੌਮਟਿੰਗ (ਉਲਟੀਆਂ) ਹੋ ਰਹੀ ਸੀ। ਅੰਗਰੇਜ਼ੀ ਵਿੱਚ ਹੱਥ ਤੰਗ ਹੋਣ ਕਾਰਨ ਪ੍ਰਭ ਸਿੰਘ ਨੂੰ ਸਮਝ ਨਾ ਆਈ ਕਿ ਉਸ ਨੇ ਕੀ ਕਿਹਾ ਹੈ। ਲੜਕੀ ਦੇ ਜਾਣ ਤੋਂ ਬਾਅਦ ਉਸ ਨੇ ਹੌਲੀ ਆਪਣੀ ਪਲਟੂਨ ਨੂੰ ਪੁੱਛਿਆ, “ਉਏ, ਇਹ ਵੌਂਟਿੰਗ ਵੌਂਟਿੰਗ ਕੀ ਹੁੰਦੀ ਆ?” ਸਾਰੇ ਉੱਚੀ ਉੱਚੀ ਹੱਸ ਪਏ। ਪੁਲਿਸ ਅਕੈਡਮੀ ਦੇ ਨਾਈ, ਧੋਬੀ, ਮਾਲੀ ਅਤੇ ਕੁੱਕ ਆਦਿ ਵੀ ਆਪਣੇ ਆਪ ਨੂੰ ਪ੍ਰਿੰਸੀਪਲ ਹੀ ਸਮਝਦੇ ਹਨ। ਸਾਡਾ ਇੱਕ ਬੈਚਮੇਟ ਗਾਣੇ ਗਾਉਣ ਦਾ ਬਹੁਤ ਸ਼ੌਕੀਨ ਸੀ ਤੇ ਆਪਣੇ ਆਪ ਨੂੰ ਹੰਸ ਰਾਜ ਹੰਸ ਤੋਂ ਘੱਟ ਨਹੀਂ ਸੀ ਸਮਝਦਾ। ਇੱਕ ਦਿਨ ਉਹ ਕਿਲੇ ਦੇ ਨਾਈ ਕੋਲੋਂ ਦਾੜ੍ਹੀ ਮੁੰਨਵਾਉਣ ਲਈ ਚਲਾ ਗਿਆ।

ਨਾਈ ਨੇ ਆਪਣੀ ਖੁੰਢੀ ਕੈਂਚੀ ਨਾਲ ਉਸ ਦੀ ਦਾੜ੍ਹੀ ਲਾਪਰਨੀ ਸ਼ੁਰੂ ਕਰ ਦਿੱਤੀ। ਜਦੋਂ ਪੀੜ ਬਰਦਾਸ਼ਤ ਨਾ ਹੋਈ ਤਾਂ ਉਸ ਨੇ ਨਾਈ ਦਾ ਹੱਥ ਪਕੜ ਕੇ ਕਿਹਾ, “ਭਰਾ ਮੈਂ ਜਰਾ ਸ਼ੌਕੀਨ ਜਿਹੀ ਕਿਸਮ ਦਾ ਆਦਮੀ ਹਾਂ, ਕੈਂਚੀ ਤਾਂ ਤਿੱਖੀ ਵਰਤ ਲੈ।” ਨਾਈ ਨੇ ਆਪਣਾ ਕੰਮ ਜਾਰੀ ਰੱਖਦੇ ਹੋਏ ਜਵਾਬ ਦਿੱਤਾ, “ਤੇਰੀ ਸ਼ੌਕੀਨੀ ਵੇਖ ਕੇ ਤਾਂ ਮੈਂ ਕੈਂਚੀ ਵਰਤ ਰਿਹਾਂ। ਨਹੀਂ ਦਾੜ੍ਹੀ ਤਾਂ ਮੈਂ ਹੱਥਾਂ ਨਾਲ ਈ ਪੁੱਟ ਦੇਣਾ ਹੁੰਨਾ ਆਂ।”

ਹੁਣ ਦਾ ਤਾਂ ਪਤਾ ਨਹੀਂ, ਪਰ ਜਦੋਂ ਅਸੀਂ ਟਰੇਨਿੰਗ ਕਰਦੇ ਸੀ ਤਾਂ ਮੈੱਸ ਵਿੱਚ ਭੈੜੇ ਜਿਹੇ ਸਵਾਦ ਵਾਲੀ ਸਬਜ਼ੀ (ਜੋ ਮਹੀਨੇ ਵਿੱਚ 20 ਦਿਨ ਰਾਜਮਾਂਹ ਹੀ ਹੁੰਦੀ ਸੀ) ਤੇ ਟੋਕਰੀ ਵਿੱਚ ਪਾਈਆਂ ਹੋਈਆਂ ਰੋਟੀਆਂ ਵਰਤਾਈਆਂ ਜਾਂਦੀਆਂ ਸਨ। ਢੇਰ ਲੱਗਾ ਹੋਣ ਕਾਰਨ ਰੋਟੀਆਂ ਭੜ੍ਹਾਸ ਮਾਰ ਜਾਂਦੀਆਂ ਸਨ ਤੇ ਰਬੜ ਵਰਗੀਆਂ ਬਣ ਜਾਂਦੀਆਂ ਸਨ। ਸਬਜ਼ੀ ਵਿੱਚ ਖੁਲ੍ਹਾ ਦੇਸੀ ਘਿਉ ਪਾ ਕੇ ਹੀ ਰੋਟੀ ਅੰਦਰ ਧੱਕੀ ਜਾ ਸਕਦੀ ਸੀ। ਸਾਡੀ ਪਲਟੂਨ ਵਿੱਚ ਇੱਕ ਡੀ।ਐਸ।ਪੀ। ਦਾ ਮੁੰਡਾ ਵੀ ਸੀ ਜੋ ਵਿਚਾਰਾ ਘਰੇ ਨੇਪਾਲੀ ਬਹਾਦਰ ਦੇ ਹੱਥਾਂ ਦੇ ਬਣੇ ਹੋਏ ਵੰਨ ਸੁਵੰਨੇ ਪਦਾਰਥ ਅਤੇ ਛੋਟੇ ਛੋਟੇ ਫੁਲਕੇ ਖਾਣ ਗਿੱਝਾ ਹੋਇਆ ਸੀ। ਜਦੋਂ ਪਹਿਲੇ ਦਿਨ ਰਾਤ ਦੀ ਰੋਟੀ ਵੇਲੇ ਜਦੋਂ ਲਾਂਗਰੀ ਨੇ ਤਰੀ ਵਾਲੀ ਕੱਦੂਆਂ ਦੀ ਸਬਜ਼ੀ ਅਤੇ ਅਖਬਾਰ ਦੇ ਛੇ ਨੰਬਰ ਪੇਜ਼ ਵਰਗੀਆਂ ਦੋ ਰੋਟੀਆਂ ਉਸ ਦੀ ਥਾਲੀ ਵਿੱਚ ਸੁੱਟੀਆਂ ਤਾਂ ਉਸ ਦਾ ਤ੍ਰਾਹ ਨਿਕਲ ਗਿਆ। ਉਹ ਕਹਿਣ ਲੱਗਾ ਕਿ ਮੈਂ ਤਾਂ ਨਹੀਂ ਖਾਂਦਾ ਇਹੋ ਜਿਹੀਆਂ ਘਟੀਆ ਰੋਟੀਆਂ। ਲਾਂਗਰੀ ਨੇ ਅਜਿਹੇ ਨਖਰੀਲੇ ਰੰਗਰੂਟ ਬਹੁਤ ਵੇਖ ਰੱਖੇ ਸਨ। ਉਹ ਅੱਗੋਂ ਕਹਿੰਦਾ ਕਿ ਭਾਈ ਨਾ ਖਾ ਤੇ ਥਾਲੀ ਚੁੱਕ ਕੇ ਲੈ ਗਿਆ। ਅਗਲੇ ਦਿਨ ਸਵੇਰੇ ਜਦੋਂ ਉਸਤਾਦ ਨੇ ਪੀ।ਟੀ। – ਪਰੇਡ ਵਿੱਚ ਭਜਾ ਭਜਾ ਕੇ ਜਾਨ ਕੱਢੀ ਤਾਂ ਰਾਤ ਦਾ ਭੁੱਖਾ ਹੋਣ ਕਾਰਨ ਉਹ ਬਰੇਕਫਾਸਟ ਵਿੱਚ ਹੀ ਪੰਜ ਰੋਟੀਆਂ ਖਾ ਗਿਆ। ਪਰੇਡ ਵਾਸਤੇ ਸਿੱਖ ਰੰਗਰੂਟਾਂ ਨੂੰ ਝਾਲਰ ਵਾਲੀ ਪੱਗ ਅਤੇ ਕਲੀਨ ਸ਼ੇਵ ਨੂੰ ਕੁੱਲਾ ਬੰਨ੍ਹਣਾ ਪੈਂਦਾ ਸੀ। ਪੱਗ ਤਾਂ ਫਿਰ ਵੀ ਔਖੇ ਸੌਖੇ ਬੰਨ੍ਹ ਲਈ ਜਾਂਦੀ ਸੀ, ਪਰ ਕੁੱਲਾ ਬੰਨ੍ਹਣ ਵਾਸਤੇ ਕਿਸੇ ਐਕਸਪਰਟ ਬੰਦੇ ਦੀਆਂ ਸੇਵਾਵਾਂ ਦੀ ਜਰੂਰਤ ਪੈਂਦੀ ਸੀ। ਕਿਲੇ ਫਿਲੌਰ ਦਾ ਸਭ ਤੋਂ ਪ੍ਰਸਿੱਧ ਕੁੱਲਾ ਬੰਨ੍ਹਣ ਵਾਲਾ ਬਿਗਲਰ ਹੈੱਡ ਕਾਂਸਟੇਬਲ ਭਗਵਾਨ ਦਾਸ ਸੀ ਜੋ ਕਿਸੇ ਹਾਰਟ ਸਪੈਸ਼ਿਲਿਟ ਵਾਂਗ ਆਪਣੀ ਮਰਜ਼ੀ ਨਾਲ ਟਾਈਮ ਦਿੰਦਾ ਸੀ। ਉਸ ਦੀ ਫੀਸ ਸੌ ਰੁਪਏ ਨਗਦ ਅਤੇ ਵਿਸਕੀ ਦਾ ਅਧੀਆ ਹੁੰਦਾ ਸੀ। ਕੁੱਲਾ ਬੰਨਵਾਉਣ ਲਈ ਕਈ ਕਈ ਦਿਨ ਉਸ ਦੇ ਤਰਲੇ ਕੱਢਣੇ ਪੈਂਦੇ ਸਨ। ਮੇਰੇ ਬੈਚ ਨੂੰ ਟਰੇਨਿੰਗ ਕੀਤੇ ਕਰੀਬ 32 ਸਾਲ ਹੋ ਗਏ ਹਨ। ਪਰ ਅੱਜ ਵੀ ਇਸ ਤਰਾਂ ਲੱਗਦਾ ਹੈ ਜਿਵੇਂ ਕੱਲ੍ਹ ਦੀ ਗੱਲ ਹੋਵੇ ਜਦੋਂ ਖਾਕੀ ਨਿੱਕਰਾਂ ਪਾ ਕੇ ਹੱਥਾਂ ਵਿੱਚ ਦਾਤਰੀਆਂ ਰੰਬੇ ਪਕੜ ਕੇ ਕਿਲ੍ਹੇ ਵਿੱਚ ਫਟੀਕ ਕਰਦੇ ਫਿਰਦੇ ਸੀ।

# ਚੇਅਰਮੈਨੀ

### ਕਹਾਣੀ - ਗੁਰਦੇਵ ਸਿੰਘ ਥਾਂਦੇ ਵਾਲਾ



ਅਖ਼ਬਾਰ 'ਚ ਛਪੀ ਫੋਟੋ ਦੀ ਖੁਸ਼ੀ 'ਚ ਸਰਪੰਚ ਆਪਣੇ ਵੋਟ ਬੈਂਕਾਂ ਨੂੰ ਪਾਰਟੀ ਦਿੰਦਾ ਆਖ ਰਿਹਾ ਸੀ, ''ਬਈ ਭਰਾਵੋ! ਇਹ ਨਿਰੀ ਪੂਰੀ ਤਸਵੀਰ ਛਪਣ ਦੀ ਹੀ ਪਾਰਟੀ ਨਹੀਂ, ਆਪਾਂ ਰੈਲੀ ਵਾਸਤੇ ਵਿਚਾਰ ਵਟਾਂਦਰਾ ਵੀ ਕਰਨਾ ਹੈ। ਕੇਰਾਂ ਰੌਲੇ ਰੱਪੇ ਦਾ ਇਕੱਠ ਵੇਖ ਕੇ ਸੁਪਰੀਮੋ ਨੂੰ ਕੈਦ ਹੋਣ ਤੋਂ ਬਚਾ ਲਈਏ। ਫਿਰ 85ਵੀਂ ਸੋਧ ਦਾ ਫੈਸਲਾ ਵੀ ਵਾਪਸ ਕਰਵਾ ਲਵਾਂਗੇ। ਫਿਰ ਨਹਿਰਾਂ ਤੇ ਬੰਦ ਪਏ ਪੰਪ ਵੀ ਉਸੇ ਤਰ੍ਹਾਂ ਚੱਲਣਗੇ ਜਿਵੇਂ ਪਹਿਲਾਂ ਆਪਣੀ ਸਰਕਾਰ ਵੇਲੇ ਚਲਦੇ ਸੀ। ਤੁਸੀਂ ਪੀਣ ਪੀਆਣ ਦਾ ਲਾਰਾ ਲਾ ਕੇ ਜਿੰਨੇ ਵੀ ਜੁੜਦੇ ਐ ਜੋੜੋ। ਵੈਸ਼ਨੂੰਆਂ ਅਤੇ ਤੀਵੀਆਂ ਨੂੰ ਦਿਹਾੜੀ ਆਖ ਕੇ ਤੋਰੋ। ਨੀਲੀਆਂ ਪੱਗਾਂ ਅਤੇ ਸੰਤਰੀ ਚੁੰਨੀਆਂ ਕੇਰਾਂ ਆਪ ਖ਼ਰੀਦ ਲੈਣ, ਪੈਸੇ ਰੈਲੀ ਤੋਂ ਆ ਕੇ ਦੇ ਦਿਆਂਗੇ।''

ਮਾਲ ਵੱਛਾ ਸੰਭਾਲ ਕੇ ਸਰਪੰਚ ਦਾ ਸੀਰੀ ਵੀ ਅਖ਼ਬਾਰ ਵਿਚ ਛਪੀ ਫੋਟੋ ਦੀਆਂ ਵਧਾਈਆਂ ਆਖ ਕੇ ਕੁਰ-ਸੀਆਂ ਦੇ ਘੇਰੇ 'ਚ ਥੱਲੇ ਬੈਠਾ ਜੂਠੀਆਂ ਮਿੱਠੀਆਂ ਹੱਡੀਆਂ ਚੂਸੀ ਜਾ ਰਿਹਾ ਸੀ। ਨਾ ਤਾਂ ਚਤਰਾ ਸੀ ਪਰ ਬਹੁਤੇ ਮਖੌਲ ਨਾਲ ਉਸ ਨੂੰ ਚੇਅਰਮੈਨ ਆਖਦੇ ਸਨ। ਮੀਟ ਅਤੇ ਸ਼ਰਾਬ ਛਕਣ ਵਾਸਤੇ ਉਸ ਨੇ ਆਪਣੇ ਕੌਲੇ ਨੂੰ ਹੀ ਟੂ-ਇਨ-ਵਨ ਬਣਾ ਰੱਖਿਆ ਸੀ। ਜਦ ਚੌਥੀ ਵਾਰ ਕੌਲੇ ਵਿਚ ਪਾਈ ਪੀ ਕੇ ਵਾਹਵਾ ਟੁਨ ਹੋ ਗਿਆ ਤਾਂ ਕੌਲੀ ਚੱਟ ਕੁਲਵੰਤ ਮੈਂਬਰ ਨੇ ਉਸ ਦੇ ਕੌਲੇ ਵਿਚ ਅੱਧ ਖਾਧੀ ਸੰਖੀ ਸੁਟ ਕੇ ਆਖਿਆ, ''ਚੇਅਰਮੈਨਾ ਸਾਂਭ ਵਿਚ ਰਹੀਂ, ਕਿਤੇ ਚਾਚੀ ਕੋਲ ਛੱਡਣ ਸਾਨੂੰ ਨਾ ਜਾਣਾ ਪਵੇ।''ਸੀਰੀ ਕੁਝ ਬੋਲਣ ਲੱਗਾ ਸੀ ਕਿ ਸਰਪੰਚ ਨੇ ਉਸ ਦਾ ਧਿਆਨ ਆਪਣੇ ਵੱਲ ਖਿਚਿਆ, ''ਚਾਚਾ ਚਤਰਿਆ ਤੈਨੂੰ ਤਾਂ ਪੁਰਾਣੀ ਪੱਗ ਘਰੋਂ ਹੀ ਬੰਨ੍ਹਾ ਦਿਆਂਗੇ। ਪਾਲੋ ਕੋਲ ਚੁੰਨੀ ਤਾਂ ਪਰ-ਪਰਾਰ ਵਾਲੀ ਹੀ ਪਈ ਹੋਵੂਗੀ। ਤੂੰ ਵੇਹੜੇ ਵਾਲਿਆਂ ਨੂੰ ਤੋਰਨ ਲਈ ਵੱਧ ਤੋਂ ਵੱਧ ਜ਼ੋਰ ਲਾਈਂ।''

''ਵੇਖ ਹਰਦਾਰ (ਸਰਦਾਰ) ਗੱਲਾਂ ਕੀ ਕਰਦੈ। ਮੇਰੇ ਵਾਰੀ ਸਰਫ਼ਾ ਕਰਨਾ ਆ ਗਿਐ। ਜਿਵੇਂ ਮਰਜ਼ੀ ਕਰਿਉ ਮੈਂ ਤਾਂ ਪੱਗ ਨਵੀਂ ਨਕੋਰ ਲਊਂਗਾ।'' ਸੀਰੀ ਨੇ ਹੱਸ ਕੇ ਕਿਹਾ।

''ਫਿਰ ਤਾਂ ਤੂੰ ਤੀਵੀਂ ਵੀ ਨਹੀਂ ਭਾਲੇਂਗਾ।'' ਮੈਂਬਰੀ ਤੋਂ ਹਾਰਿਆ ਜੱਗੂ ਬੋਲਿਆ। ''ਕਿਉਂ ਭਤੀਜ? ਭਰਜਾਈਆਂ ਨੂੰ ਕੋਈ ਊਲੀ ਲੱਗ ਗਈ ਏ?'' ਚਤਰੇ ਨੇ ਹਾਜ਼ਰ ਜਵਾਬੀ ਵਿਚ ਜੱਗੂ ਨੂੰ ਘੇਰ ਲਿਆ। ਚਾਰ ਪੈਗ ਪੀ ਕੇ ਉਹ ਸੀਰੀ ਤੋਂ ਸ਼ਰੀਕ ਬਣ ਚੁੱਕਾ ਸੀ। ਬਨਦਾ ਵੀ ਕਿਉਂ ਨਾ, ਦੋ ਗਿਲਾਸਾਂ ਜਿੰਨੀ ਸ਼ਰਾਬ ਨਾਲ ਤਾਂ ਉਹਦੇ ਕੌਲੇ ਦਾ ਥੱਲਾ ਹੀ ਮਸਾਂ ਢਕਦਾ ਸੀ।

''ਲੈ ਏਹਨੂੰ ਤਾਂ ਪਾ ਦਿੱਤੇ ਪੱਠੇ। ਸਾਲਿਉ, ਵਿਚ ਖਾਹ ਮਖ਼ਹ ਸਾਡਾ ਕੰਮ ਖਲਿਆਰੋਂਗੇ। ਇਕ ਵਾਰੀ ਸ਼ਰਤ ਲਾ ਕੇ ਨਹਿਰ 'ਚੋਂ ਲਲੇਰ ਕੱਢਦਾ ਕੱਢਦਾ ਡੁੱਬ ਚਲਿਆ ਸੀ। ਅਸੀਂ ਪੱਗ ਸੁੱਟ ਕੇ ਏਹਨੂੰ ਕੱਢ ਤਾਂ ਲਿਆ ਪਰ ਏਹਨਾ ਦੇ ਪੁੱਤ ਨੇ ਲਲੇਰ ਨਹੀਂ ਛੱਡਿਆ।'' ਆਖ ਕੇ ਸਰਪੰਚ ਦਾ ਭਰਾ ਹੱਸਿਆ।

ਮੀਸਣਾ ਬਣਿਆ ਚਤਰਾ ਗਰਦੌਰੇ ਦੀ ਗੱਲ ਦਾ ਜਵਾਬ ਦਿੰਦਾ ਬੋਲਿਆ, ''ਹੇਂ ਹੇਂ ਹੇਂ ਭਤੀਜ ਕਿਹੋ ਜਹੀ ਗੱਲ ਬਹਾ ਕੇ ਹੋਰ ਛੇੜੋ ਪਤੰਦਰ ਨੂੰ।'' ਸਾਰਿਆਂ ਦੇ ਹਾਸੇ ਛੁਟ ਪਏ। ਲੰਬੜਦਾਰ ਨੇ ਹੱਸ ਕੇ ਆਖਿਆ, ''ਹੋਰ ਠਹਿਰ ਜੋ ਬਿੰਦਕ। ਤੁਹਾਡੇ ਘਰਾਂ ਦੀਆਂ ਨਸਲਾਂ ਨਾ ਬਦਲਤੀਆਂ ਤਾਂ ਆਖਿਉ।''

ਚਾਚਾ ਆਪਾਂ ਨੂੰ ਤਾਂ ਕੋਈ ਡਰ ਨਹੀਂ।'' ਸਾਬਕਾ ਮੈਂਬਰ ਗਰਦੌਰੇ ਨੇ ਹੱਸ ਕੇ ਕਿਹਾ, ''ਮੇਰੀਆਂ ਨੂੰ ਚਤਰਾ ਮਿਲਣਾ ਚਾਹੁੰਦੈ ਤਾਂ ਬੜੀ ਖੁਸ਼ੀ ਨਾਲ ਸਿਵਿਆਂ ਵਿਚ ਚਲਾ ਜਾਵੇ।''

''ਓਏ ਨਾ ਛੋਟ ਦੇ, ਏਹਨੇ ਜ਼ੁਬਾਨ ਪੁਗਾਤੀ ਤਾਂ ਕਰਤੀ। ਇਕ ਮਰ ਗਈ ਤਾਂ ਸਾਰੀ ਭੱਤੀ ਤਾਂ ਨਹੀਂ ਵੇਹਲੀ ਕਰਗੀ। ਆਂਢ-ਗੁਆਂਢ ਕੋਈ ਨਾ ਕੋਈ ਤਾਂ ਹੋਊਗੀ ਮੰਮਾਨਾ (ਮਹਿਮਾਨਾਂ) ਨੂੰ ਸਾਂਭਣ ਵਾਸਤੇ।'' ''ਲੈ ਹੋ ਗਾਂਹ, ਕਰ ਦੂਜਾ ਪਾਸਾ ਵੀ।'' ਸਰਪੰਚ ਦਾ ਚਾਚਾ ਵੀ ਹੱਸਿਆ। ''ਚਾਚਾ ਚਤਰਿਆ ਆਹ ਕੌਲੀ ਚੱਟ ਨੂੰ ਵੀ ਮਿਲੀਂ। ਕੁਲ-ਵੰਤਾ ਤੈਨੂੰ ਚਾਚੀ ਕੋਲ ਛੱਡਣ ਜਾਣ ਲਈ ਆਂਹਦਾ ਸੀ।'' ਕਿਸੇ ਗੱਲੋਂ ਕਲਵੰਤ ਮੈਂਬਰ ਨਾਲ ਨਾਰਾਜ਼ ਘੁਲਾ ਬੋਆਿਲਾ ਜੋ ਪਿਛਲੀਆਂ ਚੋਣਾਂ 'ਚ ਵੋਟਾਂ ਖਰੀਦਦਾ ਵਿਰੋਧੀ ਪਾਰਟੀ ਤੋਂ ਕੁਟਿਆ ਗਿਆ ਸੀ।

''ਬਈ ਤੈਨੂੰ ਕੀ? ਇਹ ਸਾਡਾ ਚਾਚਾ ਭਤੀਜੇ ਦਾ ਮਾਮਲਾ ਐ। ਭਾਵੇਂ ਚਾਚੀ ਕੋਲ ਲੈ ਜਾਵੇ ਤੇ ਭਾਵੇਂ ਆਪ ਦੇ ਘਰ ਲੈ ਜਾਵੇ।'' ਹਾਸੇ ਹਾਸੇ ਵਿਚ ਚਤਰਾ ਦੋਵਾਂ ਦੀ ਝੰਡ ਕਰਦਾ ਕਲਵੰਤੇ ਨੂੰ ਹੀ ਬੋਲਿਆ, ''ਇਹਨੂੰ ਸਮਝਾ ਖਾਂ ਮੈਂਬਰਾ।''

''ਵਾਹ ਮੈਗੰਬੋ ਖੁਸ਼ ਹੂਆ।'' ਖੁਸ਼ੀ ਵਿਚ ਸਰਪੰਚ ਅਮਰੀਸ਼ ਪੁਰੀ ਬਣ ਕੇ ਬੋਲਿਆ, ''ਤੇਰੀ ਨਵੀਂ ਪੱਗ 'ਤੇ ਡੋਰੀਆ ਪੱਕਾ। ਇਹੋ ਜਿਹਾ ਮੋੜ ਜਵਾਬ ਵਿਰੋਧੀ ਪਾਰ-ਟੀਆਂ ਨਾਲ ਕਰੇਂਗਾ ਤਾਂ ਆਪਣੀਆਂ ਪੌਂ ਬਾਰਾਂ। ਹੁਣ ਜੋ ਤੂੰ ਰੈਲੀ ਦੇ ਸਟੇਜ ਤੋਂ ਬੋਲਣਾ ਹੈ, ਸਭ ਨੂੰ ਬੋਲ ਕੇ ਸੁਣਾ।''

''ਜੀ ਜੀ ਆਹ ਆ।'' ਕਹਿ ਕੇ ਚਤਰਾ ਦਿਮਾਗ 'ਤੇ ਜ਼ੋਰ ਦੇਣ ਲੱਗਾ। ਨਸ਼ੇ ਨੇ ਉਸ ਨੂੰ ਕੁਝ ਵੀ ਯਾਦ ਨਹੀਂ ਸੀ ਰਹਿਣ ਦਿੱਤਾ। ''ਹੋ ਗਿਆ ਟੇਪ ਰਿਕਾਰਡ ਦਾ ਬਟਨ ਬੰਦ।'' ''ਅੜਗੇ ਗੇਅਰ।'' ''ਇਹ ਪਾਖੰਡ ਕਰਦੈ, ਪਖੰਡ।'' ਕੋਈ ਕੁਝ ਤੇ ਕੋਈ ਕੁਝ ਬੋਲਣ ਲੱਗਾ। ਇੰਨੇ ਨੂੰ ਚਤਰਾ ਮੂੰਹ 'ਤੇ ਰੌਣਕ ਲਿਆ ਕੇ ਬੋਲਿਆ, ''ਹਾਂ ਸਰਪੰਚ ਸਾਹਿਬ ਆਈਂ ਆਖਣਾ ਨਾ ਕਿ ਅਖ਼ਬਾਰ 'ਚ ਛਪੀ ਫੋਟੋ ਦੀ ਵਧ-ਾਈਆਂ ਸਰਪੰਚ ਸਾਹਿਬ। ਸੈਂਕੜੇ ਸੈਂਕੜੇ ਵਧਾਈਆਂ। ਹਜ਼ਾਰ ਹਜ਼ਾਰ ਵਧਾਈਆਂ। ਲੱਖੀਂ ਲੱਖੀਂ.....।''

''ਉਏ ਰਹਿਣ ਦੇ।'' ਸਰਪੰਚ ਨੇ ਝਿੜਕ ਕੇ ਉਸ ਦੀ ਅੱਧੀ ਲਾਹ ਦਿੱਤੀ। ਐਤਕੀਂ ਜੋ ਹਾਸੜ ਮੱਚੀ, ਉਹ ਚਤਰੇ ਦੇ ਬਰਖ਼ਲਾਫ ਸੀ ਜਦ ਕਿ ਸਰਪੰਚ ਆਖ ਰਿਹਾ ਸੀ, ''ਸਾਲਾ ਲੱਗ ਪਿਆ ਮਰਾਸੀਆਂ ਵਾਂਗ ਲਹਿਣੀਆਂ ਦੇਣ।

ਉਹੇ ਬੇਵਕੂਫਾ ਇਹ ਗੱਲ ਤਾਂ ਤੂੰ ਉਦੋਂ ਆਖਣੀ ਹੈ ਜਦੋਂ ਕੱਲ ਨੂੰ ਆਪਾਂ ਰੈਲੀ ਵਾਸਤੇ ਲੋਕਾਂ ਨੂੰ ਆਖਣ ਗਏ। ਉਹ ਗੱਲ ਯਾਦ ਕਰ ਜੋ ਹਾਰ ਪਵਾ ਕੇ ਤੂੰ ਸਟੇਜ ਤੋਂ ਬੋਲਣੀ ਹੈ।''

ਚਤਰਾ ਕੱਚੇ ਲਿਹ ਚੁਕੀ ਗੱਡੀ ਵਾਂਗ ਖੁਭ ਕੇ ਰਹਿ ਗਿਆ, ਫਿਰ ਖੜ੍ਹੇ ਸਕੂਟਰ ਨੂੰ ਰੇਸ ਦਿੱਤੀ ਜਾਣ ਵਾਂਗ, ਉਭੜਵਾਹੇ ਬੋਲਿਆ, ਹਾਂ ਆ ਗਿਆ ਈ ਚੇਤਾ। ਇਉਂ ਆਖਾਂਗਾ। ਠਾਣੇ ਦਾ ਸਾਹਿਬ, ਠਾਣੇਦਾਰ ਸਾਹਿਬ, ਸ਼ਰਾਬ ਸਰਪੰਚ ਨੇ ਨਹੀਂ ਮੈਂ ਕੱਢੀ ਹੈ, ਮੈਂ ਹੀ ਵੇਚਦਾ ਹਾਂ। ਸਰਪੰਚ ਤਾਂ ਕੰਮ ਕਰਵਾ ਲੈਂਦਾ ਹੈ, ਖਾਣ ਨੂੰ ਕੁਝ ਨਹੀਂ ਦਿੰਦਾ। ''ਉਏ ਚੁੱਪ ਸਾਲਾ ਪਾਗਲ ਨਾ ਹੋਵੇ ਤਾਂ। ਛੱਡੀ ਦਾ ਮੱਝ ਥੱਲੇ ਜਾਂਦਾ ਕੱਟੇ ਥੱਲੇ ਆ।''

ਸਰਪੰਚ ਦੇ ਗੁੱਸੇ ਨੇ ਉਸ ਦੀ ਰਹਿੰਦੀ-ਖੂੰਹਦੀ ਵੀ ਲਾਹ ਦਿੱਤੀ ਅਤੇ ਉਸਨੂੰ ਖਾਲੀ ਖਾਲੀ ਕਰ ਦਿੱਤਾ। ਫਿਰ ਸਰਪੰਚ ਉਸ ਨੂੰ ਸਮਝਾਉਂਦਾ ਹੋਇਆ ਬੋਲਿਆ, ''ਇਹ ਗੱਲ ਤਾਂ ਤੂੰ ਉਦੋਂ ਆਖਣੀ ਹੈ ਪੁਲਿਸ ਨੂੰ, ਜਦੋਂ ਕਦੇ ਆਪਣੀ ਪਾਈ ਸ਼ਰਾਬ ਫੜੀ ਜਾਵੇ।

ਸਟੇਜ਼ ਤੋਂ ਤਾਂ ਤੂੰ ਇਹੋ ਆਖਣਾ ਹੈ ਨਿਕੰਮਿਆ, ਸੁਣ 'ਮੈਂ ਚਤਰ ਸਿੰਘ ਪਿੰਡ ਥਾਂਦੇ ਵਾਲਾ ਜੁਚੱਪਾ (ਜੁਲੀ ਚੱਕ ਪਾਰਟੀ) ਦੀ ਚੇਅਰਮੈਨੀ ਛੱਡ ਕੇ ਆਪਣੇ ਸੈਂਕੜੇ ਸਾਥੀਆਂ ਸਮੇਤ ਸਰਦਾਰਾਂ ਦੀ ਪਾਰਟੀ ਨਾਲ ਰਲਣ ਦਾ ਐਲਾਨ ਕਰਦਾ ਹਾਂ। ਚਲ ਹੁਣ ਤੂੰ ਬੋਲ ਕੇ ਸੁਣਾ।''''ਮੈਂ ਚਤਰ ਸਿੰਘ ਪਿੰਡ.....।''

# ਮੇਰੇ ਕੋਲ ਦਿਲ ਨਹੀਂ

### ਜਸਵੰਤ ਸਿੰਘ ਵਿਰਦੀ



ਬੱਚਾ ਦਸ ਵਰ੍ਹਿਆਂ ਦਾ ਹੋ ਗਿਆ ਸੀ। ਮੇਰਾ ਪੋਤਾ ਮਨਪ੍ਰੀਤ, ਬੱਚੇ ਦੇ ਜਨਮ ਦਿਨ ਦੀ ਪਾਰਟੀ ਸੀ, ਇਸ ਲਈ ਹਰ ਕੋਈ ਉਹਦੇ ਲਈ ਤੋਹਫੇ ਲੈ ਕੇ ਆਇਆ ਸੀ, ਉਨ੍ਹਾਂ 'ਚ ਵਸਤਰ, ਖਿਡੌਣੇ, ਪੁਸਤਕਾਂ ਅਤੇ ਪੈੱਨ ਵੀ ਸਨ। ਮੇਰਾ ਪੋਤਾ ਘੋਲੂ ਜਲੰਧਰੀ ਮਤਲਬ ਹੈ ਕਿ ਮਨਪ੍ਰੀਤ ਤੋਹਫੇ ਦੇਣ ਵਾਲੇ ਹਰੇਕ ਮਹਿਮਾਨ ਦਾ ਧੰਨਵਾਦ ਕਰਦਾ ਅਤੇ ਮੁਸਕਰਾਉਂਦਾ।

ਪਰ ਘੋਲੂ ਉਸ ਵੇਲੇ ਬਹੁਤ ਹੈਰਾਨ ਹੋਇਆ ਅਤੇ ਪ੍ਰੇਸ਼ਾਨ ਵੀ ਜਦੋਂ ਉਹਦੇ ਮਾਮੇ ਨੂੰ ਉਹਨੂੰ ਇਕ ਵਿਲੱਖਣ ਕਿਸਮ ਦਾ ਤੋਹਫਾ ਦਿੱਤਾ।

'ਇਹ ਕੀ ਹੈ ਮਾਮਾ ਜੀ? '

'ਦੇਖ ਲੈ!'

ਘੋਲੂ ਨੇ ਪੈਕਟ ਖੋਲ੍ਹਿਆ ਤਾਂ ਉਹਦੇ ਵਿਚੋਂ ਏਅਰਗਨ ਨਿਕਲੀ- 'ਵਾਹਵਾ!'

ਪਰ ਏਅਰ ਗੰਨ ਨੂੰ ਦੇਖ ਕੇ ਘੋਲੂ ਪਲ ਭਰ ਲਈ ਤਾਂ ਖੁਸ਼ ਹੋਇਆ ਪਰ ਫੇਰ ਉਦਾਸ ਹੋ ਗਿਆ, ਮਾਸੂਮ ਬੱਚਾ!

'ਮੈਂ ਇਹਦਾ ਕੀ ਕਰਾਂਗਾ?' ਮਨਪ੍ਰੀਤ ਨੇ ਹੌਲੀ ਜਿਹੀ ਪੁੱਛਿਆ ਅਤੇ ਆਪਣੇ ਪਿਤਾ ਵੱਲ ਤੱਕਣ ਲੱਗਾ।

ਫੇਰ ਉਹਨੇ ਮੈਨੂੰ ਦੇਖਿਆ।

ਮੈਂ ਵੀ ਘੋਲੂ ਅਰਥਾਤ ਮਨਪ੍ਰੀਤ ਦੇ ਮਾਮੇ ਨੂੰ ਪੁੱਛਿਆ- 'ਪੁੱਤਰ, ਤੂੰ ਇਹ ਕੀ ਕੀਤਾ?'

'ਕੀ ਗੱਲ ਅੰਕਲ ਜੀ? ' ਉਹਨੇ ਹੈਰਾਨ ਹੋ ਕੇ ਪੁੱਛਿਆ ਤਾਂ ਮੈਂ ਕਿਹਾ, ''ਇਹ ਮਾਸੂਮ ਬੱਚਾ ਇਸ ਬੰਦੂਕ ਦਾ ਕੀ ਕਰੇਗਾ? '

ਉਹਨੇ ਜਵਾਬ ਦਿੱਤਾ, 'ਪੁਰਾਣੇ ਵੇਲੇ 'ਚ ਲੋਕ ਆਪਣੇ ਬੱਚਿਆਂ ਨੂੰ ਸ਼ਸਤਰ ਵੀ ਤੋਹਫੇ ਦੇ ਤੌਰ 'ਤੇ ਦਿੰਦੇ ਸਨ।'

ਮੈਂ ਕਿਹਾ- 'ਉਦੋਂ ਦੇਸ਼ ਗੁਲਾਮ ਸੀ....'

ਮਨਪ੍ਰੀਤ ਨੇ ਆਪਣੇ ਮਾਮੇ ਨੂੰ ਪੁੱਛਿਆ -'ਹੁਣ ਦੇਸ਼ ਦੀ ਰੱਖਿਆ ਲਈ ਸ਼ਸਤਰਾਂ ਦੀ ਲੋੜ ਹੈ?'

'ਹਾਂ ਹੈ!' ਮਨਪ੍ਰੀਤ ਦੇ ਮਾਮੇ ਨੇ ਕਿਹਾ ਕਿ 'ਇਸ ਲਈ ਮੈਂ ਵੀ....'

'ਪਰ ਏਅਰਗੰਨ? '

'ਇਹ ਖੇਡਣ ਲਈ ਹੈ।'

ਘੋਲੂ ਨੇ ਪੁੱਛਿਆ 'ਮਾਮਾ ਜੀ, ਇਹ ਕਿਹਦੇ ਨਾਲ ਖੇਡਣ ਲਈ ਹੈ ? '

ਉਹਦੇ ਮਾਮੇ ਨੇ ਕਿਹਾ, 'ਇਹ ਏਅਰਗੰਨ ਪੰ-ਛੀਆਂ ਨੂੰ ਮਾਰ ਸਕਦੀ ਹੈ!' ਅਤੇ ਉਹ ਹੱਸ ਪਿਆ।

'ਹਾਂ, ਮਾਰ ਸਕਦੀ ਹੈ! ਮੈਂ ਮਨ ਹੀ ਮਨ 'ਚ ਸੋਚਿਆ ਇਸੇ ਕਰਕੇ ਅਨੇਕ ਲੋਕ ਆਪਣੇ ਬੱਚਿਆਂ ਨੂੰ ਖਿ-ਡੌਣੇ ਨਹੀਂ, ਬੰਦੂਕਾਂ ਦੇਣ ਲੱਗ ਪਏ ਨੇ! ਬਦਲੇ ਵਿਚ ਜਾਨਵਰ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੇ। ਉਹ ਤਾਂ ਬੇਜ਼ੁਬਾਨ ਹਨ। ਉਨ੍ਹਾਂ ਕੋਲ ਕੋਈ ਸ਼ਸਤਰ ਨਹੀਂ...'

ਪਰ ਸਾਡਾ ਪੋਤਾ ਮਨਪ੍ਰੀਤ ਇਹ ਗੱਲਾਂ ਸਮਝਣ ਵਾਸਤੇ ਹਾਲੇ ਬਹੁਤ ਛੋਟਾ ਸੀ। ਉਹਨੂੰ ਪਾਠ-ਪੁਸਤਕਾਂ ਪੜ੍ਹਾਉਣ ਵਾਂਗ ਇਹ ਸਿੱਖਿਆ ਵੀ ਨਹੀਂ ਦਿੱਤੀ ਜਾ ਸਕਦੀ। ਮੇਰੀ ਸ਼ਬਦ-ਸਮਰੱਥਾ ਸੀਮਤ ਸੀ, ਸ਼ਾਇਦ ਮੈਂ ਖੁਦ ਨੂੰ ਇਸ ਸਥਿਤੀ ਲਈ ਕਦੀ ਵੀ ਤਿਆਰ ਨਹੀਂ ਸੀ ਕੀਤਾ ਜਦੋਂ ਕਿ ਸਾਡੇ ਘਰ 'ਚ ਹੀ ਏਅਰਗੰਨ ਆਵੇਗੀ। ਕਲਮਾਂ ਦੀ ਵਰਤੋਂ ਕਰਨ ਵਾਲਿਆਂ ਦੇ ਘਰ 'ਚ...।

ਉਸ ਵੇਲੇ ਮੈਂ ਬੀਤੇ ਵੇਲੇ ਦੀਆਂ ਯਾਦਾਂ 'ਚ ਗੁਆਚ ਗਿਆ।

ਮਈ 1991 ਵਿਚ ਮਨਪ੍ਰੀਤ ਦਾ ਜਨਮ ਹੋਇਆ ਸੀ।

ਜਦੋਂ ਉਹਦੀ ਜਨਮ ਕੁੰਡਲੀ ਬਣਵਾਉਣ ਦੀ ਗੱਲ ਚੱਲੀ ਤਾਂ ਮੈਂ ਹੱਸ ਕੇ ਕਿਹਾ ਸੀ 'ਪਰ ਉਹ ਤਾਂ ਆਮ ਤੌਰ 'ਤੇ ਗਲਤ ਹੁੰਦੀ ਹੈ।'

ਮੇਰੇ ਛੋਟੇ ਭਰਾ ਨੇ ਕਿਹਾ 'ਕੋਈ ਗੱਲ ਨਹੀਂ, ਬਣਵਾ ਕੇ ਦੇਖਦੇ ਹਾਂ।'

ਘਰ 'ਚ ਸਭ ਹੀ ਸਹਿਮਤ ਹੋ ਗਏ ਸਨ।

ਜਨਮ ਕੁੰਡਲੀ ਤੋਂ ਪਤਾ ਲੱਗਾ ਕਿ ਮਨਪ੍ਰੀਤ ਕਲਾਤਮਕ ਰੁਚੀਆਂ ਵਾਲਾ ਬਾਲਕ ਹੈ। ਇਹ ਸੂਖਮ ਵਿਚਾਰਾਂ ਵਾਲਾ ਹੋਵੇਗਾ। ਹੋ ਸਕਦੈ, ਕਵਿਤਾ ਵੀ ਲਿਖੇ। ਮੈਂ ਹੱਸਦਿਆਂ ਕਿਹਾ ਸੀ 'ਫੇਰ ਤਾਂ ਮੈਂ ਇਹਦਾ ਨਾਂ ਘੋਲੂ ਜਲੰਧਰੀ ਰੱਖ ਦਿੱਤੈ।'

ਮੇਰੀ ਬੀਵੀ ਨੇ ਕਿਹਾ ਸੀ 'ਇਹ ਕੀ ਨਾਂ ਹੈ? 'ਮੈਂ ਕਿਹਾ, ''ਸ਼ਾਇਰ ਬਣੇਗਾ-ਜੋਸ਼ੀਲੀਆਂ ਅਤੇ ਮਨਭਾਉਂਦੀ ਕਵਿਤਾਵਾਂ, ਸਭ ਹੀ ਹੱਸ ਪਏ ਸਨ। ਮਨਪ੍ਰੀਤ ਘੋਲੂ ਜਲੰ-ਧਰੀ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ ਸੀ... ਪਰ ਹੁਣ ਉਹਦੇ ਮਾਮੇ ਨੇ ਉਹਨੂੰ ਏਅਰਗੰਨ ਫੜਾ ਦਿੱਤੀ ਸੀ।

ਮੈਂ ਦਖਲਅੰਦਾਜ਼ੀ ਕਰਦਿਆਂ ਕਿਹਾ, ''ਜਾਨਵਰ ਮਾਰਨ ਦੀ ਕੀ ਲੋੜ ਹੈ।'' ਉਹ ਤਾਂ ਸਾਡੇ ਦੇਸ਼ ਲਈ ਕੋਈ ਖਤਰਾ ਨਹੀਂ।''

ਘੋਲੂ ਨੇ ਵੀ ਮਾਮੇ ਨੂੰ ਫੇਰ ਪੁੱਛਿਆ, ''ਮੈਂ ਏਅਰਗੰਨ ਦਾ ਕੀ ਕਰਾਂਗਾ?

ਉਹਦੇ ਮਾਮੇ ਨੇ ਫਿਰ ਕਿਹਾ, ''ਹੁਣ ਤੂੰ ਜੋ ਮਰਜ਼ੀ ਕਰ, ਮੈਂ ਤਾਂ ਲੈ ਆਇਆ।''

''ਠੀਕ ਹੈ।'' ਮੈਂ ਵੀ ਕਿਹਾ, ''ਘੋਲੂ ਇਨੂੰ ਤੋਹਫਾ ਸਮਝ ਕੇ ਰੱਖ ਲੈ, ਕਿਉਂਕਿ ਤੋਹਫਾ ਤਾਂ ਤੋਹਫਾ ਹੀ ਹੈ...।''

ਮੈਂ ਮਹਿਸੂਸ ਕੀਤਾ ਕਿ ਘੋਲੂ ਘਬਰਾਇਆ ਹੋਇਆ ਸੀ। ਫੇਰ ਵੀ ਉਹਨੇ ਏਅਰਗੰਨ ਲੈ ਗਈ ਪਰ ਉਦਾਸ ਹੋ ਗਿਆ।

ਉਹ ਏਅਰਗੰਨ ਪਲਾਸਟਿਕ ਦੀ ਬਣੀ ਹੋਈ ਸੀ ਅਤੇ ਖੂਬਸੂਰਤ ਦਿਸ ਰਹੀ ਸੀ। ਮੈਂ ਸੋਚਣ ਲੱਗਾ, ''ਕਤਲ ਕਰਨ ਵਾਲੀਆਂ ਸਭ ਚੀਜ਼ਾਂ ਸੁੰਦਰ ਕਿਉਂ ਹੁੰਦੀਆਂ ਨੇ? ''

ਪਰ ਮੈਂ ਕੋਈ ਜਵਾਬ ਨਾ ਬਣਾ ਸਕਿਆ। ਇਸ ਸਵਾਲ ਦਾ ਜਵਾਬ ਕੀਹਦੇ ਕੋਲ ਸੀ?

ਹਵਾ 'ਚ ਸ਼ਰਾਰਤ ਭਰੀ ਸਰਸਰਾਹਟ ਸੀ।

ਘੋਲੂ ਨੇ ਏਅਰਗੰਨ ਫੜ ਲਈ ਤਾਂ ਬਾਕੀ ਮਹਿਮਾਨਾਂ ਨੇ ਵੀ ਉਹਨੂੰ ਸ਼ਾਬਾਸ਼ ਦਿੱਤੀ,''ਬਹਾਦਰ ਬਣੋ।''

ਪਰ ਘੋਲੂ ਤਾਂ ਉਦਾਸ ਹੀ ਰਿਹਾ। ਜਨਮ ਦਿਨ ਦੀ ਪਾਰਟੀ ਦੇ ਮੌਕੇ 'ਤੇ ਵੀ ਉਦਾਸ ਹੀ ਰਿਹਾ ਕਿਉਂਕਿ ਏਅਰਗੰਨ ਨੇ ਉਹਨੂੰ ਕਿਹਾ ਸੀ, ''ਹੁਣ ਤੂੰ ਮੈਨੂੰ ਚਲਾ।''

ਏਅਰਗੰਨ ਦੀ ਗੱਲ ਸੁਣ ਕੇ ਬੱਚੇ ਦਾ ਦਿਲ ਧੜਕਣ ਲੱਗਾ, ''ਇਹਦੇ ਨਾਲ ਮੈਂ ਕਿਹਨੂੰ ਮਾਰਾਂਗਾ? '' ਏਅਰਗੰਨ ਨੇ ਕਿਹਾ, ''ਕਿਸੇ ਨੂੰ ਵੀ ਮਾਰ, ਪਰ ਮੈਂ ਤਾਂ ਕੁਝ ਨਾ ਕੁਝ ਮਾਰਨ ਲਈ ਹੀ ਬਣੀ ਹਾਂ। ਇਸ ਲਈ ਮੈਨੂੰ ਚਲਾਓ।''

ਘੋਲੂ ਸੋਚਣ ਲੱਗਾ, ''ਕਲਮ ਚਲਾ ਕੇ ਤਾਂ ਮੇਰਾ ਦਿਲ ਕਦੀ ਨਹੀਂ ਸੀ ਧੜਕਿਆ ਪਰ ਹੁਣ ਮੇਰਾ ਦਿਲ ਇਸ ਤਰ੍ਹਾਂ ਕੰਬ ਰਿਹੈ ਜਿਵੇਂ ਬਾਹਰ ਡਿੱਗ ਪਵੇਗਾ। ਪਤਲੇ ਸਰੀਰ ਦਾ ਘੋਲੂ ਵਿਚਾਰਸ਼ੀਲ ਬੱਚਾ ਸੀ। ਉਹ ਮਰਨ-ਮਾਰਨ 'ਚ ਵਿਸ਼ਵਾਸ ਨਹੀਂ ਸੀ ਰੱਖਦਾ।

ਏਅਰਗੰਨ ਦੀ ਗੱਲ ਸੁਣ ਕੇ ਉਹਨੇ ਮੇਰੇ ਵੱਲ ਤੱਕਿਆ ਪਰ ਪਲ ਭਰ ਲਈ ਮੈਂ ਨਿਰਲੇਪ ਰਹਿਣ ਵਾਲੇ ਬੰਦੇ ਦੇ ਦਰਦ ਦਾ ਮੈਨੂੰ ਪਤਾ ਸੀ, ਫੇਰ ਵੀ ਮੈਂ ਚਾਹੁੰਦਾ ਸਾਂ ਕਿ ਘੋਲੂ ਨੂੰ ਉਹਦੀ ਇੱਛਾ ਮੁਤਾਬਕ ਨਿਰਣਾ ਕਰਨ ਦਿਆਂ। ਭਵਿੱਖ 'ਚ ਇਸ ਬੱਚੇ ਨੇ ਖੁਦ ਹੀ ਫੈਸਲੇ ਕਰਨੇ ਨੇ।

ਮੈਂ ਦੇਖਿਆ, ਘੋਲੂ ਦਾ ਹੱਥ ਕੰਬ ਰਿਹਾ ਸੀ ਕਿਉਂਕਿ ਇਕ ਵਾਰ ਫੇਰ ਏਅਰਗੰਨ ਨੇ ਉਹਨੂੰ ਕਿਹਾ ਸੀ, ''ਮੈਨੂੰ ਚਲਾਓ।''

ਘੋਲੂ ਦੁਬਿਧਾ 'ਚ ਫਸ ਗਿਆ ਸੀ, ਪਰ ਫੇਰ ਵੀ ਉਹਨੇ ਏਅਰਗੰਨ ਚਲਾ ਦਿੱਤੀ। ਉਹਦੇ ਏਅਰਗੰਨ ਚੱਲਣ ਨਾਲ ਇਕ ਚਿੜੀ ਭੂਮੀ 'ਤੇ ਡਿੱਗ ਪਈ। ਉਹ ਸਾਡੇ ਵਿਹੜੇ 'ਚ ਲੱਗੇ ਹੋਏ ਗੁਲਚੈਨਾ ਦੇ ਬਿਰਛ ਉਪਰ ਬੈਠੀ ਸੀ, ਵਿਚਾਰੀ।

ਮੈਂ ਵੀ ਦੇਖਿਆ ਤਾਂ ਘੋਲੂ ਨੇ ਵੀ ਕਿ ਚਿੜੀ ਨੇ ਤੜਫ-ਤੜਫ ਕੇ ਜਾਨ ਦੇ ਦਿੱਤੀ ਸੀ ਅਤੇ ਉਹਦੇ ਲਹੂ ਦੇ ਛਿੱਟੇ ਜ਼ਮੀਨ 'ਤੇ ਫੈਲ ਗਏ ਸਨ। ਖੂਨ ਦੇ ਕੁਝ ਛਿੱਟੇ ਸਾਡੇ ਵੱਲ ਵੀ ਆਏ ਸਨ, ਪਤਾ ਨਹੀਂ ਕਿਉਂ? ਘੋਲੂ ਨੇ ਕੋਈ ਜਾਨਵਰ ਮਰਦਾ ਹੋਇਆ ਨਹੀਂ ਦੇਖਿਆ। ਖੁਦ ਮਾਰਨ ਦੀ ਤਾਂ ਗੱਲ ਹੀ ਨਹੀਂ ਸੀ। ਇਸ ਲਈ ਉਹ ਮੁਸ-ਮੁਸ ਕਰ ਕੇ ਰੋਣ ਲੱਗ ਪਿਆ। ਫੇਰ ਉਹਦੇ ਰੋਣ ਦੀ ਆਵਾਜ਼ ਉੱਚੀ ਹੋ ਗਈ, ਹੋਰ ਵੀ ਉੱਚੀ, ਜਨਮ ਦਿਨ ਦੇ ਮੌਕੇ 'ਤੇ....।

ਮੈਂ ਘੋਲੂ ਨੂੰ ਚੁੱਪ ਕਰਾਉਣਾ ਚਾਹੁੰਦਾ ਸਾਂ ਪਰ ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਏਅਰਗੰਨ ਨੇ ਉਹਨੂੰ ਪੁੱਛਿਆ, ''ਰੋਂਦਾ ਕਿਉਂ ਏ?''

ਘੋਲੂ ਨੇ ਕਿਹਾ, ''ਮੇਰਾ ਦਿਲ ਬਹੁਤ ਬੇਚੈਨੀ ਮਹਿਸੂਸ ਕਰ ਰਿਹੈ। ਏਅਰਗੰਨ ਚੁੱਪ ਰਹੀ ਤਾਂ ਘੋਲੂ ਨੇ ਉਹਨੂੰ ਪੁੱਛਿਆ, ''ਤੇ ਤੂੰ? '' ਘੋਲੂ ਏਅਰਗੰਨ ਨੂੰ ਘੂਰ ਰਿਹਾ ਸੀ। ਏਅਰਗੰਨ ਨੇ ਕਿਹਾ।

''ਮੈਨੂੰ ਤਾਂ ਕੋਈ ਬੇਚੈਨੀ ਨਹੀਂ? ''

''ਕਿਉਂ? '' ਘੋਲੂ ਨੇ ਉਤੇਜਿਤ ਹੋ ਕੇ ਪੁੱਛਿਆ।

ਤਾਂ ਏਅਰਗੰਨ ਨੇ ਸਹਿਜ ਰੂਪ 'ਚ ਜਵਾਬ ਦਿੱਤਾ, ''ਮੇਰੇ ਕੋਲ ਦਿਲ ਨਹੀਂ ਹੈ।''

# ਹਿਮਾਚਲ ਦਾ ਅਜਿਹਾ ਮੰਦਰ ਜਿੱਥੇ ਪ੍ਰੇਮੀ ਜੋੜਿਆਂ ਨੂੰ ਮਿਲਦਾ ਆਸਰਾ ਤੇ ਪੁਲਿਸ ਦੇ ਆਉਣ 'ਤੇ ਹੈ ਪਾਬੰਦੀ !

ਹਿਮਾਚਲ ਪ੍ਰਦੇਸ਼ ਵਿੱਚ ਕਈ ਅਜਿਹੇ ਧਾਰਮਿਕ ਸਥਾਨ ਹਨ, ਜਿਨ੍ਹਾਂ ਦੀ ਇਤਿਹਾਸਕ ਮਾਨਤਾ ਅੱਜ ਵੀ ਚੱਲੀ ਆ ਰਹੀ ਹੈ। ਰਾਜ ਦੇ ਲੋਕਾਂ ਦਾ ਦੇਵੀ-ਦੇਵਤਿਆਂ ਵਿੱਚ ਅਟੁੱਟ ਵਿਸ਼ਵਾਸ ਹੈ। ਇੱਥੇ ਹਜ਼ਾਰਾਂ ਦੇਵੀ-ਦੇਵਤਿਆਂ ਦੇ ਮੰਦਰ ਹਨ, ਜਿਨ੍ਹਾਂ ਦੇ ਪਿੱਛੇ ਕੋਈ ਨਾ ਕੋਈ ਮਿਥਿਹਾਸਕ ਕਹਾਣੀ ਜੁੜੀ ਹੋਈ ਹੈ। ਅਜਿਹਾ ਹੀ ਇੱਕ ਪ੍ਰਾਚੀਨ ਮੰਦਰ ਕੁੱਲੂ ਜ਼ਿਲ੍ਹੇ ਵਿੱਚ ਵੀ ਹੈ। ਜਿਸ ਨੂੰ ਸ਼ੰਗਚੁਲ ਮਹਾਦੇਵ ਮੰਦਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ਼ੰਗਚੁਲ ਮਹਾਦੇਵ ਮੰਦਿਰ ਕੁੱਲੂ ਜ਼ਿਲੇ ਦੇ ਸ਼ੰਘਦ ਪਿੰਡ ਵਿੱਚ ਸਥਿਤ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਇਸ ਮੰਦਰ 'ਚ ਆਉਣ ਵਾਲੇ ਪ੍ਰੇਮੀਆਂ ਨੂੰ ਮਹਾਦੇਵ ਦੀ ਸ਼ਰਨ ਮਿਲਦੀ ਹੈ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਜੋ ਵੀ ਪ੍ਰੇਮੀ ਜੋੜਾ ਭੱਜ ਕੇ ਆਉਂਦਾ ਹੈ, ਜਿਨ੍ਹਾਂ ਦੇ ਪਿਆਰ ਨੂੰ ਪਰਿਵਾਰ, ਸਮਾਜ ਸਵੀਕਾਰ ਨਹੀਂ ਕਰਦਾ, ਮਹਾਦੇਵ ਉਨ੍ਹਾਂ ਨੂੰ ਮੰਦਰ ਵਿੱਚ ਸ਼ਰਨ ਦਿੰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਦੀ ਸੁਰੱਖਿਆ ਵੀ ਕਰਦੇ ਹਨ। ਇਸ ਮੰਦਰ ਦਾ ਸਬੰਧ ਮਹਾਭਾਰਤ ਕਾਲ ਤੋਂ ਦੱਸਿਆ ਜਾਂਦਾ ਹੈ। ਇਸ ਮੰਦਰ ਦਾ ਰਕਬਾ 11 ਵਿੱਘੇ ਵਿੱਚ ਫੈਲਿਆ ਹੋਇਆ ਹੈ। ਮੰਦਿਰ ਦੀ ਹੱਦ ਅੰਦਰ ਆਉਂਦੇ ਹੀ ਪ੍ਰੇਮੀ ਜੋੜੇ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਅਜਿਹਾ ਮੰਨਿਆ ਜਾਂਦਾ ਹੈ ਕਿ



ਪਾਂਡਵਾਂ ਨੇ ਆਪਣੇ ਜਲਾਵਤਨ ਦੌਰਾਨ ਕੁਝ ਸਮਾਂ ਇੱਥੇ ਠਹਿਰਿਆ ਸੀ। ਪਾਂਡਵਾਂ ਦਾ ਪਿੱਛਾ ਕਰਦੇ ਹੋਏ ਕੌਰਵ ਵੀ ਇੱਥੇ ਪਹੁੰਚ ਗਏ। ਉਦੋਂ ਸ਼ੰਗਚੁਲ ਮਹਾਦੇਵ ਨੇ ਕੌਰਵਾਂ ਨੂੰ ਰੋਕ ਕੇ ਕਿਹਾ ਸੀ ਕਿ ਇਹ ਮੇਰਾ ਇਲਾਕਾ ਹੈ, ਇੱਥੇ ਆਉਣ ਵਾਲੇ ਦਾ ਕੋਈ ਵਿਗਾੜ ਨਹੀਂ ਸਕਦਾ। ਕਿਹਾ ਜਾਂਦਾ ਹੈ ਕਿ ਇਹ ਸੁਣ ਕੇ ਕੌਰਵ ਮਹਾਦੇਵ ਦੇ ਡਰ ਤੋਂ ਵਾਪਸ ਪਰਤ ਆਏ। ਉਦੋਂ ਤੋਂ, ਜੋ ਵੀ ਮੰਦਰ ਵਿੱਚ ਸ਼ਰਨ ਲੈਣ ਲਈ ਆਉਂਦਾ ਹੈ, ਉਸਨੂੰ ਮਹਾਦੇਵ ਦਾ ਸ਼ਰਨਾਰਥੀ ਮੰਨਿਆ ਜਾਂਦਾ ਹੈ। ਇਸ ਲਈ ਪ੍ਰੇਮੀ ਜੋੜੇ ਨੂੰ ਵੀ ਇੱਥੇ ਸੁਰੱਖਿਅਤ ਮੰਨਿਆ ਜਾਂਦਾ ਹੈ। ਜੋ ਪ੍ਰੇਮੀ ਵਿਆਹ ਕਰਵਾਉਣ ਦੇ ਮਕਸਦ ਨਾਲ ਇਸ ਮੰਦਰ ਵਿੱਚ ਆਉਂਦੇ ਹਨ, ਉਨ੍ਹਾਂ ਨੂੰ ਮਹਿਮਾਨਾਂ ਵਾਂਗ ਮੰਨਿਆ ਜਾਂਦਾ ਹੈ ਅਤੇ ਮੰਦਰ ਦੇ ਪੁਜਾਰੀ ਉਦੋਂ ਤੱਕ ਉਨ੍ਹਾਂ ਦੀ ਦੇਖਭਾਲ ਕਰਦੇ ਹਨ ਜਦੋਂ ਤੱਕ ਉਨ੍ਹਾਂ ਦੇ ਪਰਿਵਾਰ ਦੋਵਾਂ ਦੇ ਵਿਆਹ ਲਈ ਸਹਿਮਤ ਨਹੀਂ ਹੁੰਦੇ। ਇੱਥੋਂ ਦੇ ਲੋਕ ਅੱਜ ਵੀ ਆਪਣੇ ਵਿਰਸੇ ਦਾ ਪਾਲਣ ਕਰ ਰਹੇ ਹਨ। ਇਹੀ ਕਾਰਨ ਹੈ ਕਿ ਅੱਜ ਵੀ ਇੱਥੇ ਪੁਲੀਸ ਦੇ ਆਉਣ 'ਤੇ ਪਾਬੰਦੀ ਲੱਗੀ ਹੋਈ ਹੈ। ਇਸ ਤੋਂ ਇਲਾਵਾ ਇੱਥੇ ਸ਼ਰਾਬ, ਸਿਗਰਟ ਜਾਂ ਚਮੜੇ ਦਾ ਸਮਾਨ ਲਿਆਉਣ ਦੀ ਵੀ ਮਨਾਹੀ ਹੈ। ਇੱਥੇ ਉੱਚੀ ਆਵਾਜ਼ ਵਿੱਚ ਗੱਲ ਕਰਨ ਦੀ ਵੀ ਮਨਾਹੀ ਹੈ।

# ਭਾਰਤ ਦੀ ਦੂਜੀ ਪੁਰਾਣੀ ਪਾਰਟੀ ਅਕਾਲੀ ਦਲ ਦਾ ਪੁਨਰਗਠਨ, ਚਿੰਤਾ ਅਤੇ ਭਵਿੱਖ !

(ਸਫਾ 19 ਦੀ ਬਾਕੀ)

ਹੈ ਜਿਸ ਪਾਰਟੀ ਨਾਲ ਵੀ ਮਿਲ ਕੇ ਸਰਕਾਰਾਂ ਬਣਾਈਆਂ ਉਸ ਨੂੰ ਹੀ ਖਤਮ ਕੀਤਾ ਚਾਹੇ ਉਹ ਜੰਮੂ ਕਸ਼ਮੀਰ ਦੀ ਮ-ਹਬੂਬਾ ਹੋਵੇ , ਬਿਹਾਰ ਦੇ ਨਿਤੀਸ਼ ਕੁਮਾਰ, ਬਾਦਲ ਪ੍ਰੀਵਾਰ ਦੀ ਮੋਦੀ ਸਰਕਾਰ ਨੂੰ ਅੱਖਾ ਬੰਦ ਕਰਕੇ ਹਿਮਾਇਤ ਕਰਨੀ ਮਹਿੰਗੀ ਪਈ ਹੈ। ਪੰਜਾਬ ਦੇ ਅਸਲ ਮੁੱਦਿਆ ਨੂੰ ਦਰਕਿਨਾਰ ਕਰਦਿਆਂ ਪ੍ਰੀਵਾਰ ਤੇ ਤਾਨਾਂਸ਼ਾਹੀ ਫੈਸਲਿਆਂ ਨਾਲ ਪਾਰਟੀ ਨੂੰ ਅੰਤਰਮੁੱਖੀ ਮੰਥਨ ਦੀ ਲੋੜ ਨੂੰ ਖਤਮ ਕਰਨ ਦਾ ਖਮਿਆਜ਼ਾ ਭੁਗਤਨਾ ਪੈ ਰਿਹਾ ਹੈ। ਰਿਸ਼ਵਤਖੋਰੀ, ਬੇਰੁਜ਼ਗਾਰੀ, ਗਰੀਬੀ, ਰੇਤ ਮਾਫੀਆ, ਨਸ਼ਾ ਮਾਫੀਆ, ਗੁਰੂ ਗ੍ਰੰਥ ਸਾਹਿਬ ਦੀਆਂ ਬੇਆਦਬੀਆਂ, ਸਿਰਸੇ ਵਾਲਾ ਰਾਮ ਰਹੀਮ ਦੇ ਮੁਆਫੀ ਵਰਗੇ ਫੈਸਲਿਆਂ ਨੇ ਪਾਰਟੀ ਨੂੰ ਪੁੱਠਾ ਗੈੜਾ ਦੇ ਦਿਤਾਂ। ਜੋ ਰਾਜਸੀ ਪੱਤਨ ਦਾ ਕਾਰਨ ਬਣੇ ਹਨ।

ਅਗਰ ਅੱਜ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਿਕ ਕਮੇਟੀ ਦੀਆਂ ਚੋਣਾਂ ਦਾ ਐਲਾਨ ਹੁੰਦਾ ਹੈ ਤਾਂ ਇਹਨਾ ਦੇ ਹੱਥੋ ਤਾਕਤ ਦਾ ਆਖਰੀ ਹਥਿਆਰ ਵੀ ਖਤਮ ਹੋ ਜਾਵੇਗਾ। ਹਰਿਆਣਾ ਵਿੱਚ ਪ੍ਰਬੰਧਕ ਕਮੇਟੀ ਵੀ ਅਸਿਧੇ ਤੌਰ ਤੇ ਬੀਜੇਪੀ ਦੇ ਗੋਡੇ ਹੇਠ ਹੈ ਬਾਬਾ ਬਲਜੀਤ ਸਿੰਘ ਦਾਦੂਵਾਲ ਆਏ ਦਿਨ ਬੀਜੇਪੀ ਦੇ ਗੁਣਗਾਨ ਕਰਦੇ ਨਜ਼ਰ ਆਉਦੇ ਹਨ। ਇਹਨਾਂ ਰਾਹੀ ਹਰਿਆਣਾ ਦੇ ਸਿੱਖਾਂ ਨੂੰ ਆਪਣੇ ਨਾਲ ਰਲਾਉਣ ਲਈ ਕੋਸਿਸ਼ਾਂ ਜਾਰੀ ਹਨ। ਦਿੱਲੀ ਵਿੱਚ ਵਰਤੀ ਤੌਰ ਤੇ ਗੁਰੂਦੁਆਰਾ ਪ੍ਰਬੰਧਕ ਕਮੇਟੀ ਵਿੱਚ ਸਿੱਖੀ ਦਾ ਪ੍ਰਬੰਧਕ ਵਜੂਦ ਖਤਮ ਹੋ ਗਿਆ ਹੈ। ਪੂਰੀ ਤਰਾਂ ਨਾਲ ਆਰ ਐਸ ਐਸ ਦਾ ਕਬਜ਼ਾ ਹੇਠ ਹੈ। ਅਜ਼ਾਦੀ ਤੋ ਬਾਆਦ ਅਕਾਲੀ ਦਲ ਨੇ ਜਿੰਨਾਂ ਮੁਦਿਆਂ ਉਪਰ ਲੜਾਈਆਂ ਲੜੀਆਂ, ਮੋਰਚੇ ਲਾਏ, ਜੇਲਾਂ ਕੱਟੀਆਂ, ਸ਼ਹੀਦ ਹੋਏ। ਉਹਨਾ ਸੱਭ ਨੂੰ ਸਿਆਸੀ ਲਾਭ ਪ੍ਰਾਪਤੀ ਲਈ ਦਰ ਕਿਨਾਰ ਕੀਤਾ।

ਪਾਣੀਆਂ ਦੇ ਹੱਕ ਖੁੱਸ ਕੇ ਕੇਂਦਰ ਕੋਲ ਚਲੇ ਗਏ। ਚੰਡੀਗੜ੍ਹ ਉਪਰ ਪੰਜਾਬ ਦੇ ਹੱਕ ਲਈ ਜੁਬਾਨ ਬੰਦ ਰੱਖੀ। ਬਿਜਲੀ, ਸਿੱਖਿਆਂ, ਕਿਸਾਨੀ ਨੂੰ ਕੇਂਦਰੀ ਸਰਕਾਰਾਂ ਦੇ ਰਹਿਮੋ ਕਰਮ ਤੇ ਛੱਡਣਾ ਵੱਡੀਆਂ ਸਿਆਸੀ ਗਲਤੀਆਂ ਸਨ।

ਅੱਜ ਦੇ ਬਿਖੜੇ ਸਮੇ ਵਿੱਚ ਸੱਭ ਤੋ ਵੱਡੀ ਜਰੂਰਤ ਸਿੱਖਾਂ ਵਿੱਚ ਸਿਰ ਜੋੜਕੇ ਇਕੱਠੇ ਹੋਣ ਦੇ ਨਾਲ ਨਾਲ ਸਮੇ ਦੀ ਨਜ਼ਾਕਤ ਨੂੰ ਪਹਿਚਾਨਣ ਦੀ ਹੈ। ਦੇਸ਼ ਵਿਦੇਸ਼ਾ ਵਿੱਚ ਸਿੱਖਾਂ ਦੀਆਂ ਚਿੰਨਤਾਵਾਂ ਨੂੰ ਸਮਝਣ ਦੀ ਵਧੇਰੇ ਲੋੜ ਹੈ। ਸ਼੍ਰੋਮਣੀ ਕਮੇਟੀ ਦੀਆਂ ਇਲੈਕਸ਼ਨਾਂ ਨੂੰ ਪਹਿਲ ਦੇਣੀ ਬਣਦੀ ਹੈ।ਇੱਕ ਸੂਤਰੀ ਪੰਥਕ ਅਜੰਡੇ ਨੂੰ ਸਾਂਝੀ ਪਰਵਾਨਗੀ ਹੋਵੇ। ਸਿੱਖਾਂ ਕੋਲ ਗੁਆਉਣ ਲਈ ਬਹੁਤ ਕੁਝ ਨਹੀ ਬਚਿਆ ਹੈ। ਕੇਂਦਰ ਨਾਲ ਹਰ ਮੰਗ ਫੇਲ ਹੋ ਕੇ ਗਲੇ ਪੈਦੀ ਨਜ਼ਰ ਆ ਰਹੀ ਹੈ। ਕੌਮ ਨੇ ਬਹੁਤ ਔਖੇ ਪੈਂਡੇਆਂ ਵੇਲੇ ਗੁਰਮੱਤੇ ਕੀਤੇ ਹਨ। ਸਾਂਝਾ ਲਈ ਹੱਥ ਵਧਾਏ ਹਨ। ਵੱਡੀਆਂ ਉਮੀਦਾਂ ਲਈ ਬਹੁਤ ਯਤਨ ਹੋਏ ਹਨ। ਗੁਰੂ ਦੇ ਸਿਧਾਂਤ ਨੂੰ ਪ੍ਰਮੁੱਖਤਾ ਦੇਣੀ ਬਣਦੀ ਹੈ। ਰਾਜਨੀਤੀ ਲਈ ਸਿੱਖੀ ਮਰਿਆਦਾ ਅਨੁਸਾਰ ਇਕ ਅਜੰਡਾ ਜਰੂਰੀ ਹੈ। ਜਿਸ ਨੂੰ ਢਾਹ ਨਾ ਲੱਗ ਸਕੇ। ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੱਧ ਤੋ ਵੱਧ ਪ੍ਰਾਦਰਸ਼ਤਾ ਹੋਂਦ ਵਿਚ ਆਵੇ। ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਦੀਆਂ ਇਲੈਕਸ਼ਨਾ ਦਾ ਮਿਥੇ ਸਮੇ ਤੇ ਨਾ ਹੋਣ ਦੇ ਨੁਕਸਾਨ ਤੋ ਬਚਣ ਲਈ ਇੱਕ ਸਥਾਈ ਬੋਰਡ ਦਾ ਗਠਨ ਹੋਵੇ। ਜਿਸ ਵਿੱਚ ਧਾਰਮਿਕ ਅਤੇ ਰਾਜਨੀਤਕ ਉਪਰ ਚੰਗੀ ਪਕੜ ਵਾਲੇ ਵਿਦਵਾਨਾਂ, ਲੇਖਕਾਂ, ਪ੍ਰਚਾਰਕਾਂ ਸਮੇਤ ਹਰ ਉਸ ਵਿਆਕਤੀ ਨੂੰ ਜੋ ਸਿੱਖੀ ਨੂੰ ਸਹੀ ਦਿਸ਼ਾ ਦੇਣ ਵਿੱਚ ਅਹਿਮ ਯੋਗਦਾਨ ਪਾ ਸਕਦਾ ਹੋਵੇ। ਸ਼ਾਮਲ ਕੀਤਾ ਜਾਵੇ। " ਸਿੱਖ ਨੀਤੀ ਬੋਰਡ " ਇਲੈਕਟਿਡ ਨਾ ਹੋ ਕੇ ਕੁਝ ਸੀਮਤ ਸਮੇ ਲਈ ਸਿਲੈਕਟਿਡ ਹੋਵੇ। ਜੋ ਸੰਭਾਵੀ ਹਮਲਿਆਂ ਤੋਂ ਅਗਾਹਉਂ ਖਬਰਦਾਰ ਰਿਹ ਕੇ ਸਿੱਖੀ ਦੇ ਪਸਾਰ ਲਈ ਲਗਾਤਾਰ ਸੇਵਾਵਾਂ ਦਿੰਦਾ ਰਹੇ। ਕੌਮੀ ਸਿਧਾਂਤਿਕ ਲੋਕਾਂ ਦਾ ਅੱਗੇ ਆਉਣਾ ਜਰੂਰੀ ਹੈ । ਜੋ ਹਮੇਸ਼ਾ ਸਿੱਖੀ ਦੇ ਪਹਿਰੇਦਾਰ ਬਣੇ ਰਹਿਣ ਅਤੇ ਪੰਜਾਬ ਦੀ ਅਵਾਜ਼ ਨੂੰ ਦਲੇਰੀ ਬਖਸ਼ਦੇ ਰਹਿਣ।

# ਅਗਨੀਪਥ ਯੋਜਨਾ ਦਾ ਫ਼ੌਜੀ ਢਾਂਚੇ 'ਤੇ ਅਸਰ

(ਸਫਾ 6 ਦੀ ਬਾਕੀ)

ਸਮਝਿਆ ਜਾ ਸਕਦਾ ਹੈ ਅਤੇ ਇਨ੍ਹਾਂ ਵਿਚੋਂ ਤਜ਼ਰਬੇ ਦਾ ਪਲੜਾ ਭਾਰੀ ਹੁੰਦਾ ਹੈ। ਜਿਨ੍ਹਾਂ 75 ਫ਼ੀਸਦੀ ਅਗਨੀਵੀਰਾਂ ਨੂੰ ਹਟਾ ਦਿੱਤਾ ਜਾਵੇਗਾ, ਉਨ੍ਹਾਂ ਨੂੰ ਬਦਲਵਾਂ ਪੇਸ਼ਾ ਅਪਨਾਉਣ ਲਈ ਨੌਕਰੀਆਂ, ਸਿੱਖਿਆ ਤੇ ਮਾਲੀ ਇਮਦਾਦ ਦੇਣ ਦਾ ਭਰੋਸਾ ਦਿੱਤਾ ਜਾ ਰਿਹਾ ਹੈ, ਜਦੋਂਕਿ ਉਹ ਫ਼ੌਜੀ ਹੀ ਬਣੇ ਰਹਿਣਾ ਚਾਹੁਣਗੇ। ਜ਼ੁਬਾਨੀ ਭਰੋਸੇ ਕਦੇ ਵੀ ਵਫ਼ਾ ਨਹੀਂ ਹੋਏ।

ਮੇਰੇ ਵਰਗੇ ਸਾਬਕਾ ਫ਼ੌਜੀਆਂ, ਜਿਨ੍ਹਾਂ ਨੂੰ ਸਾਰੀਆਂ ਜੰਗਾਂ ਲੜਨ ਅਤੇ ਨਾਲ ਹੀ ਬਗ਼ਾਵਤ-ਰੋਕੂ ਅਪਰੇਸ਼ਨਾਂ ਵਿਚ ਸ਼ਾਮਲ ਹੋਣ ਦਾ ਸੁਭਾਗ ਹਾਸਲ ਹੈ, ਮੁਤਾਬਿਕ ਇਸ ਸਕੀਮ ਰਾਹੀਂ ਜਿਹੜੀ ਸਭ ਤੋਂ ਵੱਡੀ ਬੱਜਰ ਗ਼ਲਤੀ ਕੀਤੀ ਜਾ ਰਹੀ ਹੈ, ਉਹ ਹੈ ਸਮੇਂ ਦੀ ਕਸੌਟੀ ਉੱਤੇ ਖ਼ਰੀ ਉਤਰੀ ਅਤੇ ਬਹੁਤ ਹੀ ਧਿਆਨ ਨਾਲ ਕਾਇਮ ਕੀਤੀ ਗਈ ਰੈਜੀਮੈਂਟਲ ਪ੍ਰਣਾਲੀ ਦੀ ਤਬਾਹੀ। ਸਿਆਸੀ ਲੀਡਰਸ਼ਿਪ ਨੇ ਇਸ ਰਣਨੀਤਕ ਅਸਾਸੇ ਦੀ ਅਹਿਮੀਅਤ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਇਸ ਵੱਲੋਂ ਇਕਹਿਰਾ-ਵਰਗ ਅਤੇ ਹੋਰ ਖ਼ਾਸ ਤੌਰ 'ਤੇ ਖੜ੍ਹੀਆਂ ਕੀਤੀਆਂ ਗਈਆਂ ਯੂਨਿਟਾਂ ਤੇ ਸਬ-ਯੂਨਿਟਾਂ ਉੱਤੇ ਆਲ-ਇੰਡੀਆ ਆਲ ਕਲਾਸ (ਏਆਈਏਸੀ) (ਭਾਵ ਸਾਰੇ ਭਾਰਤ ਦੇ ਸਾਰੇ ਵਰਗ ਇਕੱਠੇ) ਦੀ ਯੋਜਨਾ ਥੋਪੀ ਜਾ ਰਹੀ ਹੈ। ਇਸ ਨਾਲ ਸਿੱਖ ਰੈਜੀਮੈਂਟ, ਗੜ੍ਹਵਾਲ, ਕੁਮਾਊਂ ਤੇ ਅਸਾਮ ਰੈਜੀਮੈਂਟਾਂ ਅਤੇ ਅਜਿਹੀਆਂ ਹੋਰ ਰੈਜੀਮੈਂਟਾਂ ਦਾ ਆਪਣਾ ਖ਼ਾਸਾ ਤੇ ਆਤਮਾ ਮਰ ਜਾਵੇਗੀ ਅਤੇ ਇਹ ਕਹਿਣ ਦੀ ਲੋੜ ਹੀ ਨਹੀਂ ਕਿ ਇਸ ਨਾਲ ਵੱਖੋ-ਵੱਖ ਰੈਜੀਮੈਂਟਾਂ ਵਿਚ ਪਿਤਾ ਤੋਂ ਲੈ ਕੇ ਪੁੱਤਰਾਂ ਤੱਕ ਪੀੜ੍ਹੀ-ਦਰ-ਪੀੜ੍ਹੀ ਦੇਸ਼ ਸੇਵਾ ਦੀਆਂ ਪਾਈਆਂ ਗਈਆਂ ਸ਼ਾਨਦਾਰ ਰੈਜੀਮੈਂਟਲ ਪਿਰਤਾਂ ਅਤੇ ਉਨ੍ਹਾਂ ਦਾ ਆਪਸੀ ਭਾਈਚਾਰਾ ਵੀ ਖ਼ਤਮ ਹੋ ਜਾਵੇਗਾ। ਆਪਣੇ ਵਰਗ ਦੀ ਪਛਾਣ ਅਤੇ ਜੰਗੀ ਨਾਅਰੇ ਬਹੁਤ ਵੱਡੇ ਪ੍ਰੇਰਨਾ ਸਰੋਤ ਹੁੰਦੇ ਹਨ। ਤਤਕਾਲੀ ਰੱਖਿਆ ਮੰਤਰੀ ਜਸਵੰਤ ਸਿੰਘ ਨੇ ਇਕ ਵਾਰ ਕਿਹਾ ਸੀ ਕਿ ਫ਼ੌਜ ਮਨ ਦੀ ਆਵਾਜ਼ ਅਤੇ ਇਕਰਾਰਨਾਮੇ ਦਾ ਨਾਂ ਹੈ। ਸਰਕਾਰਾਂ ਨੇ ਪਹਿਲਾਂ ਵੀ ਇਨ੍ਹਾਂ ਨੁਕਸ-ਰਹਿਤ ਸੰਗਠਨਾਂ ਵਿਚ ਏਆਈਏਸੀ ਵਰਗੀਆਂ ਯੋਜਨਾਵਾਂ ਨਾਲ ਦਖ਼ਲ ਤੇ ਛੇੜਖ਼ਾਨੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅਜਿਹੇ ਤਜ਼ਰਬੇ ਨਾਕਾਮ ਹੀ ਸਾਬਤ ਹੋਏ। ਧੱਕੇ ਨਾਲ ਏਆਈਏਸੀ ਲਾਗੂ ਕਰਨਾ ਰੈਜੀਮੈਂਟਲ ਢਾਂਚੇ ਦੀ ਆਤਮਾ ਉੱਤੇ ਹਮਲਾ ਹੈ।

ਇਕ ਵਾਰ ਨਿਮਰਤਾ ਵਾਲੇ ਗੋਰਖਿਆਂ ਬਾਰੇ ਸੋਚੋ। ਗੋਰਖਾ ਬ੍ਰਿਗੇਡ, ਜੋ 43ਵੀਂ ਇਨਫੈਂਟਰੀ ਬਟਾਲੀਅਨ ਦਾ ਹਿੱਸਾ ਹੈ, ਵਿਚ ਮੁੱਖ ਤੌਰ 'ਤੇ ਨੇਪਾਲ ਤੋਂ ਭਰਤੀ ਕੀਤੀ ਜਾਂਦੀ ਹੈ। ਜਦੋਂ ਅਗਨੀਪਥ ਯੋਜਨਾ ਦੇ ਮੁੱਖ ਘਾੜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 2014 ਵਿਚ ਨੇਪਾਲ ਗਏ ਤਾਂ ਉਨ੍ਹਾਂ ਨੇ ਭਾਰਤ ਦੀ ਪ੍ਰਭੂਤਾ ਅਤੇ ਇਲਾਕਾਈ ਅਖੰਡਤਾ ਦੀ ਹਿਫ਼ਾਜ਼ਤ ਵਿਚ ਨੇਪਾਲੀ ਗੋਰਖਿਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਦੀ ਸ਼ਲਾਘਾ ਕੀਤੀ ਸੀ। ਗੋਰਖਾ ਭਾਈਚਾਰੇ ਦੇ ਲੱਖਾਂ ਮੌਜੂਦਾ ਤੇ ਸਾਬਕਾ ਫ਼ੌਜੀ ਉੱਥੇ ਭਾਰਤ ਪੱਖੀ ਮਾਹੌਲ ਸਿਰਜਦੇ ਹਨ ਜਦੋਂਕਿ ਭਾਰਤ ਦੇ ਨੇਪਾਲ ਵਿਚ ਤੇਜ਼ੀ ਨਾਲ ਵਧ ਰਹੇ ਪ੍ਰਭਾਵ ਅਤੇ ਵਿਸ਼ੇਸ਼ ਰਿਸ਼ਤਿਆਂ ਦੀ ਕਾਇਮੀ ਵਿਚ ਵਿਘਨ ਪਾਉਣ ਲਈ ਚੀਨ ਪੂਰਾ ਤਾਣ ਲਾ ਰਿਹਾ ਹੈ। ਏਆਈਏਸੀ ਭਰਤੀ ਲਾਗੂ ਕਰਦਿਆਂ ਗੋਰਖਿਆਂ ਨੂੰ ਅਗਨੀਵੀਰ ਬਣਾਉਣ ਨਾਲ ਯਕੀਨਨ ਇਨ੍ਹਾਂ ਦੁਵੱਲੇ ਰਿਸ਼ਤਿਆਂ ਉੱਤੇ ਮਾੜਾ ਅਸਰ ਪਵੇਗਾ।

ਪਿਛਲੇ ਹਫ਼ਤੇ ਮੈਂ ਇਕ ਮਿਲਟਰੀ ਹਸਪਤਾਲ ਗਿਆ, ਜਿੱਥੇ ਮੈਨੂੰ ਆਰਮੀ ਮੈਡੀਕਲ ਕੋਰ ਦੇ ਪੰਜ ਮੌਜੂਦਾ ਮੈਂਬਰ ਮਿਲੇ (ਇਕ ਜੇਸੀਓ ਤੇ ਇਕ ਨਾਇਕ ਹਰਿਆਣਾ, ਇਕ ਹਵਲਦਾਰ ਰਾਜਸਥਾਨ, ਇਕ-ਇਕ ਨਾਇਕ ਕੇਰਲ ਤੇ ਤ੍ਰਿਪੁਰਾ)। ਗ਼ੌਰਤਲਬ ਹੈ ਕਿ ਇਹੋ ਆਰਮੀ ਮੈਡੀਕਲ ਕੋਰ ਇਕੋ ਇਕ ਅਜਿਹੀ ਫ਼ੌਜੀ ਸੰਸਥਾ ਹੈ ਜਿਹੜੀ ਅਗਨੀਵੀਰ ਯੋਜਨਾ ਤੋਂ ਬਚੀ ਹੈ। ਉਨ੍ਹਾਂ ਦਾ ਸਵਾਲ ਸੀ ਕਿ ਹੁਣ ਅਗਨੀਪਥ ਦੀ ਕੀ ਲੋੜ ਹੈ? ਮੈਂ ਇਹੋ ਮੋੜਵਾਂ ਸਵਾਲ ਉਨ੍ਹਾਂ ਨੂੰ ਕੀਤਾ ਤੇ ਉਹ ਲਗਾਤਾਰ ਇਹ ਯੋਜਨਾ ਲਿਆਉਣ ਲਈ ਦੂਰ-ਅੰਦੇਸ਼ੀ ਦੀ ਘਾਟ ਦੀ ਆਲੋਚਨਾ ਕਰਦੇ ਰਹੇ। ਮੇਰੀ ਫ਼ੌਜੀ ਹੈਡਕੁਆਰਟਰ ਵਿਚ ਸੇਵਾ ਨਿਭਾਅ ਰਹੇ ਇਕ ਲੈਫ਼ਟੀਨੈਂਟ ਜਨਰਲ ਨਾਲ ਵੀ ਗੱਲ ਹੋਈ ਤੇ ਮੈਂ ਪੁੱਛਿਆ ਕਿ ਲਾਗਤ ਕਟੌਤੀ ਵਾਲੀ ਇਹ ਇੰਨੀ ਮਹਿੰਗੀ ਯੋਜਨਾ ਫ਼ੌਜ ਦੇ ਮੌਜੂਦਾ ਕਮਾਂਡਰਾਂ ਅਤੇ ਹੋਰਨਾਂ ਸੋਚਵਾਨ ਜਨਰਲਾਂ ਨੇ ਪਾਸ ਕਿਵੇਂ ਕਰ ਦਿੱਤੀ। ਉਸ ਦਾ ਜਵਾਬ ਸੀ, ''ਜੋ ਹੋਣਾ ਸੀ ਹੋ ਗਿਆ।''

ਹੁਣ ਅੰਤ ਵਿਚ ਜਨਰਲ ਇਆਨ ਹੈਮਿਲਟਨ ਵੱਲੋਂ ਲਿਖੀ ਪੁਸਤਕ 'ਮੇਰੇ ਰੈਜੀਮੈਂਟਲ ਇਤਿਹਾਸ' ਦੇ ਮੁੱਖਬੰਦ ਦਾ ਅੰਤਿਮ ਹਵਾਲਾ ਦੇ ਰਿਹਾ ਹਾਂ: ''ਪੰਜਵੀਂ ਗੋਰਖਾ ਰਾਈਫ਼ਲਜ਼ ਦੀ ਪ੍ਰਸਿੱਧੀ ਕਦੇ ਖ਼ਤਮ ਨਹੀਂ ਹੋਵੇਗੀ; ਜੇ ਕੋਈ ਸਿਆਸਤਦਾਨ ਅੱਜ ਤੋਂ ਬਾਅਦ ਉਸ ਦੇ ਕੇਡਰ ਨੂੰ ਖ਼ਤਮ ਕਰਨ ਜਾਂ ਇਸ ਦੀ ਨਫ਼ਰੀ ਵਿਚ ਤਬਦੀਲੀ ਕਰਨ ਜਾਂ ਇਸੇ ਹੋਰ ਤਰ੍ਹਾਂ ਦਾ ਜ਼ੁਲਮ ਕਰਨ ਵਰਗਾ ਕੋਈ ਸੁਪਨਾ ਦੇਖਦਾ ਹੈ ਤਾਂ ਇਸ ਜਿਲਦ ਦਾ ਅਧਿਐਨ ਉਸ ਦੇ ਹੱਥ ਨੂੰ ਸੁੰਨ ਕਰ ਸਕਦਾ ਹੈ।''

# ਅਫ਼ਗਾਨਿਸਤਾਨ ਦਾ ਹਿੰਦੂ-ਸਿੱਖ ਮੁਕਤ ਹੋਣਾ ਸੱਭਿਆਚਾਰਕ ਤਬਾਹੀ

(ਸਫਾ 2 ਦੀ ਬਾਕੀ)

ਵਿਚ ਗ਼ੈਰ-ਮੁਸਲਿਮਾਂ ਦੀ ਗਿਣਤੀ ਵਿਚ ਭਾਰੀ ਕਮੀ ਆਈ ਹੈ। ਇਸ ਦਾ ਕਾਰਨ ਉਸ ਕਾਲਕ੍ਰਮ ਵਿਚ ਲੁਕਿਆ ਹੈ ਜਿਸ ਵਿਚ ਉਨ੍ਹਾਂ ਨੂੰ ਇਸਲਾਮ ਅਪਨਾਉਣ ਲਈ ਮਜਬੂਰ ਹੋਣਾ ਪਿਆ ਜਾਂ ਫਿਰ ਮਜ਼ਹਬੀ ਤੌਰ 'ਤੇ ਤੰਗ-ਪਰੇਸ਼ਾਨ ਹੋਣ ਤੋਂ ਬਚਣ ਲਈ ਭਾਰਤ ਸਮੇਤ ਹੋਰ ਦੇਸ਼ਾਂ ਵਿਚ ਹਿਜਰਤ ਕਰਨੀ ਪਈ। ਜਿਨ੍ਹਾਂ ਨੇ ਅਜਿਹਾ ਨਹੀਂ ਕੀਤਾ, ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਕਸ਼ਮੀਰ ਵਿਚ ਅੱਜ ਵੀ ਹਿੰਦੂਆਂ ਨੂੰ ਇਸੇ ਨੀਅਤੀ ਤੋਂ ਗੁਜ਼ਰਨਾ ਪੈ ਰਿਹਾ ਹੈ। ਇਹ ਠੀਕ ਹੈ ਕਿ ਬਾਕੀ ਭਾਰਤ ਵਿਚ ਇਸਲਾਮ ਦੇ ਨਾਂ 'ਤੇ ਇਨ੍ਹਾਂ ਮੱਧਕਾਲੀ ਸਰਗਰਮੀਆਂ ਦਾ ਖੁੱਲ੍ਹੇਆਮ ਸੰਚਾਲਨ ਸੰਭਵ ਨਹੀਂ ਪਰ ਕਈ ਤਰੀਕਿਆਂ ਨਾਲ ਅਜਿਹੀਆਂ ਹਿਮਾਕਤਾਂ ਅੱਜ ਵੀ ਜਾਰੀ ਹਨ। ਬੀਤੇ ਸਾਲ ਹੀ ਉੱਤਰ ਪ੍ਰਦੇਸ਼ ਪੁਲਿਸ ਨੇ ਇਕ ਵੱਡੇ ਇਸਲਾਮੀ ਧਰਮ-ਪਰਿਵਰਤਨ ਗਿਰੋਹ ਦਾ ਭਾਂਡਾ ਭੰਨਿਆ ਸੀ।

ਚਾਹੀਦਾ ਤਾਂ ਇਹ ਹੈ ਕਿ 'ਵਿਭਿੰਨਤਾ ਵਿਚ ਏਕਤਾ' ਦਾ ਪ੍ਰਦਰਸ਼ਨ ਕਰਦਿਆਂ ਇਕ ਗੁਲਦਸਤੇ ਵਾਂਗ ਸਮਾਜ ਦੀ ਸਿਰਜਣਾ 'ਤੇ ਜ਼ੋਰ ਦਿੱਤਾ ਜਾਵੇ। ਸਰਬ-ਸਾਂਝੀਵਾਲਤਾ ਦਾ ਸੰਦੇਸ਼ ਘਰ-ਘਰ ਪੁੱਜੇ। ਸਾਰੇ ਧਰਮਾਂ ਨੂੰ ਬਰਾਬਰ ਆਦਰ-ਮਾਣ ਮਿਲੇ। ਹੁਣ ਤਕ ਭਾਰਤ ਦਾ ਇਹੀ ਸੱਭਿਆਚਾਰ ਰਿਹਾ ਹੈ-ਜੀਓ ਤੇ ਜਿਊਣ ਦਿਓ। ਇਹੀ ਸਾਡੇ ਦੇਸ਼ ਦੀ ਅੰਦਰੂਨੀ ਖ਼ੂਬਸੂਰਤੀ ਦਾ ਧੁਰਾ ਹੈ। ਇਹੀ ਸੰਦੇਸ਼ ਵੱਧ ਤੋਂ ਵੱਧ ਪ੍ਰਚਲਿਤ ਤੇ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ। ਚਿੰਤਾਜਨਕ ਗੱਲ ਇਹ ਹੈ ਕਿ ਅਜਿਹੇ ਕੰਮਾਂ ਨੂੰ ਹਿੰਦੂ ਵਿਰੋਧੀ ਵਿਚਾਰਧਾਰਾਵਾਂ ਤੋਂ ਪ੍ਰਤੱਖ-ਅਪ੍ਰਤੱਖ ਤੌਰ 'ਤੇ ਹਮਦਰਦੀ ਮਿਲਦੀ ਰਹਿੰਦੀ ਹੈ। ਕਾਬੁਲ ਵਿਚ ਗੁਰਦੁਆਰੇ 'ਤੇ ਹਮਲੇ ਨੂੰ ਲੈ ਕੇ ਖ਼ਬਰਾਂ ਦੇ ਮਾਧਿਅਮਾਂ ਨੇ ਇਹ ਤਾਂ ਦੱਸਿਆ ਕਿ ਅਫ਼ਗਾਨਿਸਤਾਨ ਵਿਚ ਹਿੰਦੂਆਂ ਤੇ ਸਿੱਖਾਂ ਦੀ ਗਿਣਤੀ ਨਿਰੰਤਰ ਘਟ ਰਹੀ ਹੈ ਪਰ ਇਸ ਦੇ ਲਈ ਜ਼ਿੰਮੇਵਾਰ ਵਿਚਾਰਧਾਰਕ ਚਰਚਾ ਕਰਨ ਦੀ ਹਿੰਮਤ ਨਹੀਂ ਦਿਖਾਈ ਗਈ। ਅੱਜ ਜਿਹੋ ਜਿਹਾ ਅਫ਼ਗਾਨਿਸਤਾਨ ਦਿਸਦਾ ਹੈ, ਉਹ ਸਦੀਆਂ ਪਹਿਲਾਂ ਅਜਿਹਾ ਨਹੀਂ ਸੀ। ਇੱਥੋਂ ਤਕ ਕਿ ਉਦੋਂ ਅਫ਼ਗਾਨਿਸਤਾਨ ਨਾਮ ਦਾ ਕੋਈ ਦੇਸ਼ ਵੀ ਨਹੀਂ ਸੀ। ਪੁਰਾਤੱਤਵ ਖਣਨ ਤੋਂ ਸਪਸ਼ਟ ਹੋ ਚੁੱਕਾ ਹੈ ਕਿ ਵਰਤਮਾਨ ਅਫ਼ਗਾਨਿਸਤਾਨ ਭਾਰਤੀ ਸੰਸਕ੍ਰਿਤਕ ਵਿਰਾਸਤ ਦਾ ਅੰਗ ਰਿਹਾ ਹੈ। ਬਾਰ੍ਹਵੀਂ ਸਦੀ ਤਕ ਵਰਤਮਾਨ ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਕਸ਼ਮੀਰ ਮੁੱਖ ਤੌਰ 'ਤੇ ਹਿੰਦੂ-ਬੋਧੀ ਅਤੇ ਸ਼ੈਵ ਮੱਤ ਦੇ ਮੁੱਖ ਕੇਂਦਰ ਸਨ। ਵੈਦਿਕ ਕਾਲ ਵਿਚ ਅਫ਼ਗਾਨਿਸਤਾਨ ਭਾਰਤ ਦੇ ਪੌਰਾਣਿਕ 16 ਮਹਾਜਨਪਦਾਂ ਵਿਚੋਂ ਇਕ ਗਾਂਧਾਰ ਸੀ ਜਿਸ ਦਾ ਵਰਣਨ ਮਹਾਭਾਰਤ, ਰਿੱਗਵੇਦ ਆਦਿ ਗ੍ਰੰਥਾਂ ਵਿਚ ਮਿਲਦਾ ਹੈ। ਇਹ ਮੌਰੀਆਕਾਲ ਅਤੇ ਕੁਸ਼ਾਣ ਸਾਮਰਾਜ ਦਾ ਵੀ ਹਿੱਸਾ ਰਿਹਾ ਜਿੱਥੇ ਬੋਧੀ ਮੱਤ ਵਧਿਆ-ਫੁੱਲਿਆ। ਚੌਥੀ ਸਦੀ ਵਿਚ ਕੁਸ਼ਾਣ ਸ਼ਾਸਨ ਤੋਂ ਬਾਅਦ ਛੇਵੀਂ ਸਦੀ ਦੇ ਆਰੰਭ ਵਿਚ ਹਿੰਦੂ-ਬੋਧੀ ਬਹੁਲਤਾ ਵਾਲੇ ਕਾਬੁਲਸ਼ਾਹੀ ਵੰਸ਼ ਦਾ ਸ਼ਾਸਨ ਆਇਆ ਜੋ ਨੌਵੀਂ ਸਦੀ ਦੇ ਆਰੰਭ ਤਕ ਰਿਹਾ। ਇਸ ਤੋਂ ਬਾਅਦ ਹਿੰਦੂਸ਼ਾਹੀ ਵੰਸ਼ ਦੀ ਸਥਾਪਨਾ ਰਾਜਾ ਲਗਤੂਰਮਾਨ ਦੇ ਮੰਤਰੀ ਕੱਲਰ ਨੇ ਕੀਤੀ ਜਿਸ ਦੇ ਸ਼ਾਸਕਾਂ ਦਾ ਕਾਲਾਂਤਰ ਵਿਚ ਮਹਿਮੂਦ ਗਜ਼ਨਵੀ ਨਾਲ ਸਾਹਮਣਾ ਹੋਇਆ। ਮਹਿਜ਼ 17 ਸਾਲ ਦੀ ਉਮਰ ਵਿਚ ਖਲੀਫ਼ਾ ਬਣੇ ਗਜ਼ਨਵੀ ਨੇ ਹਰ ਸਾਲ ਭਾਰਤ ਵਿਰੁੱਧ ਜੇਹਾਦ ਛੇੜਨ ਦਾ ਤਹੱਈਆ ਕੀਤਾ ਸੀ। ਬੱਤੀ ਸਾਲ ਦੇ ਸ਼ਾਸਨ ਵਿਚ ਉਸ ਨੇ ਇਕ ਦਰਜ ਤੋਂ ਵੱਧ ਵਾਰ ਭਾਰਤ 'ਤੇ ਹਮਲੇ ਕੀਤੇ। ਉਸ ਨੇ 'ਕਾਫਿਰ-ਕੁਫਰ' ਦੀ ਧਾਰਨਾ ਤੋਂ ਪ੍ਰੇਰਨਾ ਲੈ ਕੇ ਤਲਵਾਰ ਦੇ ਬਲਬੂਤੇ ਹਿੰਦੂਆਂ-ਬੋਧੀਆਂ ਨੂੰ ਇਸਲਾਮ ਅਪਨਾਉਣ ਲਈ ਮਜਬੂਰ ਕੀਤਾ। ਜਦ ਹਿੰਦੂਸ਼ਾਹੀ ਸ਼ਾਸਕ ਗਜ਼ਨਵੀ ਦੇ ਹੱਥੋਂ ਹਾਰ ਗਏ ਉਦੋਂ ਖੇਤਰ ਦਾ ਮਜ਼ਹਬੀ ਸਰੂਪ ਅਤੇ ਚਰਿੱਤਰ ਬਦਲਣਾ ਆਰੰਭ ਹੋਇਆ। ਮਾਰਚ 2001 ਵਿਚ ਤਾਲਿਬਾਨ ਨੇ ਗਜ਼ਨਵੀ ਵਾਲੀ ਮਾਨਸਿਕਤਾ 'ਤੇ ਚੱਲਦੇ ਹੋਏ ਬਾਮਿਆਨ ਵਿਚ ਭਗਵਾਨ ਬੁੱਧ ਦੇ ਵੱਡ-ਆਕਾਰੀ ਬੁੱਤਾਂ ਨੂੰ ਤੋੜ ਦਿੱਤਾ। ਕਾਬੁਲ ਵਿਚ ਗੁਰਦੁਆਰੇ 'ਤੇ ਅੱਤਵਾਦੀ ਹਮਲੇ ਦੇ ਸਿਲਸਿਲੇ ਵਿਚ ਇਹ ਸਾਹਮਣੇ ਆਇਆ ਕਿ ਤਾਲਿਬਾਨ ਨੇ ਜਵਾਬੀ ਕਾਰਵਾਈ ਵਿਚ ਆਈਐੱਸ ਖੁਰਾਸਾਨ ਦੇ ਜੇਹਾਦੀਆਂ ਨੂੰ ਮਾਰਨ ਦਾ ਦਾਅਵਾ ਕੀਤਾ, ਉਥੇ ਹੀ ਤਾਲਿਬਾਨੀ ਗ੍ਰਹਿ-ਮੰਤਰੀ ਅਤੇ ਐਲਾਨੇ ਹੋਏ ਅੱਤਵਾਦੀ ਸਿਰਾਜੂਦੀਨ ਹੱਕਾਨੀ ਨੇ ਸਿੱਖਾਂ ਨਾਲ ਮੁਲਾਕਾਤ ਕੀਤੀ। ਅਜੇ ਅਫ਼ਗਾਨਿਸਤਾਨ ਵਿਚ ਤਾਲਿਬਾਨ ਅਤੇ ਆਈਐੱਸ ਖੁਰਾਸਾਨ ਵਿਚਾਲੇ ਪ੍ਰਭੂਸੱਤਾ ਲਈ ਜੰਗ ਚੱਲ ਰਹੀ ਹੈ। ਇਹ ਦੋਵੇਂ ਜੋੜੇ ਭਰਾਵਾਂ ਵਾਂਗ ਹਨ ਜਿਨ੍ਹਾਂ ਦਾ ਜਨਮ ਇਕ ਹੀ ਜ਼ਹਿਰ ਵਾਲੀ ਗਰਭ ਨਲੀ ਤੋਂ ਹੋਇਆ ਹੈ। ਉਹ ਪਰਸਪਰ ਸਹਿਯੋਗ ਵੀ ਕਰਦੇ ਹਨ ਅਤੇ ਇਕ-ਦੂਜੇ ਨੂੰ ਸ਼ੱਕ ਦੀ ਨਜ਼ਰ ਨਾਲ ਵੀ ਦੇਖਦੇ ਹਨ। ਦੋਵੇਂ ਗਜ਼ਨਵੀ ਵਾਲੀ ਮਾਨਸਿਕਤਾ ਨੂੰ ਅਪਣਾਈ ਬੈਠੇ ਹਨ। ਦੋਵਾਂ ਵਿਚ ਬਸ ਇਕ ਰਣਨੀਤਕ ਅੰਤਰ ਹੈ। ਆਈਐੱਸ ਲਈ ਮੁਸਲਮਾਨਾਂ ਵਿਚ ਰਾਸ਼ਟਰੀਅਤਾ, ਨਸਲੀ ਅਤੇ ਭੂਗੋਲਿਕ ਪਛਾਣ ਦਾ ਕੋਈ ਅਰਥ ਨਹੀਂ ਜਦਕਿ ਤਾਲਿਬਾਨ ਅਫ਼ਗਾਨ ਪਛਾਣ ਨਾਲ ਜੁੜਿਆ ਹੈ। ਤਾਲਿਬਾਨ ਜਿੱਥੇ ਅਫ਼ਗਾਨਿਸਤਾਨ ਤਕ ਸੀਮਤ ਰਹਿਣਾ ਚਾਹੁੰਦਾ ਹੈ, ਉਥੇ ਹੀ ਆਈਐੱਸ ਆਪਣੀ ਹੋਂਦ ਵਿਸ਼ਵ ਪੱਧਰ 'ਤੇ ਬਣਾਉਣ ਲਈ ਯਤਨਸ਼ੀਲ ਹੈ। ਇਸ ਸਮੇਂ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਬੰਗਲਾਦੇਸ਼ ਵਿਚ ਜੋ ਦਿਸ ਰਿਹਾ ਹੈ, ਕੀ ਉਹ ਭਵਿੱਖ ਵਿਚ ਭਾਰਤ ਵਿਚ ਵੀ ਦਿਸ ਸਕਦਾ ਹੈ? ਇਸ ਭਿਆਨਕ ਖ਼ਦਸ਼ੇ ਦਾ ਕਾਰਨ ਉਹ ਵਰਗ ਹੈ ਜੋ ਅੱਜ ਵੀ ਗਜ਼ਨਵੀ, ਗੌਰੀ, ਬਾਬਰ, ਔਰੰਗਜ਼ੇਬ, ਅਬਦਾਲੀ ਅਤੇ ਟੀਪੂ ਸੁਲਤਾਨ ਵਰਗੇ ਹਮਲਾਵਰਾਂ ਨੂੰ ਆਪਣਾ ਨਾਇਕ ਮੰਨਦਾ ਹੈ ਜਦਕਿ ਉਨ੍ਹਾਂ ਦੀਆਂ ਸਰਗਰਮੀਆਂ ਨੇ ਹੀ ਭਾਰਤੀ ਉਪ-ਮਹਾਦੀਪ ਦੇ ਇਕ ਤਿਹਾਈ ਤੋਂ ਵੱਧ ਖੇਤਰ ਨੂੰ ਹਿੰਦੂ, ਬੋਧੀ, ਸਿੱਖਾਂ ਅਤੇ ਜੈਨਾਂ ਤੋਂ ਮੁਕਤ ਕੀਤਾ।




# ਫੈਟੀ ਲਿਵਰ ਦੀ ਸਮੱਸਿਆ ਹੈ ਤਾਂ ਇਨ੍ਹਾਂ ਚੀਜ਼ਾਂ ਤੋਂ ਬਣਾਓ ਦੂਰੀ


ਫੈਟੀ ਲਿਵਰ ਦੀ ਸਮੱਸਿਆ 'ਚ ਲਿਵਰ 'ਚ ਜ਼ਿਆਦਾ ਚਰਬੀ ਜਮ੍ਹਾ ਹੋਣ ਲੱਗਦੀ ਹੈ, ਜੋ ਪਾਚਨ ਤੰਤਰ ਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕਰਦੀ ਹੈ। ਇਸ ਦੇ ਨਾਲ ਕਈ ਹੋਰ ਸਮੱਸਿਆਵਾਂ ਵੀ ਤੁਹਾਨੂੰ ਪਰੇਸ਼ਾਨ ਕਰ ਸਕਦੀਆਂ ਹਨ। ਜਿਗਰ ਦਾ ਮੁੱਖ ਕੰਮ ਭੋਜਨ ਨੂੰ ਹਜ਼ਮ ਕਰਨਾ ਅਤੇ ਖ਼ੂਨ ਨੂੰ ਸਾਫ਼ ਕਰਨਾ ਹੈ। ਇਸ ਅੰਗ ਦੀ ਸਭ ਤੋਂ ਖਾਸ ਗੱਲ ਇਹ ਹੈ ਕਿ ਇਹ ਨੁਕਸਾਨ ਨੂੰ ਖੁਦ ਠੀਕ ਕਰਦਾ ਹੈ, ਜਿਸ ਨੂੰ ਜੇਕਰ ਫੈਟੀ ਲਿਵਰ ਦੇ ਮਰੀਜ਼ ਆਪਣੀ ਖੁਰਾਕ ਵੱਲ ਧਿਆਨ ਦੇਣ ਤਾਂ ਉਹ ਇਸ ਸਮੱਸਿਆ ਤੋਂ ਜਲਦੀ ਠੀਕ ਹੋ ਸਕਦੇ ਹਨ। ਇਸ ਲਈ ਉਨ੍ਹਾਂ ਨੂੰ ਕਿਹੜੀਆਂ ਖਾਣ ਵਾਲੀਆਂ ਚੀਜ਼ਾਂ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਨਾ ਚਾਹੀਦਾ ਹੈ, ਆਓ ਜਾਣਦੇ ਹਾਂ ਇਸ ਬਾਰੇ।

**ਸ਼ਰਾਬ ਨਾ ਪੀਓ**

ਚਰਬੀ ਵਾਲੇ ਲਿਵਰ ਵਾਲੇ ਮਰੀਜ਼ਾਂ ਨੂੰ ਸ਼ਰਾਬ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਨਾ ਚਾਹੀਦਾ ਹੈ। ਹਾਲਾਂਕਿ ਸ਼ਰਾਬ ਸਿਹਤ ਲਈ ਹਾਨੀਕਾਰਕ ਹੈ ਪਰ ਇਹ ਫੈਟੀ ਲਿਵਰ ਵਿੱਚ ਜ਼ਿਆਦਾ ਨੁਕਸਾਨਦਾਇਕ ਹੈ। ਇਸ ਲਈ ਪਾਰਟੀਆਂ, ਕਦੇ-ਕਦਾਈਂ ਜਾਂ ਕਿਸੇ ਵੀ ਬਹਾਨੇ ਤੁਸੀਂ ਸ਼ਰਾਬ ਪੀਂਦੇ ਹੋ, ਤੁਰੰਤ ਬੰਦ ਕਰ ਦਿਓ।

**ਬਹੁਤ ਜ਼ਿਆਦਾ ਨਮਕ ਨਾ ਖਾਓ**

ਜੇਕਰ ਤੁਸੀਂ ਛੋਟੀ-ਛੋਟੀ ਭੁੱਖ ਨੂੰ ਪੂਰਾ ਕਰਨ ਲਈ ਚਿਪਸ, ਸਮੋਸੇ ਜਾਂ ਕਚੋਰੀ ਖਾਂਦੇ ਹੋ ਤਾਂ ਇਨ੍ਹਾਂ ਨੂੰ ਤੁਰੰਤ ਬੰਦ ਕਰ ਦਿਓ ਕਿਉਂਕਿ ਇਨ੍ਹਾਂ 'ਚ ਕੈਲੋਰੀ ਦੇ ਨਾਲ-ਨਾਲ ਨਮਕ ਵੀ ਹੁੰਦਾ ਹੈ, ਜੋ ਭਾਰ ਵਧਾਉਣ ਦਾ ਕੰਮ ਕਰਦਾ ਹੈ। ਜੋ ਕਿ ਫੈਟੀ ਲਿਵਰ ਦੇ ਮਰੀਜ਼ਾਂ ਲਈ ਬਿਲਕੁਲ ਵੀ ਠੀਕ



ਨਹੀਂ ਹੈ। ਤੁਸੀਂ ਨਿੰਬੂ, ਵੱਖ-ਵੱਖ ਕਿਸਮਾਂ ਦੀਆਂ ਜੜ੍ਹੀਆਂ ਬੂਟੀਆਂ ਨਾਲ ਲੂਣ ਦੀ ਕਮੀ ਨੂੰ ਪੂਰਾ ਕਰ ਸਕਦੇ ਹੋ।

**ਤਲੇ ਹੋਏ ਭੋਜਨ ਦੀਆਂ ਚੀਜ਼ਾਂ**

ਨਮਕ ਵਾਂਗ ਤਲੀਆਂ ਚੀਜ਼ਾਂ ਵੀ ਫੈਟੀ ਲਿਵਰ ਦੇ ਮਰੀਜ਼ਾਂ ਲਈ ਜ਼ਹਿਰ ਵਾਂਗ ਹਨ। ਇਨ੍ਹਾਂ 'ਚ ਕਾਫੀ ਮਾਤਰਾ 'ਚ ਕੈਲੋਰੀ ਵੀ ਹੁੰਦੀ ਹੈ, ਜੋ ਤੁਹਾਨੂੰ ਸਿਹਤਮੰਦ ਬਣਾਉਣ 'ਚ ਨਹੀਂ ਸਗੋਂ ਭਾਰ ਵਧਾਉਣ 'ਚ ਕੰਮ ਕਰਦੀ ਹੈ।

**ਮਿੱਠੇ ਭੋਜਨ ਦੀਆਂ ਵਸਤੂਆਂ**

ਫੈਟੀ ਲਿਵਰ ਦੇ ਮਰੀਜ਼ਾਂ ਨੂੰ ਹਰ ਉਸ ਚੀਜ਼ ਤੋਂ ਦੂਰ ਰਹਿਣਾ ਚਾਹੀਦਾ ਹੈ ਜੋ ਮੋਟਾਪੇ ਨੂੰ ਵਧਾਉਣ ਵਿੱਚ ਯੋਗਦਾਨ ਪਾਉਂਦੀ ਹੈ, ਜਿਸ ਵਿੱਚੋਂ ਇੱਕ ਸ਼ੂਗਰ ਹੈ। ਮਠਿਆਈਆਂ, ਆਈਸਕ੍ਰੀਮ, ਪੇਸਟਰੀ, ਕੇਕ, ਇਹ ਸਾਰੀਆਂ ਵਸਤੂਆਂ ਖਾਣ ਵਿਚ ਬਹੁਤ ਵਧੀਆ ਹਨ, ਪਰ ਸਿਹਤ ਨੂੰ ਕਿਸੇ ਵੀ ਤਰ੍ਹਾਂ ਨਾਲ ਲਾਭ ਨਹੀਂ ਪਹੁੰਚਾਉਂਦੀਆਂ, ਫਿਰ ਇਨ੍ਹਾਂ ਨੂੰ ਖੁਰਾਕ ਤੋਂ ਪੂਰੀ ਤਰ੍ਹਾਂ ਬਾਹਰ ਕਰ ਦਿਓ। ਇਸ ਤੋਂ ਇਲਾਵਾ ਬਹੁਤ ਜ਼ਿਆਦਾ ਖੰਡ ਦਾ ਸੇਵਨ ਕਰਨ ਨਾਲ ਖ਼ੂਨ ਵਿੱਚ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ। ਇਸ ਕਾਰਨ ਲਿਵਰ 'ਚ ਚਰਬੀ ਜਮ੍ਹਾ ਹੋਣ ਲੱਗਦੀ ਹੈ।

**ਰਿਫਾਇੰਡ ਅਨਾਜ ਤੋਂ ਦੂਰੀ**

ਰਿਫਾਇੰਡ ਅਨਾਜ ਤਿਆਰ ਕਰਨ ਲਈ, ਇਹ ਕਈ ਪ੍ਰਕਿਰਿਆਵਾਂ ਵਿੱਚੋਂ ਲੰਘਦਾ ਹੈ, ਜਿਸ ਕਾਰਨ ਇਸ ਦੇ ਸਾਰੇ ਪੋਸ਼ਣ ਨਸ਼ਟ ਹੋ ਜਾਂਦੇ ਹਨ, ਖਾਸ ਕਰਕੇ ਫਾਈਬਰ ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਵਧਾਉਣ ਦਾ ਕੰਮ ਕਰਦੇ ਹਨ। ਇਸ ਲਈ ਇਸ ਦੇ ਲਈ ਸਫੇਦ ਚੌਲ, ਬਰੈਂਡ, ਪਾਸਤਾ ਨਾ ਖਾਓ। ਇਸ ਦੀ ਬਜਾਏ ਸਾਬਤ ਅਨਾਜ ਨੂੰ ਤਰਜੀਹ ਦਿਓ।

# ਸ਼ੂਗਰ ਦੇ ਮਰੀਜ਼ਾਂ ਲਈ ਗੁੜ ਖਾਣਾ ਸੁਰੱਖਿਅਤ ਹੈ?

ਡਾਇਬੀਟੀਜ਼ ਇਕ ਅਜਿਹੀ ਸਥਿਤੀ ਹੈ ਜਿਸ ਵਿੱਚ ਤੁਹਾਡੇ ਬਲੱਡ ਸ਼ੂਗਰ ਦਾ ਪੱਧਰ ਵਧਣਾ ਸ਼ੁਰੂ ਹੋ ਜਾਂਦਾ ਹੈ। ਸ਼ੂਗਰ ਦੀਆਂ ਦੋ ਕਿਸਮਾਂ ਹਨ, ਟਾਈਪ-1 ਅਤੇ ਟਾਈਪ-2। ਸਾਦੇ ਸ਼ਬਦਾਂ ਵਿਚ, ਟਾਈਪ 1 ਡਾਇਬਟੀਜ਼ ਉਦੋਂ ਹੁੰਦੀ ਹੈ ਜਦੋਂ ਸਾਡੀ ਇਮਿਊਨ ਸਿਸਟਮ ਇਨਸੁਲਿਨ ਪੈਦਾ ਕਰਨ ਵਾਲੇ ਸੈੱਲਾਂ ਨੂੰ ਮਾਰ ਦਿੰਦੀ ਹੈ। ਜਦੋਂ ਕਿ, ਟਾਈਪ 2 ਡਾਇਬਟੀਜ਼ ਵਿੱਚ, ਸਰੀਰ ਪੈਨਕ੍ਰੀਅਸ ਦੁਆਰਾ ਤਿਆਰ ਇਨਸੁਲਿਨ ਦੀ ਵਰਤੋਂ ਕਰਨ ਵਿੱਚ ਅਸਮਰੱਥ ਹੁੰਦਾ ਹੈ।

ਟਾਈਪ-2 ਡਾਇਬਟੀਜ਼ ਦੇ ਕੇਸ ਟਾਈਪ-1 ਨਾਲੋਂ ਜ਼ਿਆਦਾ ਦੇਖੇ ਜਾਂਦੇ ਹਨ। ਜੇਕਰ ਇਸ ਦਾ ਸਹੀ ਢੰਗ ਨਾਲ ਪ੍ਰਬੰਧਨ ਨਾ ਕੀਤਾ ਜਾਵੇ ਤਾਂ ਸ਼ੂਗਰ ਨਾਲ ਗੁਰਦੇ, ਦਿਲ ਅਤੇ ਮਹੱਤਵਪੂਰਨ ਅੰਗਾਂ ਨਾਲ ਸਬੰਧਤ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ। ਇਹੀ ਕਾਰਨ ਹੈ ਕਿ ਸ਼ੂਗਰ ਦੇ ਮਰੀਜ਼ਾਂ ਨੂੰ ਆਪਣੀ ਖੁਰਾਕ ਦਾ ਖਾਸ ਧਿਆਨ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ। ਖਾਸ ਤੌਰ 'ਤੇ ਮਿਠਾਈਆਂ, ਸੋਡਾ ਅਤੇ ਮਿੱਠੇ ਖਾਣ ਵਾਲੀਆਂ ਚੀਜ਼ਾਂ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ ਪਰ ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ ਕਿ ਕੁਦਰਤੀ ਮਿਠਾਈਆਂ ਸਿਹਤ ਨੂੰ ਨੁਕਸਾਨ ਨਹੀਂ ਪਹੁੰਚਾ ਸਕਦੀਆਂ ਤੇ ਇਹਨਾਂ ਦਾ ਸੇਵਨ ਸ਼ੂਗਰ ਰੋਗੀਆਂ ਵਿੱਚ ਵੀ ਸਹੀ ਹੈ।



**ਕੁਦਰਤੀ ਮਿੱਠੇ ਅਤੇ ਸ਼ੂਗਰ**

ਬਹੁਤ ਸਾਰੇ ਲੋਕਾਂ ਨੇ ਸਿਹਤਮੰਦ ਰਹਿਣ ਲਈ ਕੁਦਰਤੀ ਮਿੱਠੇ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ, ਚਾਹੇ ਉਨ੍ਹਾਂ ਨੂੰ ਸ਼ੂਗਰ ਹੈ ਜਾਂ ਨਹੀਂ। ਸ਼ਹਿਦ ਤੇ ਗੁੜ ਕੁਦਰਤੀ ਮਿਠਾਸ ਹਨ। ਇਨ੍ਹਾਂ ਦੋਵਾਂ ਨੂੰ ਚੀਨੀ ਦੀ ਥਾਂ 'ਤੇ ਵਰਤਿਆ ਜਾ ਸਕਦਾ ਹੈ। ਇਹ ਖੰਡ ਦੀ ਤਰ੍ਹਾਂ ਪ੍ਰੋਸੈਸ ਨਹੀਂ ਕੀਤੇ ਜਾਂਦੇ ਹਨ, ਇਸ ਲਈ ਇਹਨਾਂ ਵਿੱਚ ਬਹੁਤ ਘੱਟ ਰਸਾਇਣ ਅਤੇ ਪ੍ਰਜ਼ਰਵੇਟਿਵ ਹੁੰਦੇ ਹਨ। ਗੁੜ ਤੇ ਸ਼ਹਿਦ ਨੂੰ ਚਿੱਟੇ ਅਤੇ ਭੂਰੇ ਸ਼ੂਗਰ ਨਾਲੋਂ ਕਿਤੇ ਜ਼ਿਆਦਾ ਸਿਹਤਮੰਦ ਮੰਨਿਆ ਜਾਂਦਾ ਹੈ।

**ਕੀ ਕੁਦਰਤੀ ਮਿਠਾਈਆਂ ਸ਼ੂਗਰ ਰੋਗੀਆਂ ਲਈ ਸੁਰੱਖਿਅਤ ਹਨ?**

ਸ਼ੂਗਰ ਦੇ ਮਰੀਜ਼ਾਂ ਨੂੰ ਮਠਿਆਈਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ, ਤਾਂ ਜੋ ਉਨ੍ਹਾਂ ਦੇ ਬਲੱਡ ਸ਼ੂਗਰ ਦਾ ਪੱਧਰ ਨਾ ਵਧੇ। ਇਹ ਇਸ ਲਈ ਹੈ ਕਿਉਂਕਿ ਅਸੀਂ ਜੋ ਭੋਜਨ ਖਾਂਦੇ ਹਾਂ ਉਹ ਕੁਦਰਤੀ ਤੌਰ 'ਤੇ ਕਾਰਬੋਹਾਈਡਰੇਟ ਅਤੇ ਸ਼ੂਗਰ ਨਾਲ ਭਰਪੂਰ ਹੁੰਦਾ ਹੈ, ਜੋ ਸਾਡੇ ਬਲੱਡ ਸ਼ੂਗਰ ਦੇ ਪੱਧਰ ਨੂੰ ਬਣਾਈ ਰੱਖਣ ਲਈ ਕਾਫੀ ਹੁੰਦਾ ਹੈ।

**ਸ਼ੂਗਰ ਵਿੱਚ ਗੁੜ**

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁੜ ਚੀਨੀ ਨਾਲੋਂ ਬਹੁਤ ਜ਼ਿਆਦਾ ਫਾਇਦੇਮੰਦ ਹੁੰਦਾ ਹੈ ਪਰ ਸ਼ੂਗਰ ਦੇ ਮਰੀਜ਼ਾਂ ਲਈ ਦੋਵੇਂ ਬਰਾਬਰ ਹਨ। ਜੇਕਰ ਸ਼ੂਗਰ ਦੇ ਮਰੀਜ਼ ਗੁੜ ਦਾ ਸੇਵਨ ਕਰਦੇ ਹਨ ਤਾਂ ਉਨ੍ਹਾਂ ਨੂੰ ਬਹੁਤ ਘੱਟ ਮਾਤਰਾ 'ਚ ਖਾਣਾ ਚਾਹੀਦਾ ਹੈ। ਗੁੜ 'ਚ ਸ਼ੂਗਰ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਜਿਸ ਕਾਰਨ ਬਲੱਡ ਸ਼ੂਗਰ ਦਾ ਪੱਧਰ ਵਧਦਾ ਹੈ।ਗੁੜ ਵਿੱਚ ਇਕ ਬਹੁਤ ਜ਼ਿਆਦਾ ਗਲਾਈਸੈਮਿਕ ਇੰਡੈਕਸ ਵੀ ਹੁੰਦਾ ਹੈ, ਜੋ ਕਿ 84।4 ਹੁੰਦਾ ਹੈ, ਜਿਸ ਕਾਰਨ ਇਹ ਸ਼ੂਗਰ ਵਾਲੇ ਲੋਕਾਂ ਲਈ ਠੀਕ ਨਹੀਂ ਹੁੰਦਾ।

**ਇਸ ਲਈ ਕੀ ਕੀਤਾ ਜਾਣਾ ਚਾਹੀਦਾ ਹੈ?**

ਨਕਲੀ ਮਿੱਠੇ ਦੀ ਬਜਾਏ ਕੁਦਰਤੀ ਮਿਠਾਈਆਂ ਦੀ ਚੋਣ ਕਰਨਾ ਬਿਲਕੁਲ ਬਿਹਤਰ ਹੈ, ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਜਿੰਨਾ ਚਾਹੋ ਖਾ ਸਕਦੇ ਹੋ। ਹਮੇਸ਼ਾ ਯਾਦ ਰੱਖੋ ਕਿ ਹਰ ਚੀਜ਼ ਦੀ ਸੀਮਤ ਮਾਤਰਾ ਚੰਗੀ ਹੁੰਦੀ ਹੈ, ਭਾਵੇਂ ਤੁਸੀਂ ਸ਼ੂਗਰ ਦੇ ਮਰੀਜ਼ ਹੋ ਜਾਂ ਨਹੀਂ। ਜੇਕਰ ਤੁਹਾਨੂੰ ਸ਼ੂਗਰ ਦੀ ਬੀਮਾਰੀ ਨਹੀਂ ਹੈ ਤਾਂ ਜ਼ਿਆਦਾ ਖੰਡ ਖਾਣ ਨਾਲ ਤੁਹਾਡਾ ਭਾਰ ਵਧ ਸਕਦਾ ਹੈ, ਤੁਸੀਂ ਮੋਟਾਪੇ ਅਤੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਸਕਦੇ ਹੋ।

**4 ਮਸਾਲੇ ਕਰਦੇ ਨੇ ਬਲੱਡ ਸ਼ੂਗਰ ਲੈਵਲ ਨੂੰ ਕੰਟਰੋਲ**

ਜਦੋਂ ਕੋਈ ਵਿਅਕਤੀ ਸ਼ੂਗਰ ਨਾਲ ਜੂਝ ਰਿਹਾ ਹੁੰਦਾ ਹੈ, ਤਾਂ ਉਸ ਲਈ ਸਰੀਰ ਵਿੱਚ ਬਲੱਡ ਸ਼ੂਗਰ ਦੇ ਪੱਧਰ ਨੂੰ ਸਿਹਤਮੰਦ ਰੱਖਣਾ ਬਹੁਤ ਮਹੱਤਵਪੂਰਨ ਹੋ ਜਾਂਦਾ ਹੈ। ਜੇਕਰ ਬਲੱਡ ਸ਼ੂਗਰ ਲੈਵਲ ਕੰਟਰੋਲ ਤੋਂ ਬਾਹਰ ਹੋ ਜਾਂਦਾ ਹੈ ਤਾਂ ਇਸ ਕਾਰਨ ਕਈ ਸਮੱਸਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਇੱਕ ਸਿਹਤਮੰਦ ਖੁਰਾਕ ਅਤੇ ਜੀਵਨਸ਼ੈਲੀ ਟਾਈਪ-2 ਡਾਇਬਟੀਜ਼ ਦੇ ਪ੍ਰਬੰਧਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਪੋਸ਼ਣ ਵਿਗਿਆਨੀ ਵੀ ਖੁਰਾਕ ਵਿੱਚ ਕੁਝ ਮਸਾਲੇ ਅਤੇ ਦਵਾਈਆਂ ਸ਼ਾਮਲ ਕਰਨ ਦੀ ਸਲਾਹ ਦਿੰਦੇ ਹਨ। ਭਾਰਤੀ ਰਸੋਈ ਕਈ ਤਰ੍ਹਾਂ ਦੀਆਂ ਦਵਾਈਆਂ ਅਤੇ ਮਸਾਲਿਆਂ ਨਾਲ ਭਰੀ ਹੋਈ ਹੈ, ਜੋ ਤੁਹਾਡੀ ਸਿਹਤ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਲਾਭ ਪਹੁੰਚਾਉਂਦੀ ਹੈ। ਤਾਂ ਆਓ ਜਾਣਦੇ ਹਾਂ ਅਜਿਹੇ ਮਸਾਲਿਆਂ ਬਾਰੇ, ਜੋ ਸ਼ੂਗਰ ਦੇ ਮਰੀਜ਼ਾਂ ਲਈ ਬਹੁਤ ਫਾਇਦੇਮੰਦ ਸਾਬਤ ਹੁੰਦੇ ਹਨ।

**ਹਲਦੀ-** ਪੋਸ਼ਣ ਵਿਗਿਆਨੀਆਂ ਦੇ ਅਨੁਸਾਰ, ਹਲਦੀ ਵਿੱਚ ਕਰਕਿਊਮਿਨ ਹੁੰਦਾ ਹੈ, ਜੋ ਇੱਕ ਮਜ਼ਬੂਤ ਐਂਟੀਆਕਸੀਡੈਂਟ ਹੈ ਅਤੇ ਸ਼ੂਗਰ ਦੀਆਂ ਪੇਚੀਦਗੀਆਂ ਦੇ ਇਲਾਜ ਵਿੱਚ ਮਦਦ ਕਰਦਾ ਹੈ। ਹਲਦੀ ਸਿਹਤ ਨੂੰ ਕਈ ਤਰੀਕਿਆਂ ਨਾਲ ਲਾਭ ਪਹੁੰਚਾਉਂਦੀ ਹੈ। ਹਲਦੀ ਵਿੱਚ ਐਂਟੀ-ਇੰਫਲੇਮੇਟਰੀ ਗੁਣ ਵੀ ਹੁੰਦੇ ਹਨ।

**ਮੇਥੀ-** ਕਾਰਬੋਹਾਈਡਰੇਟ ਦੇ ਪਾਚਨ ਅਤੇ ਸਮਾਈ ਨੂੰ ਹੌਲੀ ਕਰਕੇ ਬਲੱਡ ਸ਼ੂਗਰ ਦੇ ਪੱਧਰ ਨੂੰ ਸੁਧਾਰਦਾ ਹੈ। ਮੇਥੀ ਦੇ ਬੀਜ ਤੁਹਾਡੇ ਦਿਲ ਦੀ ਸਿਹਤ ਲਈ ਵੀ ਚੰਗੇ ਹਨ, ਕਿਉਂਕਿ ਇਹ ਕੋਲੈਸਟ੍ਰੋਲ ਦੇ ਪੱਧਰ ਨੂੰ ਕੰਟਰੋਲ ਕਰਦੇ ਹਨ ਅਤੇ ਸੋਜ ਨੂੰ ਘੱਟ ਕਰਦੇ ਹਨ।

**ਤੁਲਸੀ-** ਤੁਲਸੀ ਇਮਿਊਨਿਟੀ ਨੂੰ ਵਧਾਉਂਦੀ ਹੈ ਅਤੇ ਸਰੀਰ ਨੂੰ ਤਾਕਤ ਦਿੰਦੀ ਹੈ। ਪੋਸ਼ਣ ਵਿਗਿਆਨੀ ਇਹ ਵੀ ਜ਼ੋਰ ਦਿੰਦੇ ਹਨ ਕਿ ਤੁਲਸੀ ਬਲੱਡ ਸ਼ੂਗਰ ਦੇ ਪੱਧਰ ਨੂੰ ਘਟਾਉਣ ਵਿੱਚ ਮਦਦ ਕਰ ਸਕਦੀ ਹੈ। ਤੁਲਸੀ ਵਿੱਚ ਮੌਜੂਦ ਐਂਟੀਆਕਸੀਡੈਂਟ ਆਕ-ਸੀਡੇਟਿਵ ਤਣਾਅ ਨੂੰ ਘੱਟ ਕਰ ਸਕਦੇ ਹਨ। ਇਹ ਦਵਾਈ ਮਾਨਸਿਕ ਸਿਹਤ ਨੂੰ ਸੁਧਾਰਨ ਲਈ ਵੀ ਜਾਣੀ ਜਾਂਦੀ ਹੈ।

**ਦਾਲਚੀਨੀ-** ਦਾਲਚੀਨੀ ਵਿੱਚ ਐਂਟੀ-ਵਾਇਰਲ, ਐਂਟੀ-ਬੈਕਟੀਰੀਅਲ ਅਤੇ ਐਂਟੀ-ਫੰਗਲ ਗੁਣ ਹੁੰਦੇ ਹਨ। ਇਹ ਐਂਟੀ-ਆਕਸੀਡੈਂਟਸ ਅਤੇ ਐਂਟੀ-ਇੰਫਲੇਮੇਟਰੀ ਗੁਣਾਂ ਨਾਲ ਵੀ ਭਰਪੂਰ ਹੁੰਦਾ ਹੈ। ਖੋਜ ਦੇ ਅਨੁਸਾਰ, ਦਾਲਚੀਨੀ ਟਾਈਪ-2 ਡਾਇਬਟੀਜ਼ ਦੇ ਜੋਖਮ ਨੂੰ ਘੱਟ ਕਰਨ ਲਈ ਜਾਣੀ ਜਾਂਦੀ ਹੈ।

# ਕੈਂਸਰ ਤੋਂ ਬਚਣਾ ਹੈ ਤਾਂ ਵਧਾਓ ਸਰੀਰ 'ਚ ਵਿਟਾਮਿਨ-ਡੀ ਦਾ ਪੱਧਰ

ਜਿਨ੍ਹਾਂ ਲੋਕਾਂ ਦੇ ਸਰੀਰ ਵਿਚ ਵਿਟਾਮਿਨ-ਡੀ ਦਾ ਪੱਧਰ ਚੰਗਾ ਹੁੰਦਾ ਹੈ, ਉਨ੍ਹਾਂ ਵਿਚ ਕੈਂਸਰ ਦੇ ਵਿਰੁੱਧ ਚੰਗੀ ਪ੍ਰਤੀਰੋਧਕ ਸ਼ਕਤੀ ਹੁੰਦੀ ਹੈ। ਇਹ ਜਾਣਕਾਰੀ ਕਿੰਗ ਜਾਰਜ ਮੈਡੀਕਲ ਯੂਨੀਵਰਸਿਟੀ (ਕੇਜੀਐਮਯੂ) ਦੇ ਕਲੀਨਿਕਲ ਹੇਮਾਟੋਲੋਜੀ ਵਿਭਾਗ ਵਿੱਚ ਕੀਤੀ ਖੋਜ ਵਿੱਚ ਡਾਕਟਰਾਂ ਨੂੰ ਮਿਲੀ ਹੈ। ਖਾਸ ਗੱਲ ਇਹ ਹੈ ਕਿ ਇਹ ਖੋਜ ਇਸ ਸਾਲ ਮਈ ਵਿੱਚ ਇੰਟਰਨੈਸ਼ਨਲ ਜਨਰਲ ਨਿਊਟ੍ਰੀਸ਼ਨ ਐਂਡ ਕੈਂਸਰ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਕੇਜੀਐਮਯੂ ਦੇ ਕਲੀਨਿਕਲ ਹੇਮਾਟੋਲੋਜੀ ਵਿਭਾਗ ਵਿੱਚ ਬਲੱਡ ਕੈਂਸਰ ਦੇ ਮਰੀਜ਼ਾਂ ਵਿੱਚ ਵਿਟਾਮਿਨ ਡੀ ਉੱਤੇ ਕੀਤੀ ਗਈ ਖੋਜ ਵਿੱਚ ਅਹਿਮ ਤੱਥ ਸਾਹਮਣੇ ਆਏ ਹਨ। ਇਸ ਵਿਚ ਦੱਸਿਆ ਗਿਆ ਹੈ ਕਿ ਵਿਟਾਮਿਨ ਡੀ ਸਾਡੀ ਸਿਹਤ ਲਈ ਬਹੁਤ ਮਹੱਤਵ ਰੱਖਦਾ ਹੈ। ਇਹ ਵੱਖ-ਵੱਖ ਕਿਸਮਾਂ ਦੇ ਕੈਂਸਰ ਦੇ ਵਿਰੁੱਧ ਪ੍ਰਤੀਰੋਧਕ ਸ਼ਕਤੀ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਵੀ ਕਿਹਾ ਗਿਆ ਹੈ ਕਿ ਇਹ ਸੰਭਵ ਹੈ ਕਿ ਸਰੀਰ ਵਿੱਚ ਵਿਟਾਮਿਨ ਡੀ ਦੀ ਕਮੀ ਕੈਂਸਰ ਦੇ ਇਲਾਜ ਦੀ ਸਫਲਤਾ 'ਤੇ ਅਸਰ ਪਾਉਂਦੀ ਹੈ।

ਹੇਮਾਟੋਲੋਜੀ ਵਿਭਾਗ ਦੇ ਮੁਖੀ ਡਾ।ਏ।ਕੇ।ਤ੍ਰਿਪਾਠੀ ਨੇ ਦੱਸਿਆ ਕਿ ਟੀਮ ਵਿੱਚ ਐਸਪੀ ਵਰਮਾ ਅਤੇ ਰਿਸਰਚ ਵਿਦਿਆਰਥਣ ਸ਼ਵੇਤਾ ਵੱਲੋਂ 73 ਮਰੀਜ਼ਾਂ ਦੀ ਤੀਬਰ ਲਿਊਕੇਮੀਆ (ਕੈਂਸਰ ਦੀ ਇੱਕ ਕਿਸਮ) ਸਬੰਧੀ ਖੋਜ ਕੀਤੀ ਗਈ। ਇਸ ਦੌਰਾਨ ਦੇਖਿਆ ਗਿਆ ਕਿ ਜਿਨ੍ਹਾਂ ਮਰੀਜ਼ਾਂ ਵਿਚ ਵਿਟਾਮਿਨ ਡੀ ਦਾ ਪੱਧਰ ਸਾਧਾਰਨ ਸੀ, ਉਨ੍ਹਾਂ ਵਿਚ ਕੀਮੋਥੈਰੇਪੀ ਦਾ ਅਸਰ ਵਿਟਾਮਿਨ ਡੀ ਦੀ ਕਮੀ ਵਾਲੇ ਮਰੀਜ਼ਾਂ ਨਾਲੋਂ ਬਿਹਤਰ ਸੀ। ਇਹ ਵੀ ਦੇਖਿਆ ਗਿਆ ਸੀ ਕਿ ਘੱਟ ਵਿਟਾਮਿਨ ਡੀ ਵਾਲੇ ਮਰੀਜ਼ਾਂ ਦੀ ਬਿਮਾਰੀ ਜਾਂ ਕੀਮੋਥੈਰੇਪੀ ਦੇ ਮਾੜੇ ਪ੍ਰਭਾਵਾਂ ਕਾਰਨ ਮੌਤ ਦਰ ਵੱਧ ਸੀ।

**ਖੋਜ ਜਾਰੀ ਰਹੇਗੀ**

ਡਾ ਏ ਕੇ ਤ੍ਰਿਪਾਠੀ ਨੇ ਦੱਸਿਆ ਕਿ ਹੁਣ ਦੇਖਣਾ ਇਹ ਹੈ ਕਿ ਬਲੱਡ ਕੈਂਸਰ ਦੀ ਦਵਾਈ ਦੇ ਨਾਲ-ਨਾਲ ਵਿਟਾਮਿਨ ਡੀ ਦੇਣ ਨਾਲ ਕੈਂਸਰ ਦੇ ਇਲਾਜ ਵਿੱਚ ਸਫਲਤਾ ਮਿਲਦੀ ਹੈ ਜਾਂ ਨਹੀਂ? ਇਸ ਤੋਂ ਇਲਾਵਾ ਸਰੀਰ 'ਚ ਵਿਟਾਮਿਨ ਡੀ ਦੀ ਕਮੀ ਦੇ ਲੱਛਣ




ਆਮ ਤੌਰ 'ਤੇ ਨਜ਼ਰ ਨਹੀਂ ਆਉਂਦੇ। ਡਾਕਟਰ ਦੀ ਸਲਾਹ 'ਤੇ ਵਿਟਾਮਿਨ ਡੀ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਕਮੀ ਹੋਣ ਦੀ ਸੂਰਤ ਵਿੱਚ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

# MISSION PEAK BROCKERS, INC

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

**Acquisition and Financing of Commercial Real Estate.**






# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com

## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB REALTOR

